ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 20 | Issue 114| 13 to 19 March, 2024 | Ph.: (510) 240-5949 | Email: asrtimes@gmail.com




## ਸੁਪਨਿਆਂ ਦੀ ਉਡਾਣ ਭਰਨ ਗਏ ਪੰਜਾਬੀ ਵਿਦਿਆਰਥੀਆਂ ਲਈ

# ਮਿੱਠੀ ਜੇਲ੍ਹ ਹੈ ਕੈਨੇਡਾ

## ਵਿਦੇਸ਼ ਦੀਆਂ ਤਲਖ਼ ਹਕੀਕਤਾਂ ਤੋਂ ਅਣਜਾਣ ਮਾਪੇ

**ਬਲਰਾਜ ਪੰਨੂੰ**

### ਵਿਦੇਸ਼ੀ ਮਾਇਆ ਜਾਲ ’ਚ ਫ਼ਸਦੀ ਜਾ ਰਹੀ ਹੈ ਪੰਜਾਬ ਦੀ ਨੌਜਵਾਨ ਪੀੜ੍ਹੀ



ਕੈਨੇਡਾ ਨੂੰ ਭਾਰਤੀ ਵਿਦਿਆਰਥੀਆਂ ਦੀ ‘ਸੁਪਨ ਨਗਰੀ’ ਕਿਹਾ ਜਾਂਦਾ ਹੈ, ਇਹੀ ਕਾਰਨ ਹੈ ਕਿ ਹਰ ਦਿਨ ਭਾਰਤੀ ਵਿਦਿਆਰਥੀਆਂ ਦੇ ਜਹਾਜ਼ ਭਰ ਕੇ ਕੈਨੇਡਾ ਜਾਂਦੇ ਹਨ। ਕੈਨੇਡਾ ਜਾਣ ਵਾਲੇ ਇਹਨਾਂ ਵਿਦਿਆਰਥੀਆਂ ਦੀਆਂ ਅੱਖਾਂ ਵਿੱਚ ਅਨੇਕਾਂ ਸੁਪਨੇ ਹੁੰਦੇ ਹਨ ਪਰ ਜਦੋਂ ਕੈਨੇਡਾ ਜਾ ਕੇ ਉਨ੍ਹਾਂ ਦੇ ਸੁਪਨਿਆਂ ਤੋਂ ਉਲਟ ਉਥੋਂ ਦੀ ਅਸਲੀਅਤ ਸਾਹਮਣੇ ਆਉਂਦੀ ਹੈ ਤਾਂ ਇਹਨਾਂ ਵਿਦਿਆਰਥੀਆਂ ਦੇ ਸਾਰੇ ਸੁਪਨੇ ਚਕਨਾਚੂਰ ਹੋ ਜਾਂਦੇ ਹਨ।

ਭਾਰਤ ਵਿੱਚ ਜਿਹੜੇ ਵਿਦਿਆਰਥੀਆਂ ਨੇ ਆਪਣੇ ਹੱਥ ਨਾਲ ਪਾਣੀ ਦਾ ਗਿਲਾਸ ਵੀ ਨਹੀਂ ਚੁੱਕਿਆ ਹੁੰਦਾ, ਉਹਨਾਂ ਵਿਦਿਆਰਥੀਆਂ ਨੂੰ ਵੀ ਕੈਨੇਡਾ ਵਿੱਚ ਜਾ ਕੇ ਸ਼ਿਫ਼ਟਾਂ ਵਿੱਚ ਕੰਮ ਕਰਨਾ ਪੈਂਦਾ ਹੈ ਅਤੇ ਬੇਸਮੈਂਟਾਂ ਵਿੱਚ ਰਹਿਣ ਲਈ ਮਜਬੂਰ ਹੋਣਾ ਪੈਂਦਾ ਹੈ। ਫਿਰ ਅਜਿਹੇ ਵਿਦਿਆਰਥੀ ਉਸ ਸਮੇਂ ਨੂੰ ਪਛਤਾਉਂਦੇ ਹਨ, ਜਦੋਂ ਉਹ ਦਿੱਲੀ ਦੇ ਏਅਰਪੋਰਟ ਦੀਆਂ ਰੰਗ ਬਿਰੰਗੀਆਂ ਰੌਸ਼ਨੀਆਂ ਵਿੱਚ ਅੱਖਾਂ ਵਿੱਚ ਅਨੇਕਾਂ ਗੁਲਾਬੀ ਸੁਪਨੇ ਲੈ ਕੇ ਕੈਨੇਡਾ ਲਈ ਜਹਾਜ਼ ਚੜ੍ਹੇ ਸਨ।

ਅੰਕੜੇ ਕਹਿੰਦੇ ਹਨ ਕਿ ਕੈਨੇਡਾ ਵਿੱਚ ਸਾਲ 2023 ਦੌਰਾਨ 1,040,985 ਕੌਮਾਂਤਰੀ ਵਿਦਿਆਰਥੀ ਸਟੱਡੀ ਵੀਜ਼ਾ ਉੱਤੇ ਰਹਿ ਰਹੇ ਸਨ। ਜੋ ਕਿ 2022 ਨਾਲੋਂ 29 ਫ਼ੀਸਦੀ ਵੱਧ ਸਨ। ਸਾਲ 2023 ਦੌਰਾਨ ਕੈਨੇਡਾ ਵਿੱਚ ਸਟੱਡੀ ਵੀਜ਼ੇ ’ਤੇ 487,085 ਭਾਰਤੀ ਵਿਦਿਆਰਥੀ ਸਨ, ਜੋ ਕਿ ਸਾਲ 2022 ਨਾਲੋਂ 33.8 ਵੱਧ ਸਨ। ਸੰਸਾਰ ਭਰ ਵਿਚਲੇ ਕੌਮਾਂਤਰੀ ਵਿਦਿਆਰਥੀਆਂ ਵਿੱਚੋਂ ਹਰ 10 ਵਿੱਚੋਂ 4 ਵਿਦਿਆਰਥੀ ਭਾਰਤੀ ਹਨ।

ਕੈਨੇਡਾ ਵਿੱਚ ਰਹਿ ਰਹੇ ਵਿਦਿਆਰਥੀ ਦੱਸਦੇ ਹਨ ਕਿ ਕੈਨੇਡਾ ਵਿੱਚ ਵਿਦਿਆਰਥੀ ਜੀਵਨ ਬਹੁਤ ਸੰਘਰਸ਼ਮਈ ਹੈ। ਮਾਨਸਿਕ ਤਣਾਅ, ਪਰਿਵਾਰ ਤੋਂ ਦੂਰ ਰਹਿਣ ਦਾ ਤਜਰਬਾ, ਕੰਮ ਨਾ ਮਿਲਣ ਦਾ ਦਬਾਅ, ਵਿਦਿਆਰਥੀ ਜੀਵਨ ਦੇ ਸੰਘਰਸ਼ ਦਾ ਹਿੱਸਾ ਬਣੇ ਹੋਏ ਹਨ। ਭਾਰਤ ਦੇ ਵਿਦਿਆਰਥੀਆਂ ਵਿਚੋਂ ਸਭ ਤੋਂ ਜਿਆਦਾ ਗਿਣਤੀ ਪੰਜਾਬ ਅਤੇ ਗੁਜਰਾਤ ਦੇ ਵਿਦਿਆਰਥੀਆਂ ਦੀ ਹੈ। ਕੈਨੇਡਾ ਸਰਕਾਰ ਦੇ ਅਧਿਕਾਰਤ ਅੰਕੜਿਆਂ ਮੁਤਾਬਕ 2022 ਦੇ ਮੁਕਾਬਲੇ 2023 ਵਿੱਚ ਐਕਟਿਵ ਸਟੂਡੈਂਟ ਵੀਜ਼ਾ ਦੀ ਗਿਣਤੀ ਤਕਰੀਬਨ 29 ਫ਼ੀਸਦੀ ਵਧ ਕੇ ਕਰੀਬ 10 ਲੱਖ 40 ਹਜ਼ਾਰ ਹੋ ਗਈ।ਇਨ੍ਹਾਂ ਵਿਚੋਂ ਕਰੀਬ ਚਾਰ ਲੱਖ 87 ਹਜ਼ਾਰ ਭਾਰਤੀ ਵਿਦਿਆਰਥੀ ਸਨ।ਇਸ ਤੋਂ ਇਲਾਵਾ ਭਾਰਤੀ ਖਾਸ ਕਰਕੇ ਪੰਜਾਬੀ ਵਿਦਿਆਰਥੀਆਂ ਵਿੱਚ ਇੱਕ ਦੂਜੇ ਦੀ ਦੇਖਾ-ਦੇਖੀ ਵੀ ਕੈਨੇਡਾ ਜਾਣ ਦਾ ਰੁਝਾਨ ਵਧਦਾ ਜਾ ਰਿਹਾ ਹੈ। ਕਈ ਵਿਦਿਆਰਥੀ ਅਜਿਹੇ ਹਨ ਜਿਨ੍ਹਾਂ ਦੇ ਮਾਪੇ ਉਹਨਾਂ ਨੂੰ ਕੈਨੇਡਾ ਜਾਣ ਦੀ ਥਾਂ ਭਾਰਤ ਵਿੱਚ ਰਹਿ ਕੇ ਹੀ ਉਚੇਰੀ ਪੜ੍ਹਾਈ ਕਰਨ ਲਈ ਕਹਿੰਦੇ ਹਨ ਪਰ ਵਿਦਿਆਰਥੀਆਂ ਵਿੱਚ ਕੈਨੇਡਾ ਜਾਣ ਦੀ ਧੁਨ ਛਾਈ ਹੋਣ ਕਰਕੇ ਮਾਪਿਆਂ ਨੂੰ ਨਾ ਚਾਹੁੰਦਿਆਂ ਵੀ ਆਪਣੇ ਧੀਆਂ ਪੁੱਤਰਾਂ ਨੂੰ ਉਚੇਰੀ ਪੜ੍ਹਾਈ ਲਈ ਕੈਨੇਡਾ ਭੇਜਣਾ ਪੈਂਦਾ ਹੈ।

ਇਸ ਸਮੇਂ ਪੂਰੀ ਦੁਨੀਆਂ ਕਿਸੇ ਨਾ ਕਿਸੇ ਰੂਪ ਵਿੱਚ ਆਰਥਿਕ ਤੰਗੀ ਦੇ ਨਾਲ ਜੂਝ ਰਹੀ ਹੈ ਤੇ ਸੁਭਾਵਿਕ ਹੈ ਕਿ ਇਸਦਾ ਪ੍ਰਭਾਵ ਕੈਨੇਡਾ ਵਿੱਚ ਹੋ ਰਿਹਾ ਹੈ। ਆਰਥਿਕ ਮਾਹਿਰ ਕਹਿੰਦੇ ਹਨ ਕਿ ਕੈਨੇਡਾ ਵਿੱਚ ਜੇ ਕਮਾਈ ਡਾਲਰਾਂ ਵਿੱਚ ਹੁੰਦੀ ਹੈ ਤਾਂ ਖ਼ਰਚੇ ਵੀ ਤਾਂ ਡਾਲਰਾਂ ਵਿੱਚ ਹੀ ਹੁੰਦੇ ਹਨ। ਕੈਨੇਡਾ ਵਿੱਚ ਮਹਿੰਗਾਈ ਵਿੱਚ ਵਾਧਾ ਹੋਣ ਕਾਰਨ ਅਨੇਕਾਂ ਭਾਰਤੀ ਲੋਕ ਕੈਨੇਡਾ ਨੂੰ ਛੱਡ ਕੇ ਅਮਰੀਕਾ, ਆਸਟ੍ਰੇਲੀਆ ਅਤੇ ਹੋਰ ਦੇਸ਼ਾਂ ਵਿੱਚ ਜਾਣ ਲੱਗੇ ਹਨ। ਕੈਨੇਡਾ ਵਿੱਚ ਉਹਨਾਂ ਵਿਦਿਆਰਥੀਆਂ ਦੀ ਵੀ ਵੱਡੀ ਗਿਣਤੀ ਹੈ, ਜੋ ਕਿ ਕੈਨੇਡਾ ਦੀਆਂ ਤਲਖ਼ ਹਕੀਕਤਾਂ ਦਾ ਸਾਹਮਣਾ ਕਰਨ ਤੋਂ ਬਾਅਦ ਵਾਪਸ ਇੰਡੀਆ ਪਰਤਣਾ ਚਾਹੁੰਦੇ ਹਨ ਪਰ ਉਹ ਇਹ ਸੋਚ ਕੇ ਵਾਪਸ ਨਹੀਂ ਜਾਂਦੇ ਕਿ ਉਹਨਾਂ ਦੇ ਰਿਸ਼ਤੇਦਾਰ ਅਤੇ ਪਿੰਡ ਵਾਸੀ ਕੀ ਕਹਿਣਗੇ? ਕੈਨੇਡਾ ਰਹਿ ਰਹੇ ਕੌਮਾਂਤਰੀ ਵਿਦਿਆਰਥੀ ਕਹਿੰਦੇ ਹਨ ਕਿ ਕੈਨੇਡਾ ਤਾਂ ਉਹਨਾਂ ਲਈ ਮਿੱਠੀ ਜੇਲ੍ਹ ਹੈ, ਜਿਥੇ ਕਿ ਹਰ ਚੀਜ਼ ਮਿਲ ਜਾਂਦੀ ਹੈ ਪਰ ਇਥੇ ਉਹਨਾਂ ਨੂੰ ਅਪਣੱਤ ਨਹੀਂ ਮਿਲਦੀ ਅਤੇ ਇੱਥੇ ਇਹ ਗੱਲ ਕਹਿਣ ਵਾਲਾ ਕੋਈ ਨਹੀਂ ਹੁੰਦਾ ਕਿ ‘ਪੁੱਤਰ ਰੋਟੀ ਖਾ ਲਈ ਹੈ ਕਿ ਨਹੀਂ?’ ਸਭ ਕੁਝ ਮਸ਼ੀਨੀ ਹੋ ਗਿਆ ਹੈ ਅਤੇ ਕੈਨੇਡਾ ਆ ਕੇ ਕੌਮਾਂਤਰੀ ਵਿਦਿਆਰਥੀਆਂ ਨੂੰ ਮਸ਼ੀਨਾਂ ਨਾਲ ਮਸ਼ੀਨਾਂ ਵਰਗਾ ਹੋ ਕੇ ਹੀ ਕੰਮ ਕਰਨਾ ਪੈਂਦਾ ਹੈ। ਕੈਨੇਡਾ ਵਿੱਚ ਵੱਡੀ ਗਿਣਤੀ ਵਿਦਿਆਰਥੀ ਗੁਰੂ ਘਰਾਂ ਦਾ ਆਸਰਾ ਲੈਂਦੇ ਹਨ। ਕਿਉਂਕਿ ਇਸ ਸਮੇਂ ਮਹਿੰਗਾਈ ਵਿੱਚ ਵਾਧਾ ਹੋ ਰਿਹਾ ਹੈ, ਉਥੇ ਹੀ ਰੁਜ਼ਗਾਰ ਦੇ ਸਾਧਨ ਘੱਟ ਹੋ ਰਹੇ ਹਨ। ਆਪਣੀ ਰੋਜੀ ਰੋਟੀ ਕਮਾਉਣ ਗਏ ਵਿਦੇਸ਼ਾਂ ਦੇ ਵਿੱਚ ਬੱਚਿਆਂ ਦੀਆਂ ਮੌਤਾਂ ਦੀ ਖ਼ਬਰ ਸੁਣ ਕੇ ਦਿਲ ਵਲੂੰਦਰਿਆ ਜਾਂਦਾ ਹੈ। ਦਸੰਬਰ 2023 ਵਿੱਚ ਵਿਦੇਸ਼ ਰਾਜ ਮੰਤਰੀ ਵੀ. ਮੁਰਲੀਧਰਨ ਨੇ ਰਾਜ ਸਭਾ ਵਿੱਚ ਪੁੱਛੇ ਗਏ ਇੱਕ ਸਵਾਲ ਦਾ ਲਿਖਤ ਜਵਾਬ ਦਿੰਦੇ ਹੋਏ ਦੱਸਿਆ ਕਿ 2018 ਤੋਂ ਲੈ ਕੇ 2023 ਦੇ ਦਸੰਬਰ ਮਹੀਨੇ ਤੱਕ ਵਿਦੇਸ਼ ਵਿੱਚ 403 ਭਾਰਤੀ ਵਿਦਿਆਰਥੀਆਂ ਦੀ ਮੌਤ ਹੋਈ, ਇਸ ਵਿੱਚੋਂ ਸਭ ਤੋਂ ਜ਼ਿਆਦਾ 91 ਮੌਤਾਂ ਕੈਨੇਡਾ ਵਿੱਚ ਹੋਈਆਂ। ਕੁਝ ਮੌਤਾਂ ਕੁਦਰਤੀ ਪਰ ਕੁਝ ਦਾ ਕਾਰਨ ਚਿੰਤਾ ਵੀ ਮੰਨਿਆ ਜਾ ਸਕਦਾ ਹੈ। ਇਸ ਸਮੇਂ ਪੂਰੇ ਕੈਨੇਡਾ ਵਿੱਚ 3 ਲੱਖ 45 ਹਜ਼ਾਰ ਮਕਾਨਾਂ ਦੀ ਕਮੀ ਹੈ। ਜਿਸ ਕਰਕੇ ਵਿਦਿਆਰਥੀਆਂ ਨੂੰ ਬੇਸਮੈਂਟਾਂ ਵਿੱਚ ਰਹਿਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਕੈਨੇਡਾ ਆ ਕੇ ਹੀ ਵੱਡੀ ਗਿਣਤੀ ਵਿਦਿਆਰਥੀਆਂ ਨੂੰ ਸੁਪਨਿਆਂ ਅਤੇ ਅਸਲੀਅਤ ਵਿੱਚ ਵੱਡਾ ਅੰਤਰ ਹੋਣ ਦਾ ਪਤਾ ਚੱਲਦਾ ਹੈ ਪਰ ਇਸਦੇ ਬਾਵਜੂਦ ਵੱਡੀ ਗਿਣਤੀ ਭਾਰਤੀ ਵਿਦਿਆਰਥੀ ਵਿਦੇਸ਼ਾਂ ਦੇ ਵਿੱਚ ਵੱਸਣ ਦੇ ਲਈ ਦਿਨ ਰਾਤ ਇੱਕ ਕਰ ਰਹੇ ਹਨ। ਜਾਇਜ਼ ਤੇ ਨਾਜਾਇਜ਼ ਦੋਵਾਂ ਤਰ੍ਹਾਂ ਦੇ ਤਰੀਕੇ ਵਿਦੇਸ਼ ਜਾਣ ਲਈ ਅਪਣਾਏ ਜਾ ਰਹੇ ਹਨ।

# ਅਮਰੀਕੀ ਸ਼ਹਿਰ ਜਰਸੀ ਨੇ ਅਪ੍ਰੈਲ ਨੂੰ ‘ਸਿੱਖ ਵਿਰਾਸਤੀ ਮਹੀਨਾ’ ਐਲਾਨਿਆ

## ਸਿਟੀ ਮਿਉਂਸਪਲ ਕੌਂਸਲ ਵੱਲੋਂ ਇਸ ਸਬੰਧੀ ਮਤਾ ਸਰਬਸੰਮਤੀ ਨਾਲ ਪਾਸ



ਜਰਸੀ(ਅਮਰੀਕਾ)/ਏ.ਟੀ.ਨਿਊਜ਼: ਅਪ੍ਰੈਲ ਦਾ ਮਹੀਨਾ ਸਿੱਖ ਧਰਮ ਲਈ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਸੰਨ 1699 ਦੀ ਵਿਸਾਖੀ ਦਾ ਦਿਨ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਸਿਰਜੇ ਖ਼ਾਲਸਾ ਪੰਥ ਕਾਰਨ ਦੁਨੀਆਂ ਦੇ ਇਤਿਹਾਸ ਅੰਦਰ ਇੱਕ ਨਿਵੇਕਲਾ ਅਧਿਆਇ ਸਿਰਜ ਗਿਆ। ਇਹ ਗੁਰੂ ਸਾਹਿਬ ਜੀ ਦੀ ਇੱਕ ਨਿਰਾਲੀ ਯਾਦ ਵਜੋਂ ਸਿੱਖ ਇਤਿਹਾਸ ਅੰਦਰ ਸਦਾ ਤਾਜ਼ਾ ਹੈ। ਅਸਲ ਵਿੱਚ ਅਨੰਦਾਂ ਦੀ ਪੁਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ 1699 ਦੀ ਵਿਸਾਖੀ ਦਾ ਦਿਨ ਜ਼ੁਲਮ, ਬੇਇਨਸਾਫੀ, ਵਿਤਕਰੇ, ਜਬਰ, ਝੂਠ, ਪਖੰਡ, ਅਨਿਆਂ ਆਦਿ ਵਿਰੁੱਧ ਇੱਕ ਸੰਘਰਸ਼ ਦਾ ਬਿਗੁਲ ਬਣਿਆ। ਇਸੇ ਕਾਰਨ ਸਿੱਖ ਦੁਨੀਆਂ ਵਿੱਚ ਭਾਵੇਂ ਕਿਸੇ ਵੀ ਮੁਲਕ ਵਿੱਚ ਰਹਿੰਦੇ ਹੋਣ, ਉਥੇ ਉਹ ਅਪ੍ਰੈਲ ਮਹੀਨੇ ਦੌਰਾਨ ‘ਖ਼ਾਲਸਾ ਸਾਜਣਾ ਦਿਵਸ’ (ਵਿਸਾਖੀ) ਨੂੰ ਜ਼ਰੂਰ ਮਨਾਉਂਦੇ ਹਨ। ਹੁਣ ਅਮਰੀਕਾ ਦੇ ਸ਼ਹਿਰ ਜਰਸੀ ਦੀ ਸਿਟੀ ਮਿਉਂਸਪਲ ਕੌਂਸਲ ਨੇ ਅਪ੍ਰੈਲ ਨੂੰ ਸਿੱਖ ਵਿਰਾਸਤ ਮਹੀਨਾ ਵਜੋਂ ਮਾਨਤਾ ਦੇਣ ਲਈ ਮਤਾ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਹੈ, ਜਰਸੀ ਸਿਟੀ ਮਿਉਂਸਪਲ ਕੌਂਸਲ ਵਿੱਚ ਇਸ ਸਬੰਧੀ ਮਤਾ 9-0 ਨਾਲ ਪਾਸ ਹੋ ਗਿਆ। ਜਿਸ ਦਾ ਭਾਵ ਇਹ ਹੈ ਕਿ ਇਸ ਸ਼ਹਿਰ ਵਿੱਚ ਅਪ੍ਰੈਲ ਦਾ ਮਹੀਨਾ ਸਿੱਖ ਵਿਰਾਸਤ ਵਜੋਂ ਮਨਾਇਆ ਜਾਵੇਗਾ।

ਦੂਜੇ ਪਾਸੇ ਇਹ ਵੀ ਇੱਕ ਹਕੀਕਤ ਹੈ ਕਿ ਅਮਰੀਕਾ ਵਿੱਚ ਸਿੱਖਾਂ ਨੂੰ ਅਕਸਰ ਆਪਣੀ ਦਸਤਾਰ ਅਤੇ ਦਾਹੜੀ ਕਾਰਨ ਕਈ ਵਾਰ ਨਸਲੀ ਵਿਤਕਰੇ ਦਾ ਵੀ ਸ਼ਿਕਾਰ ਹੋਣਾ ਪੈਂਦਾ ਹੈ। ਅਮਰੀਕਾ ਵਿੱਚ ਅਕਸਰ ਸਿੱਖ ਬੱਚਿਆਂ ਨੂੰ ਸਕੂਲ ਵਿੱਚ ਧੱਕੇਸ਼ਾਹੀ ਅਤੇ ਦੁਰਵਿਵਹਾਰ ਦਾ ਸਾਹਮਣਾ ਕਰਨਾ ਪੈਂਦਾ ਹੈ। ਸਿੱਖ ਵਿਰੋਧੀ ਨਫ਼ਰਤ ਨਾਲ ਜੁੜੇ ਇਹ ਹਮਲੇ ਹਾਲ ਹੀ ਦੇ ਸਾਲਾਂ ’ਚ ਵਧੇ ਹਨ, ਅਕਸਰ ਲੋਕਾਂ ਵੱਲੋਂ ਗਲਤੀ ਨਾਲ ਸਿੱਖਾਂ ਦੀਆਂ ਅਣਕੱਟੀਆਂ ਦਾੜ੍ਹੀਆਂ ਅਤੇ ਰਵਾਇਤੀ ਦਸਤਾਰਾਂ ਨੂੰ ਧਾਰਮਿਕ ਕੱਟੜਪੰਥੀ ਸਮੂਹਾਂ ਨਾਲ ਜੋੜਿਆ ਜਾਂਦਾ ਹੈ। ਅਜਿਹੇ ਸਮੇਂ ਵਿੱਚ ਅਮਰੀਕਾ ਦੇ ਸ਼ਹਿਰ ਜਰਸੀ ਵਿੱਚ ਸਿੱਖ ਵਿਰਾਸਤ ਮਹੀਨਾ ਮਨਾਉਣ ਸਬੰਧੀ ਮਤਾ ਪਾਸ ਹੋਣ ਨਾਲ ਹੋਰਨਾਂ ਧਰਮਾਂ ਦੇ ਲੋਕਾਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਮਿਲੇਗੀ।

ਅਜਿਹੇ ਸਮੇਂ ਵਿੱਚ ਅਮਰੀਕਾ ਦੇ ਸ਼ਹਿਰ ਜਰਸੀ ਦੀ ਮਿਉਂਸਪਲ ਕੌਂਸਲ ਵੱਲੋਂ ਅਪ੍ਰੈਲ ਮਹੀਨੇ ਨੂੰ ਸਿੱਖ ਵਿਰਾਸਤੀ ਮਹੀਨਾ ਵਜੋਂ ਮਨਾਉਣ ਲਈ ਮਤਾ ਪਾਸ ਕਰਨਾ ਵੱਡੀ ਅਹਿਮੀਅਤ ਰੱਖਦਾ ਹੈ। ਇਸ ਮਤੇ ’ਚ ਦਸਿਆ ਗਿਆ ਹੈ ਕਿ ਸਿੱਖ ਧਰਮ, ਦੁਨੀਆਂ ਦਾ ਪੰਜਵਾਂ ਸਭ ਤੋਂ ਵੱਡਾ ਧਰਮ ਹੈ, ਜਿਸ ਨੂੰ ਮੰਨਣ ਵਾਲੇ ਦੁਨੀਆਂ ਭਰ ’ਚ 3 ਕਰੋੜ ਅਤੇ ਅਮਰੀਕਾ ’ਚ 5 ਲੱਖ ਲੋਕ ਹਨ।

(ਬਾਕੀ ਸਫ਼ਾ 30 ’ਤੇ)

ਇੱਕ ਅਧਿਐਨ ਰਾਹੀਂ ਦਿੱਤੀ ਗਈ ਜਾਣਕਾਰੀ

# ਹੈਲਮੇਟ ਵਾਂਗੂ ਹੀ ਦਸਤਾਰ ਵੀ ਕਰ ਸਕਦੀ ਹੈ ਸਿਰ ਦੀ ਸੁਰੱਖਿਆ

## ਸਿੱਖਾਂ ਦੀ ਦਸਤਾਰ ’ਤੇ ਕੀਤਾ ਗਿਆ ਹੈਲਮੇਟ ਵਰਗਾ ਟੈਸਟ

ਦਸਤਾਰ ਸਿੱਖਾਂ ਦਾ ਧਾਰਮਿਕ ਚਿੰਨ੍ਹ ਹੈ। ਸਿੱਖ ਭਾਈਚਾਰੇ ਦੇ ਲੋਕ ਦੋ ਪਹੀਆ ਵਾਹਨ ਚਲਾਉਂਦੇ ਸਮੇਂ ਸਿਰ ’ਤੇ ਹੈਲਮੇਟ ਲੈਣ ਦੀ ਥਾਂ ਦਸਤਾਰ ਸਜਾਉਣ ਨੂੰ ਵਧੇਰੇ ਅਹਿਮੀਅਤ ਦਿੰਦੇ ਹਨ। ਹੁਣ ਇੱਕ ਨਵੇਂ ਅਧਿਐਨ ਵਿੱਚ ਪਤਾ ਚੱਲਿਆ ਹੈ ਕਿ ਦਸਤਾਰ ਵੀ ਹੈਲਮੇਟ ਵਾਂਗੂ ਹੀ ਸਿਰ ਦੀ ਸੁਰੱਖਿਆ ਕਰਦੀ ਹੈ ਅਤੇ ਦਸਤਾਰ ਸਕੱਲ (ਖੋਪੜੀ) ਫਰੈਕਚਰ ਤੋਂ ਬਚਾਅ ਸਕਦੀ ਹੈ। ਇਸ ਅਧਿਐਨ ਦਾ ਹਿੱਸਾ ਰਹੇ ਡਾ. ਗੁਰਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਲੰਡਨ ਦੇ ਇੰਪੀਰੀਅਲ ਕਾਲਜ ਵਿੱਚ ਇੱਕ ਸੀਨੀਅਰ ਲੈਕਚਰਾਰ ਦਾ ਪੇਪਰ ਪੜ੍ਹਿਆ, ਜਿਸ ਵਿੱਚ ਹੈਲਮੇਟ ਦੀ ਟੈਸਟਿੰਗ ਬਾਰੇ ਜਾਣਕਾਰੀ ਦਿੱਤੀ ਗਈ ਸੀ। ਉਸ ਤੋਂ ਬਾਅਦ ਉਨ੍ਹਾਂ ਨੇ ਦਸਤਾਰ ਦਾ ਟੈਸਟ ਕਰਨ ਦੀ ਸੋਚੀ। ਜਦੋਂ ਉਹਨਾਂ ਨੇ ਆਪਣੇ ਵਿਭਾਗ ਦੇ ਸੀਨੀਅਰ ਲੈਕਚਰਾਰ ਨੂੰ ਇਸ ਦੀ ਜਾਣਕਾਰੀ ਦਿੱਤੀ ਤਾਂ ਉਨ੍ਹਾਂ ਨੇ ਇੱਕ ਟ੍ਰਾਇਲ ਟੈਸਟ ਕੀਤਾ, ਜੋ ਕਿ ਬਹੁਤ ਹੱਦ ਤਕ ਸਫਲ ਰਿਹਾ। ਵਿਭਾਗ ਤੋਂ ਮਨਜ਼ੂਰੀ ਮਿਲਣ ਤੋਂ ਬਾਅਦ ਉਹਨਾਂ ਨੇ ਉਥੋਂ ਦੇ ਰੋਡ ਸੇਫਟੀ ਟਰੱਸਟ ਤੋਂ ਗ੍ਰਾਂਟ ਹਾਸਲ ਕਰਨ ਲਈ ਆਪਣਾ ਪ੍ਰਸਤਾਵ ਰੱਖਿਆ ਤੇ ਟਰੱਸਟ ਨੇ ਵੀ ਹਾਮੀ ਭਰ ਦਿੱਤੀ। ਉਸ ਤੋਂ ਬਾਅਦ ਇਸ ਸਟੱਡੀ ਨੂੰ ਕਰਨ ਲਈ ਇੱਕ ਸਾਲ ਦਾ ਸਮਾਂ ਲੱਗ ਗਿਆ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਟੈਸਟਿੰਗ ’ਚ ਸਾਹਮਣੇ ਆਇਆ ਕਿ ਸਿਰ ਦੇ ਜਿਸ ਹਿੱਸੇ ’ਚ ਪਗੜੀ ਦਾ ਕੱਪੜਾ ਵੱਧ ਹੁੰਦਾ ਹੈ ਅਤੇ ਕੱਪੜੇ ਦੇ ਲੜਾਂ ਨੂੰ ਇੱਕ ਦੇ ਉੱਪਰ ਇੱਕ ਕਰਕੇ ਸੈੱਟ ਕੀਤਾ ਜਾਂਦਾ ਹੈ, ਉਸ ਹਿੱਸੇ ’ਚ ਦਬਾਅ ਪੈਣ ਦੀ ਸੂਰਤ ’ਚ ਉਹ ਕੱਪੜਾ ਹੈਲਮੇਟ ਵਾਂਗ ਹੀ ਕਾਰਗਰ ਸਿੱਧ ਹੁੰਦਾ ਹੈ।




ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਜੇਕਰ ਕੋਈ ਦਸਤਾਰ ਧਾਰੀ ਇਨਸਾਨ ਮੂੰਹ ਦੇ ਭਾਰ ਡਿੱਗਦਾ ਹੈ ਅਤੇ ਉਸ ਦੇ ਫਰੰਟ ਹੈੱਡ ਨੂੰ ਵੀ ਦਸਤਾਰ ਸੁਰੱਖਿਅਤ ਕਰਦੀ ਹੈ, ਕਿਉਂਕਿ ਪੱਗ ਦੀ ਚੁੰਝ ਵਾਲੀ ਥਾਂ ਭਾਵ ਮੱਥੇ ’ਤੇ ਜਿੱਥੇ ‘ਵੀ’ ਬਣਦੀ ਹੈ, ਉੱਥੇ ਵੀ ਕੱਪੜਾ ਜ਼ਿਆਦਾ ਹੁੰਦਾ ਹੈ ਅਤੇ ਉਹ ਕਿਸੇ ਵੀ ਦਬਾਅ ਨੂੰ ਸਿਰ ਤੱਕ ਪਹੁੰਚਣ ਤੋਂ ਰੋਕਦੀ ਹੈ। ਇਸ ਸਥਿਤੀ ’ਚ ਦੁਨੀਆਂ ਦੇ ਸਭ ਤੋਂ ਸੁਰੱਖਿਅਤ ਸਾਈਕਲ ਹੈਲਮੇਟ ਵਾਂਗਰ ਹੀ ਦਸਤਾਰ ਕਾਰਗਰ ਹੁੰਦੀ ਹੈ।




ਉਨ੍ਹਾਂ ਨੇ ਅੱਗੇ ਦੱਸਿਆ ਕਿ ਸਿਰ ਦੇ ਜਿਸ ਪਾਸੇ ਸਿੰਗਲ ਕੱਪੜਾ ਹੁੰਦਾ ਹੈ, ਉੱਥੇ ਕਾਰਗੁਜ਼ਾਰੀ ਵੀ ਘੱਟ ਜਾਂਦੀ ਹੈ, ਜਿਵੇਂ ਕਿ ਸਿਰ ਦੇ ਉਪਰਲੇ ਪਾਸੇ ਅਤੇ ਜਿਸ ਪਾਸੇ ਕੱਪੜੇ ਦਾ ਪੱਲਾ ਖੋਲ੍ਹ ਕੇ ਬੰਨ੍ਹਿਆ ਜਾਂਦਾ ਹੈ। ਜਿੰਨਾ ਕੱਪੜਾ ਘਟਦਾ ਜਾਵੇਗਾ ਉੱਨੀ ਹੀ ਕਾਰਗੁਜ਼ਾਰੀ ਵੀ ਪ੍ਰਭਾਵਿਤ ਹੋਵੇਗੀ। ਉਨ੍ਹਾਂ ਕਿਹਾ ਕਿ ਜਿਸ ਤਰਾਂ ਹੈਲਮੇਟ ਦਾ ਟੈਸਟ ਕੀਤਾ ਜਾਂਦਾ ਹੈ, ਉਸੇ ਤਰਾਂ ਹੀ ਦਸਤਾਰ ਦਾ ਵੀ ਟੈਸਟ ਕੀਤਾ ਗਿਆ। ਇਸ ਮੌਕੇ ਦਸਤਾਰ ਦੇ ਕੱਪੜੇ ਦਾ ਵੀ ਟੈਸਟ ਕੀਤਾ ਗਿਆ ਕਿ ਦਸਤਾਰ ਦਾ ਕੱਪੜਾ ਰੂਬੀਆ, ਫੁੱਲ ਵੈਲ ਵਿਚੋਂ ਕਿਹੜਾ ਵਧੇਰੇ ਠੀਕ ਹੈ। ਉਨ੍ਹਾਂ ਕਿਹਾ ਕਿ ਟੈਸਟ ਕਰਨ ਸਮੇਂ ਜਿਸ ਤਰਾਂ ਹੈਲਮੇਟ ਵਿੱਚ ਸੈਂਸਰ ਲਗਾਏ ਜਾਂਦੇ ਹਨ, ਉਸੇ ਤਰ੍ਹਾਂ ਹੀ ਦਸਤਾਰ ਵਿੱਚ ਵੀ ਸੈਂਸਰ ਲਗਾਏ ਗਏ ਅਤੇ ਸਹੀ ਤਰੀਕੇ ਨਾਲ ਦਸਤਾਰ ਦਾ ਟੈਸਟ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਹਨਾਂ ਟੈਸਟਾਂ ਤੋਂ ਬਾਅਦ ਇਹ ਨਤੀਜਾ ਨਿਕਲਿਆ ਕਿ ਭਾਵੇਂ 100 ਫ਼ੀਸਦੀ ਤਾਂ ਨਹੀਂ ਪਰ 70 ਫ਼ੀਸਦੀ ਸੱਟਾਂ ਤੋਂ ਦਸਤਾਰ ਬਚਾਓ ਕਰ ਸਕਦੀ ਹੈ।



ਉਹਨਾਂ ਕਿਹਾ ਕਿ ਇਹ ਟੈਸਟ ਸਾਈਕਲ ਦੇ ਹੈਲਮੇਟ ਅਤੇ ਦਸਤਾਰ ’ਤੇ ਕੀਤਾ ਗਿਆ ਹੈ। ਹੁਣ ਉਹ ਅਗਲਾ ਟੈਸਟ ਮੋਟਰ ਸਾਈਕਲ ਦੇ ਹੈਲਮੇਟ ਅਤੇ ਦਸਤਾਰ ’ਤੇ ਕਰਨਗੇ।

ਜ਼ਿਕਰ ਯੋਗ ਹੈ ਕਿ ਭਾਰਤ ਦੇ ਕਈ ਸੂਬਿਆਂ ਵਿੱਚ ਦਸਤਾਰ ਧਾਰੀ ਸਿੱਖਾਂ ਨੂੰ ਹੈਲਮੇਟ ਤੋਂ ਛੋਟ ਹਾਸਲ ਹੈ। ਇਸ ਤੋਂ ਇਲਾਵਾ ਵਿਦੇਸ਼ਾਂ ਵਿੱਚ ਵੀ ਦਸਤਾਰ ਧਾਰੀ ਸਿੱਖ ਦਸਤਾਰ ਸਜਾਉਣ ਕਾਰਨ ਹੈਲਮੇਟ ਤੋਂ ਛੋਟ ਦੀ ਮੰਗ ਕਰ ਰਹੇ ਹਨ। ਹੁਣ ਜਦੋਂ ਇਸ ਅਧਿਐਨ ਰਾਹੀਂ ਇਹ ਪਤਾ ਲਗਾਇਆ ਗਿਆ ਹੈ ਕਿ ਦਸਤਾਰ ਵੀ ਸਿਰ ਦੀ ਸੁਰੱਖਿਆ ਕਰਦੀ ਹੈ ਤਾਂ ਦਸਤਾਰ ਧਾਰੀ ਸਿੱਖਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ ।

# ਅਮਰੀਕਾ ਵਿੱਚ ਵਧ ਰਹੀਆਂ ਨੇ ਭਾਰਤੀਆਂ ’ਤੇ ਹਮਲਿਆਂ ਦੀਆਂ ਘਟਨਾਵਾਂ

## ਨਸਲ ਜਾਂ ਲਿੰਗ ਜਾਂ ਧਰਮ ਦੇ ਆਧਾਰ ’ਤੇ ਹਿੰਸਾ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ: ਬਾਇਡਨ

ਅਮਰੀਕਾ ਵਿੱਚ ਪਿਛਲੇ 2 ਸਾਲਾਂ ਵਿੱਚ ਸਭ ਤੋਂ ਵੱਧ ਭਾਰਤੀਆਂ ਨੂੰ ਟਾਰਗੇਟ ਕੀਤਾ ਗਿਆ ਹੈ। ਭਾਰਤੀਆਂ ਖ਼ਿਲਾਫ਼ ਨਸਲੀ ਹਮਲੇ, ਨਫ਼ਰਤੀ ਅਪਰਾਧ ਅਤੇ ਹੋਰ ਹਮਲਿਆਂ ’ਚ ਤੇਜ਼ੀ ਨਾਲ ਵਾਧਾ ਦੇਖਣ ਨੂੰ ਮਿਲਿਆ ਹੈ। ਭਾਰਤੀਆਂ ਦੀ ਔਸਤ ਆਮਦਨ ਇੱਕ ਲੱਖ ਡਾਲਰ ਪ੍ਰਤੀ ਸਾਲ ਹੈ ਜਦਕਿ ਅਮਰੀਕੀਆਂ ਦੀ ਆਮਦਨ ਸਿਰਫ਼ 75 ਹਜ਼ਾਰ ਡਾਲਰ ਹੈ। ਅਮਰੀਕਾ ਦੀ ਫ਼ਾਰਚੂਨ-500 ਵਿੱਚ ਸ਼ਾਮਲ 60 ਕੰਪਨੀਆਂ ਦੇ ਸੀਈਓ ਭਾਰਤੀ ਹਨ। ਸ਼ਾਇਦ ਇਹੀ ਕਾਰਨ ਹੈ ਕਿ ਨਸਲੀ ਗੋਰੇ ਅਮਰੀਕੀ ਭਾਰਤੀਆਂ ਦੀ ਤਰੱਕੀ ਨੂੰ ਬਰਦਾਸ਼ਤ ਨਹੀਂ ਕਰਦੇ। ਪਿਛਲੇ ਕੁਝ ਸਾਲਾਂ ਵਿੱਚ ਅਮਰੀਕਾ ਪੁੱਜ ਰਹੇ ਭਾਰਤੀਆਂ ਦੀ ਗਿਣਤੀ ਗੈਰ-ਸਾਧਾਰਨ ਦਰ ਨਾਲ ਵਧੀ ਹੈ।

ਵ੍ਹਾਈਟ ਹਾਊਸ ਨੇ ਪਿਛਲੇ ਹਫ਼ਤੇ ਇੱਕ ਉਚੇਚੇ ਬਿਆਨ ਵਿੱਚ ਭਰੋਸਾ ਦਿਵਾਇਆ ਸੀ ਕਿ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਦਾ ਪ੍ਰਸ਼ਾਸਨ ਭਾਰਤੀਆਂ ਉਤੇ ਹਮਲਿਆਂ ਨੂੰ ਰੋਕਣ ਲਈ ‘ਬਹੁਤ ਸਖ਼ਤੀ’ ਨਾਲ ਕੰਮ ਕਰ ਰਿਹਾ ਹੈ। ਰਾਸ਼ਟਰਪਤੀ ਬਾਇਡਨ ਦਾ ਇਹ ਬਿਆਨ ਅਮਰੀਕਾ ਵਿੱਚ ਤੇਜ਼ੀ ਨਾਲ ਵਧ ਰਹੇ ਭਾਰਤੀ ਭਾਈਚਾਰੇ ਦੇ ਮੈਂਬਰਾਂ ਦੀਆਂ ਗੈਰ-ਕੁਦਰਤੀ ਮੌਤਾਂ ਹੋਣ ਤੋਂ ਬਾਅਦ ਆਇਆ ਸੀ। ਵ੍ਹਾਈਟ ਹਾਊਸ ਦੇ ਤਰਜਮਾਨ ਨੇ ਕਿਹਾ, ਹਿੰਸਾ ਲਈ ਕੋਈ ਬਹਾਨਾ ਨਹੀਂ ਬਣਾਇਆ ਜਾ ਸਕਦਾ, ਨਸਲ ਜਾਂ ਲਿੰਗ ਜਾਂ ਧਰਮ ਦੇ ਆਧਾਰ ਉਤੇ ਤਾਂ ਹਿੰਸਾ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।



ਤਾਜ਼ਾ ਮੀਡੀਆ ਰਿਪੋਰਟਾਂ ਅਨੁਸਾਰ ਅਮਰੀਕਾ ਦੇ ਅਲਬਾਮਾ ਵਿੱਚ ਇੱਕ ਗੁਰਦੁਆਰੇ ਦੇ ਬਾਹਰ ਬਿਜਨੌਰ ਦੇ ਰਹਿਣ ਵਾਲੇ 29 ਸਾਲਾ ਸਿੱਖ ਰਾਜ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਜਦੋਂ ਉਹ ਗੁਰਦੁਆਰੇ ਦੇ ਬਾਹਰ ਖੜ੍ਹਾ ਸੀ ਤਾਂ ਅਣਪਛਾਤੇ ਹਮਲਾਵਰਾਂ ਨੇ ਉਸ ਦੇ ਨੇੜੇ ਆ ਕੇ ਉਸ ਦੇ ਪੇਟ ਵਿੱਚ ਗੋਲੀ ਮਾਰ ਦਿੱਤੀ, ਜਿਸ ਨਾਲ ਉਸ ਦੀ ਮੌਤ ਹੋ ਗਈ। ਰਾਜ ਸਿੰਘ, ਜਿਸਨੂੰ ਗੋਲਡੀ ਵੀ ਕਿਹਾ ਜਾਂਦਾ ਸੀ, ਇੱਕ ਸਿੱਖ ਸੰਗੀਤਕਾਰ ਸੀ ਅਤੇ ਇੱਕ ਕੀਰਤਨੀ ਜਥੇ ਦਾ ਮੈਂਬਰ ਸੀ। ਪਿਛਲੇ ਕੁਝ ਸਮੇਂ ਤੋਂ ਅਮਰੀਕਾ ਵਿੱਚ ਭਾਰਤੀ ਮੂਲ ਦੇ ਲੋਕਾਂ ’ਤੇ ਨਸਲੀ ਹਮਲਿਆਂ ਦੀਆਂ ਵਧਦੀਆਂ ਘਟਨਾਵਾਂ ਚਿੰਤਾ ਦਾ ਵਿਸ਼ਾ ਬਣੀਆਂ ਹੋਈਆਂ ਹਨ।

### ਅਮਰਨਾਥ ਘੋਸ਼

27 ਫ਼ਰਵਰੀ ਨੂੰ ਕੋਲਕਾਤਾ ਦੇ ਭਾਰਤੀ ਕਲਾਸੀਕਲ ਡਾਂਸਰ ਅਮਰਨਾਥ ਘੋਸ਼ ਦੀ ਅਮਰੀਕਾ ਦੇ ਮਿਸੌਰੀ ਦੇ ਸੇਂਟ ਲੁਈਸ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਹ ਸੇਂਟ ਲੁਈਸ ਵਿੱਚ ਵਾਸ਼ਿੰਗਟਨ ਯੂਨੀਵਰਸਿਟੀ ਤੋਂ ਡਾਂਸ ਵਿੱਚ ਮਾਸਟਰ ਆਫ਼ ਫ਼ਾਈਨ ਆਰਟਸ ਦੀ ਪੜ੍ਹਾਈ ਕਰ ਰਿਹਾ ਸੀ। ਘੋਸ਼ ਭਰਤਨਾਟਿਅਮ ਅਤੇ ਕੁਚੀਪੁੜੀ ਨ੍ਰਿਤ ਸ਼ੈਲੀਆਂ ਦਾ ਮਾਹਿਰ ਸੀ ਅਤੇ ਚੇਨਈ ਵਿੱਚ ਕਲਾ ਖੇਤਰ ਅਕੈਡਮੀ ਦਾ ਸਾਬਕਾ ਵਿਦਿਆਰਥੀ ਸੀ।

### ਪ੍ਰਵੀਨ ਰਾਓਜੀ ਭਾਈ ਪਟੇਲ

ਅਮਰੀਕਾ ਦੇ ਅਲਬਾਮਾ ਵਿੱਚ ਇੱਕ ਮੋਟਲ ਦੇ ਕਮਰੇ ਦੇ ਕਿਰਾਏ ਨੂੰ ਲੈ ਕੇ ਹੋਏ ਝਗੜੇ ਦੌਰਾਨ ਭਾਰਤੀ ਮੂਲ ਦੇ 76 ਸਾਲਾ ਮੋਟੇਲ ਮਾਲਕ ਪ੍ਰਵੀਨ ਰਾਓਜੀਭਾਈ ਪਟੇਲ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਹ ਘਟਨਾ 8 ਫ਼ਰਵਰੀ ਨੂੰ ਸ਼ੈਫ਼ੀਲਡ ਦੇ ਹਿਲਕ੍ਰੈਸਟ ਮੋਟਲ ਵਿੱਚ ਵਾਪਰੀ, ਜਦੋਂ ਵਿਲੀਅਮ ਮੂਰ ਨਾਮ ਦੇ ਇੱਕ ਗਾਹਕ ਨੇ ਪਟੇਲ ਦੀ ਛਾਤੀ ਵਿੱਚ ਦੋ ਵਾਰ ਗੋਲੀ ਮਾਰੀ, ਜਿਸ ਨਾਲ ਉਸ ਦੀ ਮੌਤ ਹੋ ਗਈ।

### ਸਈਅਦ ਮਜ਼ਹਿਰ ਅਲੀ

ਅਮਰੀਕਾ ਦੀ ਇੰਡੀਆਨਾ ਵੇਸਲੀਅਨ ਯੂਨੀਵਰਸਿਟੀ ਵਿੱਚ ਮਾਸਟਰ ਡਿਗਰੀ ਕਰ ਰਹੇ ਭਾਰਤੀ ਮੂਲ ਦੇ ਸਈਅਦ ਮਜ਼ੀਰ ਅਲੀ ’ਤੇ 4 ਫ਼ਰਵਰੀ ਨੂੰ ਸ਼ਿਕਾਗੋ ਵਿੱਚ ਹਮਲਾ ਕਰਕੇ ਲੁੱਟ ਲਿਆ ਗਿਆ ਸੀ। ਘਟਨਾ ਸੀਸੀਟੀਵੀ ਫ਼ੁਟੇਜ ਵਿੱਚ ਕੈਦ ਹੋ ਗਈ, ਜਿਸ ਵਿੱਚ ਦੇਖਿਆ ਜਾ ਸਕਦਾ ਹੈ ਕਿ ਜਦੋਂ ਅਲੀ ਆਪਣੇ ਘਰ ਵਾਪਸ ਆ ਰਿਹਾ ਸੀ ਤਾਂ ਕੁਝ ਹਮਲਾਵਰਾਂ ਵੱਲੋਂ ਉਸ ਦਾ ਪਿੱਛਾ ਕੀਤਾ ਜਾ ਰਿਹਾ ਸੀ।

### ਵਿਵੇਕ ਤਨੇਜਾ

41 ਸਾਲਾ ਭਾਰਤੀ ਮੂਲ ਦੇ ਵਿਵੇਕ ਤਨੇਜਾ ਦੀ ਵਾਸ਼ਿੰਗਟਨ, ਅਮਰੀਕਾ ਵਿੱਚ ਇੱਕ ਰੈਸਟੋਰੈਂਟ ਦੇ ਬਾਹਰ ਹੋਈ ਲੜਾਈ ਦੌਰਾਨ ਹੋਏ ਹਮਲੇ ਤੋਂ ਬਾਅਦ ਦਰਦਨਾਕ ਮੌਤ ਹੋ ਗਈ। ਇਹ ਘਟਨਾ 2 ਫ਼ਰਵਰੀ ਨੂੰ ਵਾਪਰੀ, ਜਦੋਂ ਵਿਵੇਕ ਦੀ ਕਿਸੇ ਅਣਪਛਾਤੇ ਵਿਅਕਤੀ ਨਾਲ ਹੋਈ ਤਕਰਾਰ ਲੜਾਈ ਵਿੱਚ ਬਦਲ ਗਈ। ਜਿਸ ਤੋਂ ਬਾਅਦ ਉਸ ਅਣਪਛਾਤੇ ਵਿਅਕਤੀ ਨੇ ਵਿਵੇਕ ਦੇ ਸਿਰ ’ਤੇ ਵਾਰ ਕਰ ਦਿੱਤਾ, ਜਿਸ ਕਾਰਨ ਵਿਵੇਕ ਸੜਕ ’ਤੇ ਡਿੱਗ ਗਿਆ। ਵਿਵੇਕ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਪਰ ਉਸ ਦੀ ਹਾਲਤ ਵਿਗੜ ਗਈ ਅਤੇ 5 ਦਿਨ ਬਾਅਦ 7 ਫ਼ਰਵਰੀ ਨੂੰ ਉਸ ਦੀ ਮੌਤ ਹੋ ਗਈ।

### ਸ਼੍ਰੇਅਸ ਰੈਡੀ ਬੇਨੀਗੇਰੀ

ਅਮਰੀਕਾ ਦੇ ਓਹੀਓ ਵਿੱਚ ਭਾਰਤੀ ਮੂਲ ਦਾ 19 ਸਾਲਾ ਵਿਦਿਆਰਥੀ ਸ਼੍ਰੇਅਸ ਰੈਡੀ ਬੇਨੀਗੇਰੀ ਮ੍ਰਿਤਕ ਪਾਇਆ ਗਿਆ। ਉਹ ਸਿਨਸਿਨਾਟੀ ਯੂਨੀਵਰਸਿਟੀ ਦੇ ਲਿੰਡਨਰ ਸਕੂਲ ਆਫ਼ ਬਿਜ਼ਨਸ ਦਾ ਵਿਦਿਆਰਥੀ ਸੀ। ਅਮਰੀਕਾ ਜਾਣ ਤੋਂ ਪਹਿਲਾਂ, ਉਸਨੇ ਪਿਲਾਨੀ ਦੇ ਬਿਰਲਾ ਇੰਸਟੀਚਿਊਟ ਆਫ਼ ਟੈਕਨਾਲੋਜੀ ਐਂਡ ਸਾਇੰਸ, ਤੋਂ ਮਕੈਨੀਕਲ ਇੰਜੀਨੀਅਰਿੰਗ ਵਿੱਚ ਬੈਚਲਰ ਦੀ ਡਿਗਰੀ ਪੂਰੀ ਕੀਤੀ ਸੀ।

ਪੁਲਿਸ ਅਧਿਕਾਰੀਆਂ ਨੇ ਉਸ ਦੀ ਮੌਤ ਵਿੱਚ ਕਿਸੇ ਵੀ ਤਰ੍ਹਾਂ ਦੀ ਸਾਜਿਸ਼ ਹੋਣ ਤੋਂ ਇਨਕਾਰ ਕੀਤਾ ਹੈ। ਨਿਊਯਾਰਕ ਸਥਿਤ ਭਾਰਤੀ ਦੂਤਾਵਾਸ ਨੇ ਸ਼੍ਰੇਅਸ ਦੀ ਮੌਤ ’ਤੇ ਸੋਗ ਪ੍ਰਗਟ ਕੀਤਾ ਹੈ ਅਤੇ ਸ਼੍ਰੇਅਸ ਦੇ ਪਰਿਵਾਰ ਨੂੰ ਪੂਰੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ ਹੈ।

### ਨੀਲ ਆਚਾਰੀਆ

ਅਮਰੀਕਾ ਦੀ ਪਰਡਿਊ ਯੂਨੀਵਰਸਿਟੀ ਵਿੱਚ ਪੜ੍ਹਦਾ 19 ਸਾਲਾ ਭਾਰਤੀ ਵਿਦਿਆਰਥੀ ਨੀਲ ਆਚਾਰੀਆ ਇਸ ਸਾਲ ਜਨਵਰੀ ਦੇ ਅਖੀਰ ਵਿੱਚ ਯੂਨੀਵਰਸਿਟੀ ਕੈਂਪਸ ਵਿੱਚ ਮ੍ਰਿਤਕ ਪਾਇਆ ਗਿਆ ਸੀ। ਉਸ ਦੇ ਲਾਪਤਾ ਹੋਣ ਤੋਂ ਬਾਅਦ ਉਸ ਦੇ ਸਰੀਰ ਦੀ ਜਾਂਚ ਕੀਤੀ ਗਈ ਅਤੇ ਫ਼ੋਰੈਂਸਿਕ ਜਾਂਚ ਵਿੱਚ ਉਸ ਦੇ ਸਰੀਰ ’ਤੇ ਹਮਲੇ ਦੇ ਕੋਈ ਨਿਸ਼ਾਨ ਨਹੀਂ ਮਿਲੇ।

### ਵਿਵੇਕ ਸੈਣੀ

25 ਸਾਲਾ ਭਾਰਤੀ ਵਿਦਿਆਰਥੀ ਵਿਵੇਕ ਸੈਣੀ ਦੀ ਲਿਥੋਨੀਆ, ਜਾਰਜੀਆ ਵਿੱਚ ਇੱਕ ਭਿਆਨਕ ਘਟਨਾ ਵਿੱਚ ਦਰਦਨਾਕ ਮੌਤ ਹੋ ਗਈ। ਹਰਿਆਣਾ ਦੇ ਭਗਵਾਨਪੁਰ ਪਿੰਡ ਦਾ ਰਹਿਣ ਵਾਲਾ ਸੈਣੀ ਅਮਰੀਕਾ ਦੀ ਅਲਾਬਾਮਾ ਯੂਨੀਵਰਸਿਟੀ ਤੋਂ ਐਮਬੀਏ ਕਰ ਰਿਹਾ ਸੀ ਅਤੇ ਇੱਕ ਡਿਪਾਰਟਮੈਂਟਲ ਸਟੋਰ ਵਿੱਚ ਪਾਰਟ ਟਾਈਮ ਕੰਮ ਵੀ ਕਰ ਰਿਹਾ ਸੀ।

ਇਹ ਘਟਨਾ 16 ਜਨਵਰੀ ਦੀ ਹੈ, ਜਦੋਂ ਸੈਣੀ ਨੇ ਇੱਕ ਬੇਘਰ ਵਿਅਕਤੀ ਜੂਲੀਅਨ ਫ਼ਾਕਨਰ ਨੂੰ ਸਟੋਰ ਵਿੱਚ ਪਨਾਹ ਦੇਣ ਤੋਂ ਇਨਕਾਰ ਕਰ ਦਿੱਤਾ ਜਦੋਂ ਉਹ ਸਟੋਰ ਬੰਦ ਕਰ ਰਿਹਾ ਸੀ। ਸੈਣੀ ਨੇ ਫ਼ਾਕਨਰ ਨੂੰ ਖਾਣਾ ਦਿੱਤਾ ਅਤੇ ਉਸ ਨੂੰ ਚਲੇ ਜਾਣ ਲਈ ਕਿਹਾ, ਪਰ ਉਹ ਸਟੋਰ ਦੇ ਬਾਹਰ ਬੈਠ ਗਿਆ। ਜਦੋਂ ਉਸਨੇ ਸਟੋਰ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਤਾਂ ਸੈਣੀ ਨੇ ਉਸਨੂੰ ਅੰਦਰ ਨਾ ਦਿੱਤਾ । ਜਿਸ ਨਾਲ ਉਹ ਗੁੱਸੇ ਵਿੱਚ ਆ ਗਿਆ। ਸੀਸੀਟੀਵੀ ਵਿੱਚ ਰਿਕਾਰਡ ਹੋਏ ਹਮਲੇ ਵਿੱਚ ਫ਼ਾਕਨਰ ਨੇ ਸੈਣੀ ’ਤੇ ਹਥੌੜੇ ਨਾਲ ਕਰੀਬ 50 ਵਾਰ ਹਮਲਾ ਕੀਤਾ, ਜਿਸ ਕਾਰਨ ਸੈਣੀ ਦੀ ਮੌਕੇ ’ਤੇ ਹੀ ਦਰਦਨਾਕ ਮੌਤ ਹੋ ਗਈ।



# ਕਿਸਾਨੀ ਅੰਦੋਲਨ ਤੇ ਬੰਦੀ ਸਿੱਖਾਂ ਦੀ ਰਿਹਾਈ
# ਅਕਾਲੀ-ਭਾਜਪਾ ਗੱਠਜੋੜ
## ਹੋਣ ਵਿੱਚ ਬਣੇ ਵੱਡਾ ਅੜਿੱਕਾ

## ਦੋਵੇਂ ਪਾਰਟੀਆਂ ਗਠਜੋੜ ਕਰਨ ਲਈ ਸਰਗਰਮ

## ਮੋਦੀ ਸਰਕਾਰ ਬੰਦੀ ਸਿੱਖਾਂ ਤੇ ਕਿਸਾਨੀ ਮੰਗਾਂ ਬਾਰੇ ਚੁੱਪ

ਭਾਰਤ ਦੀਆਂ ਲੋਕ ਸਭਾ ਚੋਣਾਂ ਸਿਰ 'ਤੇ ਹਨ, ਸਾਰੀਆਂ ਪਾਰਟੀਆਂ ਗੱਠਜੋੜ ਕਰ ਕੇ ਸੀਟਾਂ ਦਾ ਲੈਣ ਦੇਣ ਕਰ ਰਹੀਆਂ ਹਨ ਪਰ ਪੰਜਾਬ ਵਿੱਚ ਅਕਾਲੀ ਦਲ ਅਤੇ ਭਾਜਪਾ ਗੱਠਜੋੜ ਬਾਰੇ ਲੋਕਾਂ ਦੇ ਵਿੱਚ ਦੁਚਿੱਤੀ ਹੈ। ਦੁਚਿੱਤੀ ਵਿੱਚ ਤਾਂ ਅਕਾਲੀ ਦਲ ਵੀ ਹੈ ਕਿਉਂਕਿ ਇਹਨਾਂ ਦੇ ਕੋਲ ਭਾਜਪਾ ਨਾਲ ਹੱਥ ਮਿਲਾਉਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੈ।

ਬੇਬੱਸੀ ਦੀ ਹਾਲਤ ਵਿੱਚ ਜਿਉਂਦਾ ਅਕਾਲੀ ਦਲ ਲੋਕ ਸਭਾ ਚੋਣਾਂ ਵਿੱਚ ਵੀ ਜੇ ਹਾਰਦਾ ਹੈ ਤਾਂ ਉਸ ਦੇ ਲਈ ਔਖੇ ਹਾਲਾਤ ਹੋਣਗੇ। ਅਕਾਲੀ ਲੀਡਰਸ਼ਿਪ ਇਸ ਵਾਰ ਕਿਸੇ ਨਾ ਕਿਸੇ ਤਰੀਕੇ ਦੇ ਨਾਲ ਲੋਕ ਸਭਾ ਚੋਣਾਂ ਭਾਜਪਾ ਦੇ ਸਹਾਰੇ ਜਿੱਤਣਾ ਚਾਹੁੰਦੀ ਹੈ ਤੇ ਭਾਜਪਾ ਕੋਲ ਵੀ ਪੰਜਾਬ ਦੇ ਵਿੱਚ ਕੋਈ ਬਹੁਤਾ ਆਧਾਰ ਨਹੀਂ, ਇਕੱਲਾ ਸੁਨੀਲ ਜਾਖੜ ਤੇ ਕੈਪਟਨ ਅਮਰਿੰਦਰ ਸਿੰਘ ਵਰਗੇ ਨਾਮੀ ਚਿਹਰੇ ਵੀ ਭਾਜਪਾ ਦਾ ਆਧਾਰ ਪੰਜਾਬ ਵਿੱਚ ਮਜਬੂਤ ਨਹੀਂ ਕਰ ਸਕਣਗੇ। ਅਸਲ ਵਿੱਚ ਗੱਠਜੋੜ ਦੀ ਜਿੰਨੀ ਲੋੜ ਅਕਾਲੀ ਦਲ ਨੂੰ ਹੈ, ਉਨੀਂ ਹੀ ਭਾਜਪਾ ਨੂੰ ਹੈ। ਭਾਜਪਾ ਨੇ ਕਿਆਸ ਲਾ ਲਿਆ ਹੈ ਕਿ ਪੰਜਾਬ ਵਿੱਚ ਉਨ੍ਹਾਂ ਦੇ ਪੈਰ ਨਹੀਂ ਲੱਗਣਗੇ। ਭਾਜਪਾ ਨੂੰ ਅੰਦਰਲਾ ਡਰ ਸਤਾ ਰਿਹਾ ਹੈ ਕਿ 2019 ਵਿੱਚ ਮਿਲੀਆਂ ਦੋ ਸੀਟਾਂ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਨੂੰ ਵੀ ਬਚਾਉਣਾ ਔਖਾ ਹੋ ਸਕਦਾ ਹੈ। ਇਸੇ ਤਰ੍ਹਾਂ ਅਕਾਲੀ ਦਲ ਵੀ ਸੋਚਦਾ ਹੈ ਕਿ ਜੇਕਰ ਗੱਠਜੋੜ ਨਾ ਹੋਇਆ ਤਾਂ ਅਸੀਂ 2019 ਵਿੱਚ ਮਿਲੀਆਂ ਬਠਿੰਡਾ, ਫਿਰੋਜ਼ਪੁਰ ਲੋਕ ਸਭਾ ਸੀਟਾਂ ਬਚਾ ਨਹੀਂ ਪਾਵਾਂਗੇ, ਅਕਾਲੀ-ਭਾਜਪਾ ਗਠਜੋੜ ਵਿੱਚ ਕੁਝ ਅੜਚਨਾਂ ਹਨ, ਉਹ ਹਨ ਕਿਸਾਨੀ ਅੰਦੋਲਨ ਤੇ ਬੰਦੀ ਸਿੱਖਾਂ ਦੀ ਰਿਹਾਈ, ਜੋ ਇਸ ਗੱਠਜੋੜ ਦੀ ਗਲੇ ਦੀ ਹੱਡੀ ਬਣੀਆਂ ਹੋਈਆਂ ਨੇ। ਹੋ ਸਕਦਾ ਹੈ ਕਿ ਇਹ ਗੱਠਜੋੜ ਫਰਵਰੀ ਦੇ ਵਿੱਚ ਹੀ ਹੋ ਜਾਂਦਾ, ਜੇ ਕਰ ਕਿਸਾਨੀ ਅੰਦੋਲਨ 13 ਫਰਵਰੀ ਤੋਂ ਸ਼ੁਰੂ ਨਾ ਹੁੰਦਾ।

ਸਿਆਣੇ ਕਹਿੰਦੇ ਨੇ ਕਿ ਬੰਦਿਆਂ ਦੇ ਨਾਲ ਹੀ ਬਹਾਰਾਂ ਹੁੰਦੀਆਂ ਨੇ। ਇਸੇ ਕਹਾਵਤ ਨੂੰ ਸੱਚ ਕਰਦਿਆਂ ਸੁਖਬੀਰ ਬਾਦਲ ਆਪਣੇ ਬਾਗੀ ਹੋਏ ਅਕਾਲੀ ਲੀਡਰਾਂ ਨੂੰ ਮਨਾਉਣ ਦੇ ਵਿੱਚ ਰੁੱਝੇ ਹੋਏ ਨੇ। ਇਕੱਲੇ ਗੱਠਜੋੜ ਦੇ ਨਾਲ ਹੀ ਅਕਾਲੀ ਭਾਜਪਾ ਦੀ ਗੱਲ ਨਹੀਂ ਬਣਨੀ, ਗੱਲ ਬਣਾਉਣ ਦੇ ਲਈ ਵੋਟਰਾਂ ਦੇ ਹੱਕ ਵਿੱਚ ਭੁਗਤਣਾ ਵੀ ਜ਼ਰੂਰੀ ਹੈ ਤੇ ਪੰਜਾਬ ਦਾ ਮੁੱਖ ਮਸਲਾ ਬੰਦੀ ਸਿੰਘਾਂ ਦੀ ਰਿਹਾਈ ਤੇ ਕਿਸਾਨੀ ਮੰਗਾਂ ਹਨ। ਲੋਕਾਂ ਦੀਆਂ ਕਿਆਸਅਰਾਈਆਂ ਤਾਂ ਉਸ ਸਮੇਂ ਹੀ ਲੱਗਣੀਆਂ ਸ਼ੁਰੂ ਹੋ ਗਈਆਂ ਸਨ, ਜਦੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਬਰਸੀ ਮੌਕੇ ਇਸ਼ਾਰਿਆਂ ਹੀ ਇਸ਼ਾਰਿਆਂ ਵਿੱਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬੀਜੇਪੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਮੰਚ ਤੋਂ ਗਠਜੋੜ ਨੂੰ ਲੈਕੇ ਵੱਡਾ ਇਸ਼ਾਰਾ ਕਰ ਦਿੱਤਾ ਸੀ । ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੂਬੇ ਦੀ ਭਲਾਈ ਦੇ ਲਈ ਇੱਕ ਝੰਡੇ ਹੇਠਾਂ ਆਉਣ ਦੀ ਜ਼ਰੂਰਤ ਹੈ। ਸੁਖਬੀਰ ਸਿੰਘ ਬਾਦਲ ਦਾ ਇਹ ਇਸ਼ਾਰਾ ਬੀਜੇਪੀ ਦੇ ਲਈ ਸੀ। ਬੀਜੇਪੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਵੀ ਬਿਨਾਂ ਅਕਾਲੀ ਦਲ ਦਾ ਨਾਂ ਲਏ ਕਿਹਾ ਸੀ ਕਿ ਪੰਜਾਬ ਨੂੰ ਬਚਾਉਣ ਦੇ ਲਈ ਸਾਨੂੰ ਇਕੱਠੇ ਆਉਣਾ ਹੋਵੇਗਾ।

1996 ਵਿੱਚ ਬੀਜੇਪੀ ਨਾਲ ਜਦੋਂ ਅਕਾਲੀਆਂ ਦਾ ਸਮਝੌਤਾ ਹੋਇਆ ਸੀ ਤਾਂ ਲੋਕ ਕਹਿੰਦੇ ਸਨ ਕਿ ਅਕਾਲੀ ਪੰਥ ਤੋਂ ਭਟਕ ਸਕਦੇ ਨੇ ਪਰ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਨੂੰ ਅੱਗੇ ਰੱਖ ਕੇ ਭਾਜਪਾ ਨਾਲ ਸਮਝੌਤਾ ਕੀਤਾ ਸੀ ਪਰ ਅੱਜ ਦੌਰ ਬਦਲ ਗਿਆ ਹੈ ਤੇ ਅਕਾਲੀ ਹੋਂਦ ਬਚਾਉਣ ਦੇ ਲਈ ਭਾਜਪਾ ਨਾਲ ਸਮਝੌਤਾ ਕਰ ਰਹੇ ਹਨ। ਸੁਖਬੀਰ ਸਿੰਘ ਬਾਦਲ ਦੇ ਉੱਤੇ ਖਾਸ ਕਰਕੇ ਤੱਕੜੀ ਵਾਲੇ ਕੱਟੜ ਵੋਟਰਾਂ ਨੂੰ ਬਹੁਤ ਉਮੀਦਾਂ ਨੇ, ਜੇ ਝਾਤ ਮਾਰੀ ਜਾਵੇ ਤਾਂ ਸੁਖਬੀਰ ਬਾਦਲ ਨੂੰ ਬਹੁਤ ਵਿਸ਼ਾਲ, ਦੂਰਦਰਸ਼ੀ ਵਾਲੀ ਪਟਾਰੀ ਵਿਰਾਸਤ ਵਿੱਚ ਮਿਲੀ ਹੋਈ ਹੈ ਤੇ ਉਸ ਦੇ ਸਹਾਰੇ ਸੁਖਬੀਰ ਬਾਦਲ ਆਪਣੀ ਪਾਰਟੀ ਦੇ ਵਿੱਚ ਫਿਰ ਤੋਂ ਜਾਨ ਪਾ ਸਕਦਾ ਹੈ। ਤੇ ਇਹ ਉਸ ਦੀ ਜਿੰਮੇਵਾਰੀ ਵੀ ਬਣਦੀ ਹੈ। ਸੱਚ ਤਾਂ ਇਹ ਹੈ ਕਿ ਅਕਾਲੀ ਪਾਰਟੀ ਵੀ ਚਾਹੁੰਦੀ ਹੈ ਕਿ ਬੀਜੇਪੀ ਸੈਂਟਰ ਦੇ ਵਿੱਚ ਹੈ ਤੇ ਉਹ ਕੁਝ ਪੰਜਾਬ ਦੇ ਲਈ ਵੱਡਾ ਐਲਾਨ ਕਰੇ, ਜਿਸ ਦੇ ਸਹਾਰੇ ਉਹ ਆਪਣੀ ਸਿਆਸੀ ਜ਼ਮੀਨ ਤਲਾਸ਼ ਸਕਣ।

*ਹਰਿਆਣਾ: ਲੱਡੂ ਮੁੱਕ ਗਏ, ਯਾਰਾਨੇ ਟੁੱਟ ਗਏ, ਕੱਚੀ ਯਾਰੀ ਲੱਡੂਆਂ ਦੀ...*

# ਭਾਜਪਾ ਅਤੇ ਜਨਨਾਇਕ ਜਨਤਾ ਪਾਰਟੀ ਦੀ ਸਿਆਸੀ ਸਾਂਝ ਦਾ ਤੋੜ ਵਿਛੋੜਾ

## ਪਹਿਲਾਂ ਗੁਜਰਾਤ ਅਤੇ ਉਤਰਾਖੰਡ ਵਿੱਚ ਵੀ ਮੁੱਖ ਮੰਤਰੀ ਬਦਲ ਚੁੱਕੀ ਹੈ ਭਾਜਪਾ

ਚੰਡੀਗੜ੍ਹ/ਏ.ਟੀ.ਨਿਊਜ਼ : ਭਾਜਪਾ ਆਪਣਾ ਹਰ ਪੱਤਾ ਬਹੁਤ ਸਮਝਦਾਰੀ ਨਾਲ ਤੇ ਸੰਜੀਦਗੀ ਦੇ ਨਾਲ ਸੁੱਟਦੀ ਹੈ। ਇੱਕ ਦਿਨ ਪਹਿਲਾਂ ਪੀ.ਐਮ. ਤੇ ਸੀ. ਐਮ. ਇੱਕਠੇ ਹੁੰਦੇ ਨੇ, ਤਾਰੀਫ਼ਾਂ ਹੁੰਦੀਆਂ ਨੇ, ਤੇ ਫੇਰ ਕੋਈ ਰੋਲਾ ਨਹੀਂ। ਦੋ ਮੰਤਰੀ ਦਿੱਲੀ ਤੋਂ ਆਉਂਦੇ ਨੇ ਤੇ ਨਵਾਂ ਮੁੱਖ ਮੰਤਰੀ ਐਲਾਨ ਦਿੰਦੇ ਨੇ। ਵੈਸੇ ਹਰਿਆਣਾ ਦੀ ਸਿਆਸਤ ਜਾਟਾਂ ਦੇ ਨਾਲ ਜੋੜੀ ਜਾਂਦੀ ਸੀ ਜਿਵੇਂ ਪੰਜਾਬ ਦੀ ਸਿਆਸਤ ਅਕਾਲੀਆਂ ਦੇ ਨਾਲ। ਇਹ ਭਰਮ ਹਰਿਆਣਾ ਵਿੱਚ ਟੁੱਟ ਗਿਆ ਤੇ ਪੰਜਾਬ ਦੇ ਵਿੱਚ ਵੀ।

ਤੇ ਹੁਣ ਹਰਿਆਣਾ ਵਿੱਚ ਸਿਆਸਤ ਦੀ ਨਵੀਂ ਖੇਡ ਖੇਡੀ ਗਈ। ਲੋਕ ਸਭਾ ਚੋਣਾਂ ਨੂੰ ਲੈ ਕੇ ਸੀਟਾਂ ਦੀ ਵੰਡ ਕਾਰਨ ਪੈਦਾ ਹੋਏ ਮਤਭੇਦਾਂ ਕਾਰਨ ਹਰਿਆਣਾ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਤੇ ਜਨਨਾਇਕ ਜਨਤਾ ਪਾਰਟੀ (ਜਜਪਾ) ਵਿਚਕਾਰ ਗਠਜੋੜ ਟੁੱਟ ਗਿਆ, ਜਿਸ ਕਾਰਨ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਸਮੂਹ ਕੈਬਨਿਟ ਮੰਤਰੀਆਂ ਸਣੇ ਅਸਤੀਫ਼ਾ ਰਾਜਪਾਲ ਬੰਡਾਰੂ ਦੱਤਾਤ੍ਰੇਅ ਨੂੰ ਸੌਂਪ ਦਿੱਤਾ। ਇਸ ਦੇ ਨਾਲ ਹੀ ਭਾਜਪਾ ਨੇ ਕੁਰੂਕਸ਼ੇਤਰ ਤੋਂ ਸੰਸਦ ਮੈਂਬਰ ਨਾਇਬ ਸਿੰਘ ਸੈਣੀ ਨੂੰ ਹਰਿਆਣਾ ਦਾ ਮੁੱਖ ਮੰਤਰੀ ਬਣਾ ਦਿੱਤਾ ਹੈ, ਜਿਨ੍ਹਾਂ ਨੇ ਹਰਿਆਣਾ ਰਾਜ ਭਵਨ 'ਚ ਹਰਿਆਣਾ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ।ਹੁਣ ਸਿਆਸੀ ਗਲੀਆਰਿਆਂ ਵਿੱਚ ਚਰਚਾ ਹੋ ਰਹੀ ਹੈ ਕਿ ਹਰਿਆਣਾ ਵਿੱਚ ਮੁੱਖ ਮੰਤਰੀ ਬਦਲਣ ਦਾ ਫੈਸਲਾ ਭਾਜਪਾ ਨੂੰ ਆਗਾਮੀ ਲੋਕ ਸਭਾ ਚੋਣਾਂ ਵਿੱਚ ਕਿੰਨਾ ਕੁ ਲਾਭ ਪਹੁੰਚਾਏਗਾ ? ਇਸ ਤੋਂ ਪਹਿਲਾਂ ਵੀ ਭਾਜਪਾ ਗੁਜਰਾਤ ਤੇ ਉਤਰਾਖੰਡ ਵਿੱਚ ਮੁੱਖ ਮੰਤਰੀ ਬਦਲ ਚੁੱਕੀ ਹੈ। ਗੁਜਰਾਤ 'ਚ 2022 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਤੋਂ 15 ਮਹੀਨੇ ਪਹਿਲਾਂ ਭਾਜਪਾ ਲੀਡਰਸ਼ਿਪ ਨੇ ਅਚਾਨਕ ਉਸ ਵੇਲੇ ਦੇ ਮੁੱਖ ਮੰਤਰੀ ਵਿਜੇ ਰੂਪਾਣੀ ਨੂੰ ਬਦਲ ਦਿੱਤਾ ਸੀ। 11 ਸਤੰਬਰ, 2021 ਨੂੰ ਵਿਜੇ ਰੂਪਾਣੀ ਨੇ ਰਾਜਪਾਲ ਨਾਲ ਮੁਲਾਕਾਤ ਕਰਨ ਪਿੱਛੋਂ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਰੂਪਾਣੀ ਤੋਂ ਬਾਅਦ ਭੁਪਿੰਦਰ ਪਟੇਲ ਨੂੰ ਗੁਜਰਾਤ ਦਾ ਨਵਾਂ ਮੁੱਖ ਮੰਤਰੀ ਬਣਾਇਆ ਗਿਆ। ਫਿਰ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੂੰ ਬੰਪਰ ਜਿੱਤ ਮਿਲੀ ਸੀ।ਗੁਜਰਾਤ ਦੇ ਨਾਲ ਹੀ ਉੱਤਰਾਖੰਡ 'ਚ ਵੀ ਭਾਜਪਾ ਨੇ ਚੋਣਾਂ ਤੋਂ ਪਹਿਲਾਂ ਆਪਣਾ ਮੁੱਖ ਮੰਤਰੀ ਬਦਲ ਦਿੱਤਾ ਸੀ। ਜੁਲਾਈ, 2021 'ਚ ਉਦੋਂ ਦੇ ਮੁੱਖ ਮੰਤਰੀ ਤੀਰਥ ਸਿੰਘ ਰਾਵਤ ਨੇ ਰਾਜਪਾਲ ਨੂੰ ਆਪਣਾ ਅਸਤੀਫਾ ਸੌਂਪ ਦਿੱਤਾ ਸੀ।ਗੁਜਰਾਤ ਅਤੇ ਉਤਰਾਖੰਡ ਵਿੱਚ ਮੁੱਖ ਮੰਤਰੀ ਬਦਲਣ ਤੋਂ ਬਾਅਦ ਭਾਜਪਾ ਨੂੰ ਮਿਲੀਆਂ ਜਿੱਤਾਂ ਨੂੰ ਮੁੱਖ ਰੱਖਦਿਆਂ ਭਾਜਪਾ ਨੇ ਹੁਣ ਹਰਿਆਣਾ ਵਿੱਚ ਮੁੱਖ ਮੰਤਰੀ ਬਦਲਣ ਦਾ ਸਿਆਸੀ ਪੱਤਾ ਖੇਡਿਆ ਹੈ। ਭਾਜਪਾ ਨੂੰ ਉਮੀਦ ਹੈ ਕਿ ਹਰਿਆਣਾ ਵਿੱਚ ਮੁੱਖ ਮੰਤਰੀ ਬਦਲਣ ਨਾਲ ਅਗਾਮੀ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਨੂੰ ਵੱਡੀ ਜਿੱਤ ਮਿਲੇਗੀ।

## ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਭਾਰਤੀ ਸਟੇਟ ਬੈਂਕ ਨੇ ਚੋਣ ਕਮਿਸ਼ਨ ਨੂੰ ਦਿੱਤੇ ਚੋਣ ਬਾਂਡ ਦੇ ਵੇਰਵੇ

ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤੀ ਸਟੇਟ ਬੈਂਕ (ਐੱਸ.ਬੀ.ਆਈ.) ਨੇ ਸੁਪਰੀਮ ਕੋਰਟ ਦੇ ਹੁਕਮਾਂ ਰਾਹੀਂ ਚੋਣ ਕਮਿਸ਼ਨ ਨੂੰ ਚੋਣ ਬਾਂਡ ਦੇ ਵੇਰਵੇ ਸੌਂਪ ਦਿੱਤੇ ਹਨ। ਸੁਪਰੀਮ ਕੋਰਟ ਨੇ ਕੱਲ੍ਹ ਐੱਸ.ਬੀ.ਆਈ. ਨੂੰ 12 ਮਾਰਚ ਨੂੰ ਕੰਮ-ਕਾਜੀ ਸਮਾਂ ਖ਼ਤਮ ਹੋਣ ਤੱਕ ਚੋਣ ਕਮਿਸ਼ਨ ਕੋਲ ਚੋਣ ਬਾਂਡ ਦੇ ਵੇਰਵਿਆਂ ਦਾ ਖੁਲਾਸਾ ਕਰਨ ਦਾ ਆਦੇਸ਼ ਦਿੱਤਾ ਸੀ। ਆਦੇਸ਼ ਮੁਤਾਬਕ, ਚੋਣ ਕਮਿਸ਼ਨ ਨੂੰ 15 ਮਾਰਚ ਸ਼ਾਮ ਪੰਜ ਵਜੇ ਤੱਕ ਬੈਂਕ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਆਪਣੀ ਅਧਿਕਾਰਿਤ ਵੈੱਬਸਾਈਟ 'ਤੇ ਪ੍ਰਕਾਸ਼ਤ ਕਰਨੀ ਹੋਵੇਗੀ। ਸੂਤਰਾਂ ਮੁਤਾਬਕ, ਐੱਸ.ਬੀ.ਆਈ. ਨੇ ਸਿਖਰਲੀ ਅਦਾਲਤ ਦੇ ਆਦੇਸ਼ ਦਾ ਪਾਲਣ ਕਰਦਿਆਂ ਚੋਣ ਬਾਂਡਾਂ ਦੇ ਵੇਰਵੇ ਚੋਣ ਕਮਿਸ਼ਨ ਨੂੰ ਸੌਂਪ ਦਿੱਤੇ ਹਨ। ਐੱਸ.ਬੀ.ਆਈ. ਨੇ 2018 ਵਿੱਚ ਯੋਜਨਾ ਸ਼ੁਰੂ ਕਰਨ ਮਗਰੋਂ 30 ਕਿਸ਼ਤਾਂ ਵਿੱਚ 16,518 ਕਰੋੜ ਰੁਪਏ ਦੇ ਚੋਣ ਬਾਂਡ ਜਾਰੀ ਕੀਤੇ ਸਨ। ਹਾਲਾਂਕਿ, ਸੁਪਰੀਮ ਕੋਰਟ ਨੇ 15 ਫਰਵਰੀ ਨੂੰ ਇੱਕ ਇਤਿਹਾਸਕ ਫ਼ੈਸਲੇ ਵਿੱਚ ਚੋਣ ਬਾਂਡ ਯੋਜਨਾ ਨੂੰ ਰੱਦ ਕਰ ਦਿੱਤਾ ਸੀ ਅਤੇ ਇਸ ਨੂੰ ਗ਼ੈਰ-ਸੰਵਿਧਾਨਕ ਕਰਾਰ ਦਿੰਦਿਆਂ ਚੋਣ ਕਮਿਸ਼ਨ ਨੂੰ ਚੰਦਾ ਦੇਣ ਵਾਲਿਆਂ, ਚੰਦੇ ਵਜੋਂ ਦਿੱਤੀ ਗਈ ਰਕਮ ਅਤੇ ਹਾਸਲ ਕਰਨ ਵਾਲਿਆਂ ਦਾ 13 ਮਾਰਚ ਤੱਕ ਖ਼ੁਲਾਸਾ ਕਰਨ ਦਾ ਹੁਕਮ ਦਿੱਤਾ ਸੀ। ਐੱਸ.ਬੀ.ਆਈ. ਨੇ ਵੇਰਵਿਆਂ ਦਾ ਖ਼ੁਲਾਸਾ ਕਰਨ ਲਈ 30 ਜੂਨ ਤੱਕ ਦਾ ਸਮਾਂ ਮੰਗਿਆ ਸੀ। ਹਾਲਾਂਕਿ, ਸਿਖਰਲੀ ਅਦਾਲਤ ਨੇ ਬੈਂਕ ਦੀ ਪਟੀਸ਼ਨ ਰੱਦ ਕਰ ਦਿੱਤੀ ਅਤੇ ਉਸ ਨੂੰ ਮੰਗਲਵਾਰ ਨੂੰ ਕੰਮ-ਕਾਜੀ ਸਮਾਂ ਖ਼ਤਮ ਹੋਣ ਤੱਕ ਸਾਰੇ ਵੇਰਵੇ ਚੋਣ ਕਮਿਸ਼ਨ ਨੂੰ ਸੌਂਪਣ ਦਾ ਹੁਕਮ ਦਿੱਤਾ। ਸਿਆਸੀ ਫੰਡਿੰਗ ਵਿੱਚ ਪਾਰਦਰਸ਼ਤਾ ਵਧਾਉਣ ਦੇ ਮਕਸਦ ਨਾਲ ਸਿਆਸੀ ਪਾਰਟੀਆਂ ਨੂੰ ਦਿੱਤੇ ਜਾਣ ਵਾਲੇ ਨਕਦ ਚੰਦੇ ਦੇ ਬਦਲ ਵਜੋਂ ਚੋਣ ਬਾਂਡ ਪੇਸ਼ ਕੀਤਾ ਗਿਆ ਸੀ। ਚੋਣ ਬਾਂਡ ਦੀ ਪਹਿਲੀ ਵਿਕਰੀ ਮਾਰਚ 2018 ਵਿੱਚ ਕੀਤੀ ਗਈ ਸੀ। ਚੋਣ ਬਾਂਡ ਸਿਆਸੀ ਪਾਰਟੀਆਂ ਵੱਲੋਂ ਅਧਿਕਾਰਿਤ ਬੈਂਕ ਖਾਤੇ ਰਾਹੀਂ ਕੈਸ਼ ਕਰਵਾਏ ਜਾਣੇ ਸਨ ਅਤੇ ਭਾਰਤੀ ਸਟੇਟ ਬੈਂਕ ਇਨ੍ਹਾਂ ਬਾਂਡਾਂ ਨੂੰ ਜਾਰੀ ਕਰਨ ਲਈ ਇਕਲੌਤੀ ਅਧਿਕਾਰਿਤ ਬੈਂਕ ਹੈ।

# ਅਮਰੀਕਾ ਖ਼ਬਰਨਾਮਾ

# ਅਮਰੀਕੀ ਰਾਸ਼ਟਰਪਤੀ ਦੀ ਚੋਣ ਲਈ ਸਰਗਰਮੀਆਂ ਤੇਜ਼

## ਟਰੰਪ ਜਮਹੂਰੀਅਤ ਲਈ ਖ਼ਤਰਾ: ਬਾਇਡਨ



ਵਾਸ਼ਿੰਗਟਨ/ਏ.ਟੀ.ਨਿਊਜ਼ : ਦੂਜੀ ਵਾਰ ਰਾਸ਼ਟਰਪਤੀ ਬਣਨ ਦੀ ਦੌੜ ਵਿੱਚ ਸ਼ਾਮਲ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਆਪਣੇ ਰਵਾਇਤੀ ਵਿਰੋਧੀ ਡੋਨਲਡ ਟਰੰਪ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਸਾਬਕਾ ਅਮਰੀਕੀ ਸਦਰ ਦੇਸ਼ ਦੀ ਜਮਹੂਰੀਅਤ ਲਈ ਖ਼ਤਰਾ ਹੈ। ਉਨ੍ਹਾਂ ਕਿਹਾ ਕਿ ਟਰੰਪ ਦੇ ਕਾਰਜਕਾਲ ਵਿੱਚ ਜਮਹੂਰੀਅਤ ਤੇ ਦੇਸ਼ ਦੀ ਆਜ਼ਾਦੀ ਖ਼ਤਰੇ ਵਿੱਚ ਸੀ। ਬਾਇਡਨ ਦੇ ਦੋਸ਼ ਲਾਇਆ ਕਿ ਟਰੰਪ ਨੇ ਰੂਸ ਅੱਗੇ ਗੋਡੇ ਟੇਕੇ ਅਤੇ 'ਗੁੱਸੇ, ਵੈਰ-ਵਿਰੋਧ ਤੇ ਰਾਜ ਪਲਟੇ' ਦੀ ਹਮਾਇਤ ਕੀਤੀ। ਅਮਰੀਕੀ ਸੰਸਦ ਦੇ ਸਾਂਝੇ ਸੈਸ਼ਨ ਨੂੰ ਆਪਣੇ ਆਖਰੀ ਸਟੇਟ ਆਫ਼ ਦਿ ਯੂਨੀਅਨ ਸੰਬੋਧਨ ਦੌਰਾਨ ਬਾਇਡਨ ਨੇ ਟਰੰਪ ਦਾ ਨਾਮ ਲਏ ਬਿਨਾਂ ਆਪਣੀ ਤਕਰੀਰ ਦੌਰਾਨ ਘੱਟੋ-ਘੱਟ 13 ਵਾਰ ਸਾਬਕਾ ਅਮਰੀਕੀ ਰਾਸ਼ਟਰਪਤੀ ਦਾ ਜ਼ਿਕਰ ਆਪਣੇ ਤੋਂ ਪਹਿਲੇ ਰਾਸ਼ਟਰਪਤੀ ਵਜੋਂ ਕੀਤਾ। ਸੁਪਰ ਮੰਗਲਵਾਰ ਮਗਰੋਂ ਨਵੰਬਰ ਵਿੱਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿਚ ਮੁੱਖ ਮੁਕਾਬਲਾ ਬਾਇਡਨ ਤੇ ਟਰੰਪ ਵਿਚਾਲੇ ਤੈਅ ਹੋ ਗਿਆ ਹੈ। ਬਾਇਡਨ (81), ਜੋ ਅਮਰੀਕਾ ਦੇ ਸਭ ਤੋਂ ਉਮਰਦਰਾਜ਼ ਰਾਸ਼ਟਰਪਤੀ ਹਨ, ਨੇ ਟਰੰਪ (77) ਨੂੰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਬਾਰੇ ਹਾਲੀਆ ਟਿੱਪਣੀ, ਪਰਵਾਸ, ਜਨਵਰੀ 6 ਦੀ ਬਗਾਵਤ (ਅਮਰੀਕੀ ਸੰਸਦ 'ਤੇ ਹਮਲੇ), ਗਰਭਪਾਤ ਤੇ ਗੰਨ ਕੰਟਰੋਲ ਜਿਹੇ ਵੱਖ ਵੱਖ ਮੁੱਦਿਆਂ 'ਤੇ ਘੇਰਿਆ। ਅਗਾਮੀ ਰਾਸ਼ਟਰਪਤੀ ਚੋਣਾਂ ਵਿਚ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਬਾਇਡਨ ਨੇ ਕਿਹਾ, "ਇੱਕ ਰਾਸ਼ਟਰਪਤੀ, ਜਿਸ ਕੋਲ ਮੇਰੇ ਤੋਂ ਪਹਿਲਾਂ ਦੇਸ਼ ਦੀ ਕਮਾਨ ਸੀ, ਆਪਣੇ ਬੁਨਿਆਦੀ ਫ਼ਰਜ਼ ਨਿਭਾਉਣ ਵਿੱਚ ਵੀ ਨਾਕਾਮ ਰਿਹਾ। ਕਿਸੇ ਵੀ ਰਾਸ਼ਟਰਪਤੀ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਅਮਰੀਕੀ ਲੋਕਾਂ ਦੀ ਸੰਭਾਲ ਕਰੇ। ਇਹ ਨਾਮੁਆਫ਼ੀਯੋਗ ਹੈ। ਹੁਣ ਸਾਬਕਾ ਰਿਪਬਲਿਕਨ ਰਾਸ਼ਟਰਪਤੀ (ਟਰੰਪ), ਪੂਤਿਨ ਨੂੰ ਕਹਿੰਦਾ ਹੈ, "ਤੂੰ ਜੋ ਕਰਨਾ ਹੈ ਕਰ ਲੈ"।

ਕੈਲੀਫ਼ੋਰਨੀਆਂ/ਏ.ਟੀ.ਨਿਊਜ਼ : ਇਸ ਸਮੇਂ ਪੂਰੀ ਦੁਨੀਆਂ ਦੀਆਂ ਨਜ਼ਰਾਂ ਅਮਰੀਕਾ ਵੱਲ ਲੱਗੀਆਂ ਹੋਈਆਂ ਹਨ। ਦਰਅਸਲ ਵਿੱਚ ਇਸ ਸਾਲ ਦੇ ਨਵੰਬਰ ਮਹੀਨੇ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਹੋਣੀ ਹੈ, ਜਿਸਦੇ ਲਈ ਹੁਣੇ ਤੋਂ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਇਸ ਮੁਕਾਬਲੇ ਦੀ ਤਸਵੀਰ ਹੁਣ ਸਾਫ਼ ਹੋਣੀ ਸ਼ੁਰੂ ਹੋ ਗਈ ਹੈ। ਅਮਰੀਕਾ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਣ ਲੱਗਿਆ ਹੈ ਕਿ ਅਮਰੀਕਾ ਦੇ ਵਰਤਮਾਨ ਅਤੇ ਸਾਬਕਾ ਰਾਸ਼ਟਰਪਤੀ ਵਿਚਾਲੇ ਚੋਣ ਮੁਕਾਬਲਾ ਹੋਵੇਗਾ। ਇਸੇ ਦੌਰਾਨ ਰੀਪਬਲਿਕਨ ਪਾਰਟੀ ਦੀ ਟਿਕਟ ਦੀ ਦਾਅਵੇਦਾਰ ਨਿੱਕੀ ਹੇਲੀ ਚੋਣ ਮੈਦਾਨ ਵਿਚੋਂ ਹੱਟ ਗਈ ਹੈ। ਜਿਸ ਕਰਕੇ ਹੁਣ ਰੀਪਬਲਿਕਨ ਪਾਰਟੀ ਵਿੱਚ ਸਭ ਤੋਂ ਅੱਗੇ ਚੱਲ ਰਹੇ ਸਾਬਕਾ ਰਾਸ਼ਟਰਪਤੀ ਟਰੰਪ ਦੀ ਸਥਿਤੀ ਮਜ਼ਬੂਤ ਹੋ ਗਈ ਹੈ ਅਤੇ ਉਹਨਾਂ ਦੀ ਉਮੀਦਵਾਰੀ ਲਗਭਗ ਤੈਅ ਮੰਨੀ ਜਾ ਰਹੀ ਹੈ। ਟਰੰਪ ਵੱਲੋਂ ਇਸ ਚੋਣ ਵਿੱਚ ਡੈਮੋਕ੍ਰੇਟਿਵ ਪਾਰਟੀ ਦੇ ਉਮੀਦਵਾਰ ਅਤੇ ਵਰਤਮਾਨ ਰਾਸ਼ਟਰਪਤੀ ਬਿਡੇਨ ਨਾਲ ਮੁਕਾਬਲਾ ਕੀਤਾ ਜਾਵੇਗਾ।

ਅਮਰੀਕਾ ਵਿੱਚ ਰਾਸ਼ਟਰਪਤੀ ਦੀ ਚੋਣ ਦੇ ਨਾਲ ਹੀ ਉਪ ਰਾਸ਼ਟਰਪਤੀ ਦੀ ਚੋਣ ਦੇ ਲਈ ਵੀ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਰੀਪਬਲਿਕਨ ਪਾਰਟੀ ਵਿੱਚ ਉਪ ਰਾਸ਼ਟਰਪਤੀ ਅਹੁਦੇ ਦੇ ਲਈ ਭਾਰਤੀ ਮੂਲ ਦੇ ਲੋਕਾਂ ਦੀ ਦਾਅਵੇਦਾਰੀ ਮਜਬੂਤ ਹੋ ਗਈ ਹੈ। ਸਾਉਥ ਕੈਰੋਲਿਨਾ ਦੀ ਸਾਬਕਾ ਗਵਰਨਰ ਨਿੱਕੀ ਹੇਲੀ, ਭਾਰਤੀ ਮੂਲ ਦੇ ਕਾਰੋਬਾਰੀ ਵਿਵੇਕ ਰਾਮਾਸਵਾਮੀ ਦੇ ਇਲਾਵਾ ਅਮਰਿਕੀ ਹਿੰਦੂ ਤੁਲਸੀ ਗੇਬਾਰਡ ਇਸ ਦੌੜ ਵਿੱਚ ਅੱਗੇ ਦੱਸੇ ਜਾ ਰਹੇ ਹਨ। ਬੀਤੇ ਦਿਨੀਂ ਇੱਕ ਟੀ ਵੀ ਇੰਟਰਵਿਊ ਦੌਰਾਨ ਜਦੋਂ ਟਰੰਪ ਤੋਂ ਪੁਛਿਆ ਗਿਆ ਕਿ ਉਹਨਾਂ ਦੇ ਉਪ ਰਾਸ਼ਟਰਪਤੀ ਦੇ ਲਈ 6 ਨਾਮ ਕਿਹੜੇ ਹੋ ਸਕਦੇ ਹਨ ਤਾਂ ਟਰੰਪ ਨੇ ਰਾਮਾਸਵਾਮੀ, ਤੁਲਸੀ, ਰੋਨ ਡਿਸੇਟਿਸ, ਟਿਮ ਸਕਾਟ, ਬਾਈਰੀਨ ਡੋਨਾਲਡ ਅਤੇ ਕ੍ਰਿਟੀ ਨੌਇਮ ਦਾ ਨਾਮ ਲਿਆ ਸੀ।

## ਉਪ ਰਾਸ਼ਟਰਪਤੀ ਦੇ ਲਈ ਭਾਰਤੀ ਮੂਲ ਦੇ ਨੇਤਾਵਾਂ ਦੀ ਦਾਅਵੇਦਾਰੀ ਮਜ਼ਬੂਤ



**ਨਿੱਕੀ ਹੇਲੀ** : ਉਪ ਰਾਸ਼ਟਰਪਤੀ ਦੀ ਦੌੜ ਵਿੱਚ ਨਿੱਕੀ ਹੇਲੀ ਦਾ ਨਾਮ ਵੀ ਲਿਆ ਜਾ ਰਿਹਾ ਹੈ। ਉਹ ਸਾਊਥ ਕੈਰੋਲੀਨਾ ਦੀ ਸਾਬਕਾ ਗਵਰਨਰ ਹੈ। ਭਾਰਤੀ ਮੂਲ ਦੀ ਨਿੱਕੀ ਨੇ ਟਰੰਪ ਨੂੰ ਵਾਸ਼ਿਗਟਨ ਅਤੇ ਵੇਰਮੋਂਟ ਰਾਜ ਵਿੱਚ ਹਰਾਇਆ ਹੈ। ਹੇਲੀ ਦੀ ਵੱਡੀ ਤਾਕਤ ਇਹ ਹੈ ਕਿ ਉਸ ਨੂੰ ਫਡਿੰਗ ਦੇ ਲਈ ਕਈ ਵੱਡੇ ਕਾਰਪੋਰੇਟ ਅਤੇ ਕਾਰੋਬਾਰੀਆਂ ਦੀ ਹਮਾਇਤ ਹੈ।

**ਵਿਵੇਕ ਰਾਮਾਸਵਾਮੀ** : ਭਾਰਤੀ ਮੂਲ ਦੇ ਵਿਵੇਕ ਰਾਮਾਸਵਾਮੀ ਨੇ ਰਾਸ਼ਟਰਪਤੀ ਦੀ ਦੌੜ ਵਿੱਚ ਸ਼ਾਮਲ ਹੁੰਦਿਆਂ ਟਰੰਪ ਨੂੰ ਹਮਾਇਤ ਦਿੰਦੇ ਹੋਏ 15 ਜਨਵਰੀ ਨੂੰ ਆਪਣੀ ਮੁਹਿੰਮ ਨੂੰ ਖ਼ਤਮ ਕਰ ਦਿੱਤਾ ਸੀ। ਟਰੰਪ ਦੇ ਮੇਕ ਅਮਰੀਕਾ,ਗ੍ਰੇਟ ਅਗੈਨ ਮੁਹਿੰਮ ਦੇ ਵੱਡੇ ਸਮਰਥਕ ਰਾਮਾਸਵਾਮੀ ਟਰੰਪਦੇ ਉਪ ਰਾਸ਼ਟਰਪਤੀ ਉਮੀਦਵਾਰ ਹੋ ਸਕਦੇ ਹਨ।

**ਤੁਲਸੀ ਗੇਬਾਰਡ** : ਅਮਰੀਕਨ ਹਿੰਦੂ ਤੁਲਸੀ ਗੇਬਾਰਡ ਰੀਪਬਲਿਕਨ ਪਾਰਟੀ ਵਿੱਚ ਆਂਉਣ ਤੋਂ ਪਹਿਲਾਂ ਡੈਮੋਕ੍ਰੇਟਿਵ ਪਾਰਟੀ ਵਿੱਚ ਸੀ, ਜਿਥੇ ਕਿ ਉਹ 2020 ਦੇ ਰਾਸ਼ਟਰਪਤੀ ਦੇ ਉਮੀਦਵਾਰਾਂ ਵਿੱਚ ਸ਼ਾਮਲ ਸੀ।

**ਰੋਨ ਡਿਸੇਟਿਸ** : ਟਰੰਪ ਸਮਰਥਕ ਡਿਸੇਟਿਸ 1019 ਤੋਂ ਫਲੋਰਿਡਾ ਦੇ ਗਵਰਨਰ ਹਨ। ਕੋਵਿਡ ਅਤੇ ਇਯਾਨਅਤੇ ਨਿਕੋਲ ਤੂਫਾਨ ਵਿੱਚ ਇਹਨਾਂ ਦੇ ਰਾਹਤ ਕੰਮਾਂ ਤੋਂ ਲੋਕ ਕਾਫ਼ੀ ਪ੍ਰਭਾਵਿਤ ਹੋਏ।

**ਟਿਮ ਸਕਾਟ** : ਟਿਮ ਸਾਉਥ ਕੈਰੋਲਿਨਾ ਦੇ 2023 ਤੋਂ ਗਵਰਨਰ ਹਨ। ਪਹਿਲਾਂ ਉਹਨਾਂ ਨੇ ਰਾਸ਼ਟਰਪਤੀ ਚੋਣ ਲੜਨ ਦਾ ਐਲਾਨ ਕੀਤਾ ਸੀ ਪਰ ਨਵੰਬਰ 2023 ਵਿੱਚ ਆਪਣਾ ਨਾਮ ਵਾਪਸ ਲੈ ਲਿਆ।

**ਬਾਈਰੋਨ ਡੋਨਾਲਡ** : ਡੋਨਾਲਡ ਰੀਪਬਲਿਕਨ ਨੇਤਾ ਅਤੇ ਫਾਈਨੇਸ਼ਨ ਪ੍ਰੋਫੈਸਨਲ ਹਨ। ਉਹ ਸਾਲ 2022 ਤੋਂ ਅਮਰੀਕੀ ਕਾਂਗਰਸ ਦੇ ਮੈਂਬਰ ਹਨ। ਉਹ ਟਰੰਪ ਦੇ ਨੇੜਲੇ ਸਹਿਯੋਗੀ ਦਸੇ ਜਾਂਦੇ ਹਨ।

**ਕ੍ਰਿਟੀ ਨੋਏਮ** :ਕ੍ਰਿਟੀ ਸਾਊਥ ਡੇਕੋਟਾ ਦੀ ਪਹਿਲੀ ਮਹਿਲਾ ਗਵਰਨਰ ਹੈ। ਉਹਨਾਂ ਨੇ ਟਰੰਪ ਦੀ 7 ਮੁਸਲਿਮ ਦੇਸ਼ਾਂ ਦੇ ਲੋਕਾਂ ਦੀ ਅਮਰੀਕੀ ਯਾਤਰਾ 'ਤੇ ਰੋਕ ਦੀ ਨੀਤੀ ਦਾ ਸਮਰਥਨ ਕੀਤਾ ਸੀ। ਅਮਰੀਕਾ ਨੂੰ ਵਿਸ਼ਵ ਦਾ 'ਥਾਣੇਦਾਰ' ਕਿਹਾ ਜਾਂਦਾ ਹੈ ਅਤੇ ਪੂਰੀ ਦੁਨੀਆਂ ਵਿੱਚ ਅਮਰੀਕਾ ਵੱਲੋਂ ਸੁਪਰ ਮਹਾਂਸ਼ਕਤੀ ਦੇ ਰੂਪ ਵਿੱਚ ਭੂਮਿਕਾ ਨਿਭਾਈ ਜਾਂਦੀ ਹੈ। ਇਸੇ ਕਾਰਨ ਅਮਰੀਕੀ ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ ਦੀ ਚੋਣ ਸਬੰਧੀ ਪੂਰੀ ਦੁਨੀਆਂ ਵਿੱਚ ਦਿਲਚਸਪੀ ਪਾਈ ਜਾ ਰਹੀ ਹੈ। ਅਮਰੀਕਾ ਵਿੱਚ ਜਦੋਂ ਰਾਸ਼ਟਰਪਤੀ ਦੀ ਚੋਣ ਤੋਂ ਬਾਅਦ ਅਮਰੀਕਾ ਦੀ ਵਿਦੇਸ਼ ਨੀਤੀ ਵਿੱਚ ਵੀ ਬਦਲਾਓ ਆ ਜਾਂਦਾ ਹੈ। ਇਸ ਤੋਂ ਇਲਾਵਾ ਅਮਰੀਕਾ ਦੇ ਰਾਸ਼ਟਪਤੀ ਦੀ ਚੋਣ ਅਨੁਸਾਰ ਹੀ ਅਮਰੀਕਾ ਦੇ ਦੂਸਰੇ ਦੇਸ਼ਾਂ ਨਾਲ ਸਬੰਧਾਂ 'ਚ ਵੀ ਕੁਝ ਹੱਦ ਤਕ ਬਦਲਾਓ ਆ ਜਾਂਦਾ ਹੈ।

## 'ਭਾਰਤ ਨਾਲ ਭਾਈਵਾਲੀ ਮਜ਼ਬੂਤ ਕਰ ਰਿਹੈ ਅਮਰੀਕਾ'

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਆਰਥਿਕ ਵਿਵਹਾਰ, ਤਾਇਵਾਨ ਜਲ-ਡਮਰੂ ਖੇਤਰ ਵਿੱਚ ਸ਼ਾਂਤੀ ਤੇ ਸੁਰੱਖਿਆ ਲਈ ਚੀਨ ਖ਼ਿਲਾਫ਼ ਖੜ੍ਹਾ ਹੈ ਅਤੇ ਭਾਰਤ ਜਿਹੇ ਸਹਿਯੋਗੀਆਂ ਨਾਲ ਆਪਣੀ ਭਾਈਵਾਲੀ ਨੂੰ ਮਜ਼ਬੂਤ ਕਰ ਰਿਹਾ ਹੈ।

ਨਵੰਬਰ ਵਿੱਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਆਖਰੀ 'ਸਟੇਟ ਆਫ਼ ਦਿ ਯੂਨੀਅਨ' ਸੰਬੋਧਨ ਵਿੱਚ ਬਾਇਡਨ ਨੇ ਕਿਹਾ ਕਿ ਅਮਰੀਕਾ ਚੀਨ ਨਾਲ ਟਕਰਾਅ ਨਹੀਂ ਬਲਕਿ ਮੁਕਾਬਲਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਪੇਈਚਿੰਗ ਖਿਲਾਫ਼ 21ਵੀਂ ਸਦੀ ਵਿੱਚ ਮੁਕਾਬਲਾ ਜਿੱਤਣ ਲਈ ਮਜ਼ਬੂਤ ਸਥਿਤੀ ਵਿੱਚ ਹੈ।

## ਏਲੀਅਨ ਬਾਰੇ ਨਾ ਸਬੂਤ ਮਿਲਿਆ, ਨਾ ਸਾਡਾ ਕੋਈ ਸੰਪਰਕ ਰਿਹਾ

### ਪੈਂਟਾਗਨ ਦੇ ਏ.ਡੀ.ਏ.ਆਰ.ਓ. ਵੱਲੋਂ ਜਾਰੀ ਹੋਈ ਰਿਪੋਰਟ




ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰੱਖਿਆ ਮੰਤਰਾਲੇ ਪੈਂਟਾਗਨ ਨੇ ਇੱਕ ਰਿਪੋਰਟ ਵਿੱਚ ਵੱਡਾ ਖੁਲਾਸਾ ਕੀਤਾ ਹੈ। ਪੈਂਟਾਗਨ ਨੇ ਰਿਪੋਰਟ 'ਚ ਕਿਹਾ ਹੈ ਕਿ 1950 ਤੋਂ 1960 ਦਰਮਿਆਨ ਅਮਰੀਕਾ ਦੇ ਆਸਮਾਨ 'ਚ ਸਮੇਂ-ਸਮੇਂ 'ਤੇ ਦੇਖੇ ਗਏ ਅਣਪਛਾਤੇ ਫਲਾਇੰਗ ਆਬਜੈਕਟਸ ਦਾ ਏਲੀਅਨ ਨਾਲ ਕੋਈ ਸਬੰਧ ਨਹੀਂ ਸੀ। ਇਹ ਏਲੀਅਨ ਸਪੇਸਸ਼ਿਪ ਨਹੀਂ ਸਨ ਬਲਕਿ ਅਮਰੀਕਾ ਦੇ ਆਪਣੇ ਗੁਪਤ ਹਵਾਈ ਜਹਾਜ਼ ਸਨ।

ਪੈਂਟਾਗਨ ਦੇ ਆਲ ਡੋਮੇਨ ਐਨੋਮਾਲੀ ਰੈਜ਼ੋਲਿਊਸ਼ਨ ਆਫਿਸ ( ਏ.ਡੀ.ਏ.ਆਰ.ਓ.) ਵੱਲੋਂ ਜਾਰੀ ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਹੁਣ ਤੱਕ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਹੈ, ਜਿਸ ਤੋਂ ਇਹ ਸਪੱਸ਼ਟ ਹੋ ਸਕੇ ਕਿ ਸਾਡਾ ਏਲੀਅਨ ਨਾਲ ਕੋਈ ਸੰਪਰਕ ਰਿਹਾ ਹੈ। ਹੁਣੇ ਜਿਹੇ ਕਾਂਗਰਸ ਨੂੰ ਸੌਂਪੀ ਗਈ ਰਿਪੋਰਟ ਦੇ ਅਨੁਸਾਰ, ਦੇਖੇ ਗਏ ਜ਼ਿਆਦਾਤਰ ਯੂ.ਐਫ.ਓ. ਵਸਤੂਆਂ ਸਾਧਾਰਨ ਧਰਤੀ ਦੀਆਂ ਵਸਤੂਆਂ ਸਨ। ਹਾਲਾਂਕਿ ਪੈਂਟਾਗਨ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਏਲੀਅਨ 'ਤੇ ਉਸਦੀ ਖੋਜ ਜਾਰੀ ਰਹੇਗੀ। ਪੈਂਟਾਗਨ ਦੇ ਬੁਲਾਰੇ ਨੇ ਕਿਹਾ ਕਿ ਵੱਖ-ਵੱਖ ਟੀਵੀ ਸ਼ੋਅ, ਕਿਤਾਬਾਂ, ਏਲੀਅਨ 'ਤੇ ਆਧਾਰਿਤ ਫਿਲਮਾਂ ਅਤੇ

(ਬਾਕੀ ਸਫ਼ਾ 30 'ਤੇ)

## ਸਕੂਲੀ ਵਿਦਿਆਰਥੀਆਂ 'ਤੇ ਅਣਪਛਾਤਿਆਂ ਵੱਲੋਂ ਗੋਲ਼ੀਬਾਰੀ, 8 ਜ਼ਖ਼ਮੀ

ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਉੱਤਰ ਪੂਰਬ ਫਿਲਾਡੈਲਫੀਆ (ਪੈਨਸਿਲਵਾਨੀਆ) ਵਿੱਚ ਛੁੱਟੀ ਤੋਂ ਬਾਅਦ ਬੱਸ ਦੀ ਉਡੀਕ ਕਰ ਰਹੇ ਇੱਕ ਸਕੂਲ ਦੇ ਵਿਦਿਆਰਥੀਆਂ ਉੱਪਰ ਅਣਪਛਾਤੇ ਹਮਲਾਵਰਾਂ ਵੱਲੋਂ ਗੋਲੀਬਾਰੀ ਕਰਨ ਦੀ ਖ਼ਬਰ ਹੈ। ਪੁਲਿਸ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਇਸ ਘਟਨਾ ਵਿੱਚ 8 ਵਿਦਿਆਰਥੀ ਜ਼ਖਮੀ ਹੋਏ ਹਨ।

ਪੁਲਿਸ ਕਮਿਸ਼ਨਰ ਕੈਵਿਨ ਬੈਥਲ ਨੇ ਕਿਹਾ ਹੈ ਕਿ ਦੁਪਹਿਰ ਬਾਅਦ 3 ਵਜੇ ਦੇ ਕਰੀਬ 15 ਤੋਂ 17 ਸਾਲਾਂ ਦੇ ਵਿਦਿਆਰਥੀ ਬੱਸ ਸਟਾਪ ਉੱਪਰ ਬੱਸ ਦੀ ਉਡੀਕ ਕਰ ਰਹੇ ਸਨ, ਜਦੋਂ 3 ਅਣਪਛਾਤੇ ਵਿਅਕਤੀ ਇੱਕ ਕਾਰ ਵਿੱਚ ਆਏ ਤੇ ਉਨ੍ਹਾਂ ਨੇ ਵਿਦਿਆਰਥੀਆਂ ਉੱਪਰ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਨੇ ਘੱਟੋ ਘੱਟ 30 ਗੋਲੀਆਂ ਚਲਾਈਆਂ ਤੇ ਦੌੜ ਗਏ।

ਉਨ੍ਹਾਂ ਕਿਹਾ ਕਿ ਇੱਕ 16 ਸਾਲਾ ਵਿਦਿਆਰਥੀ ਦੇ 9 ਗੋਲੀਆਂ ਵੱਜੀਆਂ ਹਨ ਜਿਸ ਦੀ ਹਾਲਤ ਗੰਭੀਰ ਹੈ ਜਦ ਕਿ ਬਾਕੀਆਂ ਦੇ ਲੱਤਾਂ, ਬਾਹਾਂ, ਪਿੱਠ ਤੇ ਸਰੀਰ ਦੇ ਉਪਰਲੇ ਹਿੱਸਿਆਂ ਵਿੱਚ ਗੋਲੀਆਂ ਵੱਜੀਆਂ ਹਨ ਇਨ੍ਹਾਂ ਸਾਰਿਆਂ ਦੀ ਹਾਲਤ ਸਥਿਰ ਹੈ। ਉਨ੍ਹਾਂ ਕਿਹਾ ਕਿ 3 ਅਣਪਛਾਤੇ ਹਮਲਾਵਰਾਂ ਤੇ ਕਾਰ ਦੇ ਡਰਾਈਵਰ ਦੀ ਭਾਲ ਕੀਤੀ ਜਾ ਰਹੀ ਹੈ। ਫਿਲਾਡੈਲਫੀਆ ਜਾਂਚ ਪੁਲਿਸ ਡਿਪਟੀ ਕਮਿਸ਼ਨਰ ਫਰੈਂਕ ਵਾਨੋਰ ਨੇ ਕਿਹਾ ਹੈ ਕਿ ਇੱਕ ਨੀਲੇ ਰੰਗ ਦੀ ਹੁੰਡਾਈ ਸੋਨਾਟਾ ਕਾਰ ਬਰਾਮਦ ਕਰ ਲਈ ਹੈ। ਸਮਝਿਆ ਜਾਂਦਾ ਹੈ ਕਿ ਹਮਲਾਵਰਾਂ ਨੇ ਇਸ ਕਾਰ ਦੀ ਵਰਤੋਂ ਕੀਤੀ ਸੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੈਨੇਡਾ ’ਚ ਘਰ ਖ਼ਰੀਦਣਾ ਹੋਇਆ ਮਹਿੰਗਾ, ਬੀਮਾ ਦਰਾਂ ’ਚ ਭਾਰੀ ਵਾਧਾ

ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ਵਿੱਚ ਘਰ ਖਰੀਦਣਾ ਅਤੇ ਬਣਾਉਣਾ ਮਹਿੰਗਾ ਹੋਣ ਜਾ ਰਿਹਾ ਹੈ। ਹਾਲ ਹੀ ਵਿੱਚ ਕੈਨੇਡਾ ਵਿੱਚ ਘਰਾਂ ਦਾ ਬੀਮਾ 8 ਫ਼ੀਸਦੀ ਤੱਕ ਮਹਿੰਗਾ ਹੋ ਗਿਆ ਹੈ ਅਤੇ ਮੌਜੂਦਾ ਵਰ੍ਹੇ ਦੌਰਾਨ ਹੋਰ ਵਾਧਾ ਹੋਣ ਦੇ ਆਸਾਰ ਹਨ। ਸਸਕੈਚਵਨ ਅਤੇ ਮੈਨੀਟੋਬਾ ਵਰਗੇ ਰਾਜਾਂ ਵਿੱਚ ਵਾਧਾ ਦਰ 12 ਫ਼ੀਸਦੀ ਦਰਜ ਕੀਤੀ ਜਦਕਿ ਓਂਟਾਰੀਓ ਵਿੱਚ 6 ਫ਼ੀਸਦੀ ਅਤੇ ਬੀ.ਸੀ. ਵਿੱਚ ਪੌਣੇ ਅੱਠ ਫ਼ੀਸਦੀ ਵਾਧਾ ਹੋਣ ਦੀ ਰਿਪੋਰਟ ਹੈ। ਮਾਹਿਰਾਂ ਮੁਤਾਬਕ 2023 ਦੌਰਾਨ ਮੌਸਮ ਦੀ ਮਾਰ ਕਾਰਨ ਬੀਮੇ ਅਧੀਨ ਜ਼ਮੀਨ ਜਾਇਦਾਦਾਂ ਦਾ 3 ਅਰਬ ਡਾਲਰ ਤੋਂ ਵੱਧ ਨੁਕਸਾਨ ਹੋਇਆ ਅਤੇ ਇਸੇ ਕਰ ਕੇ ਪ੍ਰੀਮੀਅਮ ਦੀ ਰਕਮ ਤੇਜ਼ੀ ਨਾਲ ਵਧ ਗਈ।

**ਇਨ੍ਹਾਂ ਸੂਬਿਆਂ ਦੇ ਲੋਕਾਂ ’ਤੇ ਸਭ ਤੋਂ ਵੱਧ ਮਾਰ**



ਗਲੋਬਲ ਨਿਊਜ਼ ਦੀ ਰਿਪੋਰਟ ਮੁਤਾਬਕ ਕੁਦਰਤੀ ਆਫਤਾਂ ਨੇ ਲੋਕਾਂ ’ਤੇ ਵਿੱਤੀ ਬੋਝ ਵਧਾਉਣ ਦਾ ਕੰਮ ਕੀਤਾ। ਇੰਸ਼ੋਰੈਂਸ ਬੋਰਡ ਆਫ ਕੈਨੇਡਾ ਦੇ ਅੰਕੜੇ ਦੱਸਦੇ ਹਨ ਕਿ 2023 ਵਿੱਚ ਹੋਏ 3.1 ਅਰਬ ਡਾਲਰ ਦੇ ਨੁਕਸਾਨ ਵਿਚੋਂ 720 ਮਿਲੀਅਨ ਡਾਲਰ ਦਾ ਨੁਕਸਾਨ ਇਕੱਲੇ ਬੀ.ਸੀ. ਵਿੱਚ ਦਰਜ ਕੀਤਾ ਗਿਆ। ਇਸ ਤੋਂ ਬਾਅਦ ਓਂਨਟਾਰੀਓ ਅਤੇ ਕਿਊਬੈਕ ਵਿੱਚ ਸਾਂਝੇ ਤੌਰ ’ਤੇ 710 ਮਿਲੀਅਨ ਡਾਲਰ ਦਾ ਨੁਕਸਾਨ ਹੋਣ ਦੀ ਰਿਪੋਰਟ ਹੈ। ਵਾਧੇ ਮਗਰੋਂ ਸਸਕੈਚਵਨ ਵਾਸੀਆਂ ਨੂੰ ਇਸ ਸਾਲ ਘਰ ਦੇ ਬੀਮੇ ਦਾ ਪ੍ਰੀਮੀਅਮ ਅਦਾ ਕਰਦਿਆਂ 12 ਫ਼ੀਸਦੀ ਵੱਧ ਰਕਮ ਦੇਣੀ ਹੋਵੇਗੀ ਜਦਕਿ ਮੈਨੀਟੋਬਾ ਵਿਚ 11.31 ਫ਼ੀਸਦੀ ਵਾਧਾ ਹੋਇਆ ਹੈ।

ਓਂਟਾਰੀਓ ਵਿੱਚ 6.32 ਫ਼ੀਸਦੀ ਵਾਧਾ

ਐਲਬਰਟਾ ਵਿੱਚ 9.25 ਫ਼ੀਸਦੀ ਵੱਧ ਰਕਮ ਵਸੂਲ ਕੀਤੀ ਜਾਵੇਗੀ ਜਦਕਿ ਨੋਵਾ ਸਕੋਸ਼ੀਆ ਵਿੱਚ ਸਵਾ ਅੱਠ ਫ਼ੀਸਦੀ ਵਾਧਾ ਹੋਣ ਦੀ ਰਿਪੋਰਟ ਹੈ। ਓਂਟਾਰੀਓ ਵਾਸੀਆਂ ਨੂੰ ਪਿਛਲੇ ਸਾਲ ਦੇ ਮੁਕਾਬਲੇ 6 ਫ਼ੀਸਦੀ ਵਧ ਰਕਮ ਅਦਾ ਕਰਨੀ ਹੋਵੇਗੀ ਜਦਕਿ ਬੀ.ਸੀ. ਵਿੱਚ ਵਾਧਾ ਦਰ 7.63 ਫ਼ੀਸਦੀ ਦਰਜ ਕੀਤੀ ਗਈ ਹੈ। ਨਿਊਫਾਊਂਡਲੈਂਡ ਐਂਡ ਲੈਬਰਾਡੋਰ ਵਿਖੇ ਬੀਮਾ ਪ੍ਰੀਮੀਅਮ 6.89 ਫ਼ੀਸਦੀ ਵਧੇ ਜਦਕਿ ਨਿਊ ਬ੍ਰਨਜ਼ਵਿਕ ਵਿਖੇ ਵਾਧਾ ਦਰ ਸਿਰਫ 2.39 ਫ਼ੀਸਦੀ ਦਰਜ ਕੀਤੀ ਗਈ। ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕਾ ਦੇ ਫਲੋਰੀਡਾ ਵਰਗੇ ਰਾਜਾਂ ਵਿਚ ਹਰ ਸਾਲ ਸਮੁੰਦਰੀ ਤੂਫਾਨ ਜਾਂ ਹੋਰ ਕੁਦਰਤੀ ਆਫਤਾਂ ਆਉਣ ਦਾ ਖਤਰਾ ਬਣਿਆ ਰਹਿੰਦਾ ਹੈ ਜਿਸ ਦੇ ਸਿੱਟੇ ਵਜੋਂ ਬੀਮਾ ਦਰਾਂ ਤੇਜ਼ੀ ਨਾਲ ਵਧਦੀਆਂ ਹਨ ਪਰ ਕੈਨੇਡਾ ਵਿੱਚ ਆਮ ਤੌਰ ’ਤੇ ਹਰ ਸਾਲ ਕੁਦਰਤੀ ਆਫਤਾਂ ਦੀ ਮਾਰ ਨਹੀਂ ਪੈਂਦੀ।

## ਪਰਿਵਾਰ ਦੇ ਛੇ ਜੀਆਂ ਦੀ ਚਾਕੂ ਨਾਲ ਹੱਤਿਆ, ਘਰ ’ਚ ਰਹਿ ਰਿਹਾ ਵਿਦਿਆਰਥੀ ਗ੍ਰਿਫ਼ਤਾਰ



ਟੋਰਾਂਟੋ/ਏ.ਟੀ.ਨਿਊਜ਼ : ਓਟਾਵਾ ਦੇ ਘਰ ’ਚ ਰਹਿ ਰਹੇ 19 ਸਾਲਾ ਸ੍ਰੀਲੰਕਾਈ ਵਿਦਿਆਰਥੀ ਨੂੰ ਢਾਈ ਮਹੀਨੇ ਦੀ ਬੱਚੀ ਸਮੇਤ ਘਰ ’ਚ ਰਹਿ ਰਹੇ ਛੇ ਵਿਅਕਤੀਆਂ ਦੀ ਚਾਕੂ ਨਾਲ ਹੱਤਿਆਵਾਂ ਕਰਨ ਦੇ ਦੋਸ਼ ’ਚ ਗ੍ਰਿਫ਼ਤਾਰ ਕੀਤਾ ਗਿਆ ਹੈ। ਮੁਲਜ਼ਮ ਦੀ ਪਛਾਣ ਫੈਬਰੀਸੀਓ ਡੀ-ਜ਼ੋਏਸਾ ਵਜੋਂ ਹੋਈ ਹੈ ਅਤੇ ਉਸ ’ਤੇ ਹੱਤਿਆ ਅਤੇ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ ਲਗਾਏ ਗਏ ਹਨ। ਕੈਨੇਡਾ ਵਿੱਚ ਸਮੂਹਿਕ ਕਤਲ ਦੀਆਂ ਘਟਨਾਵਾਂ ਆਮ ਨਹੀਂ ਹਨ। ਇਸ ਘਟਨਾ ਵਿੱਚ ਮਾਰੇ ਗਏ ਲੋਕ ਸ੍ਰੀਲੰਕਾ ਦੇ ਨਾਗਰਿਕ ਸਨ ਅਤੇ ਹਾਲ ਹੀ ਵਿੱਚ ਕੈਨੇਡਾ ਆਏ ਸਨ। ਮਰਨ ਵਾਲਿਆਂ ਵਿੱਚ 35 ਸਾਲਾ ਔਰਤ ਦਰਸ਼ਨੀ ਏਕਨਿਆਕੇ, ਉਸ ਦਾ ਸੱਤ ਸਾਲਾ ਪੁੱਤਰ ਏਨੁਕਾ ਵਿਕਰਮਾਸਿੰਘੇ, ਚਾਰ ਸਾਲਾ ਧੀ ਅਸ਼ਵਿਨੀ ਵਿਕਰਮਾਸਿੰਘੇ, ਦੋ ਸਾਲਾ ਧੀ ਰਿਨਿਆਨਾ ਵਿਕਰਮਾਸਿੰਘੇ ਅਤੇ ਡੇਢ ਮਹੀਨੇ ਦੀ ਬੱਚੀ ਕੈਲੀ ਵਿਕਰਮਸਿੰਘੇ ਅਤੇ ਪਰਿਵਾਰ ਦਾ 40 ਸਾਲਾ ਜਾਣਕਾਰ ਜੀ. ਗਾਮਿਨੀ ਅਮਰਕੂਨ ਸ਼ਾਮਲ ਹਨ। ਪੁਲਿਸ ਨੇ ਦੱਸਿਆ ਕਿ ਜਦੋਂ ਅਧਿਕਾਰੀ ਮੌਕੇ ’ਤੇ ਪਹੁੰਚੇ ਤਾਂ ਮ੍ਰਿਤਕ ਬੱਚਿਆਂ ਦਾ ਪਿਤਾ ਘਰ ਦੇ ਬਾਹਰ ਸੀ ਅਤੇ ਲੋਕਾਂ ਨੂੰ ਐਮਰਜੰਸੀ ਸੇਵਾਵਾਂ ਨੂੰ ਫੋਨ ਕਰਨ ਦੀ ਬੇਨਤੀ ਕਰ ਰਿਹਾ ਸੀ। ਪੁਲਿਸ ਨੂੰ ਬੀਤੀ ਰਾਤ 10.52 ਵਜੇ ਦੋ ਫ਼ੋਨ ਕਾਲ ਆਏ ਸਨ। ਪਿਤਾ ਵੀ ਗੰਭੀਰ ਰੂਪ ’ਚ ਜ਼ਖਮੀ ਹੈ ਅਤੇ ਉਸ ਨੂੰ ਹਸਪਤਾਲ ’ਚ ਭਰਤੀ ਕਰਵਾਇਆ ਗਿਆ ਹੈ ਪਰ ਉਸ ਦੀ ਜਾਨ ਨੂੰ ਖਤਰਾ ਨਹੀਂ ਹੈ।

# ਆਸਟ੍ਰੇਲੀਆ ਅਤੇ ਲਾਓਸ ਨੇ ਦੱਖਣ-ਪੂਰਬੀ ਏਸ਼ੀਆਈ ਸੰਮੇਲਨ ’ਚ ਦੁਵੱਲੇ ਸਬੰਧਾਂ ਨੂੰ ਕੀਤਾ ਉੱਚਾ



ਮੈਲਬੌਰਨ/ਏ.ਟੀ.ਨਿਊਜ਼ : ਆਸਟ੍ਰੇਲੀਆ ਅਤੇ ਲਾਓਸ ਦੇ ਨੇਤਾਵਾਂ ਨੇ ਦੱਖਣ-ਪੂਰਬੀ ਏਸ਼ੀਆਈ ਸੰਮੇਲਨ ਦੇ ਆਖਰੀ ਦਿਨ ਦੁਵੱਲੇ ਸਬੰਧਾਂ ਨੂੰ ਡੂੰਘਾ ਕਰਨ ਵਾਲੇ ਇਕ ਸਮਝੌਤੇ ’ਤੇ ਹਸਤਾਖਰ ਕੀਤੇ। ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਅਤੇ ਉਨ੍ਹਾਂ ਦੇ ਲਾਓਸ ਹਮਰੁਤਬਾ ਸੋਨੇਕਸੇ ਸਿਫਾਂਡੋਨ ਆਸਟ੍ਰੇਲੀਆ ਦੇ 10-ਦੇਸ਼ਾਂ ਦੇ ਬਲਾਕ ਦੇ ਪਹਿਲੇ ਬਾਹਰੀ ਹਿੱਸੇਦਾਰ ਬਣਨ ਦੇ 50 ਸਾਲ ਪੂਰੇ ਹੋਣ ’ਤੇ ਮੈਲਬੋਰਨ ਵਿੱਚ ਆਯੋਜਿਤ ਕੀਤੇ ਜਾ ਰਹੇ ਦੱਖਣ-ਪੂਰਬੀ ਏਸ਼ੀਆਈ ਰਾਸ਼ਟਰਾਂ ਦੇ ਵਿਸ਼ੇਸ਼ ਸੰਮੇਲਨ ਦੀ ਸਹਿ-ਪ੍ਰਧਾਨਗੀ ਕਰ ਰਹੇ ਹਨ।

ਇਹ ਸਮਝੌਤਾ ਸਬੰਧਾਂ ਨੂੰ ਇੱਕ ਵਿਆਪਕ ਸਾਂਝੇਦਾਰੀ ਵੱਲ ਵਧਾਉਂਦਾ ਹੈ ਜੋ ਰੱਖਿਆ, ਵਾਤਾਵਰਣ, ਜਲਵਾਯੂ, ਸਵੱਛ ਊਰਜਾ, ਖੇਤੀਬਾੜੀ ਅਤੇ ਸਿੱਖਿਆ ’ਤੇ ਸਹਿਯੋਗ ਦੀ ਨੀਂਹ ਬਣੇਗਾ। ਲਾਓਸ, ਜੋ ਕਿ ਬਲਾਕ ਦਾ ਸਭ ਤੋਂ ਗਰੀਬ ਰਾਸ਼ਟਰ ਹੈ, ਨੇ ਇਸ ਸਾਲ ਇੰਡੋਨੇਸ਼ੀਆ ਤੋਂ ਆਸੀਆਨ ਦੀ ਅਗਵਾਈ ਸੰਭਾਲੀ ਹੈ ਅਤੇ ਸੰਪਰਕ ਅਤੇ ਲਚਕੀਲੇਪਨ ਨੂੰ ਵਧਾਉਣ ਦੇ ਥੀਮ ਨੂੰ ਅਪਣਾ ਰਿਹਾ ਹੈ। ਪੂਰਬੀ ਤਿਮੋਰ ਦੇ ਪ੍ਰਧਾਨ ਮੰਤਰੀ ਜ਼ਾਨਾਨਾ ਗੁਸਮਾਓ ਵੀ ਸਿਖਰ ਸੰਮੇਲਨ ਵਿੱਚ ਹਿੱਸਾ ਲੈ ਰਹੇ ਹਨ ਜਦੋਂ ਆਸੀਆਨ ਨੇ ਏਸ਼ੀਆ ਦੇ ਸਭ ਤੋਂ ਨਵੇਂ ਦੇਸ਼ ਨੂੰ ਸਵੀਕਾਰ ਕਰਨ ਲਈ ਸਿਧਾਂਤਕ ਤੌਰ ’ਤੇ ਸਹਿਮਤੀ ਦਿੱਤੀ ਹੈ।

# .ਗੈਰ-ਕਾਨੂੰਨੀ ਢੰਗ ਨਾਲ ਯੂ.ਕੇ. ਜਾਣ ਵਾਲੇ ਭਾਰਤੀਆਂ ’ਚ 60.ਫੀਸਦੀ ਵਾਧਾ ਦਰਜ

ਲੰਡਨ/ਏ.ਟੀ.ਨਿਊਜ਼ : ਯੂ.ਕੇ ਜਾਣ ਲਈ ਭਾਰਤੀ ਜ਼ਿਆਦਾਤਰ ਗੈਰ ਕਾਨੂੰਨੀ ਢੰਗਾਂ ਦੀ ਵਰਤੋਂ ਕਰ ਰਹੇ ਹਨ।

ਸਾਲ 2023 ਵਿੱਚ ਛੋਟੀਆਂ ਕਿਸ਼ਤੀਆਂ ਰਾਹੀਂ ਯੂ.ਕੇ ਜਾਣ ਵਾਲੇ ਭਾਰਤੀ ਨਾਗਰਿਕਾਂ ਵਿੱਚ 60% ਵਾਧਾ ਹੋਇਆ ਹੈ। ਜਿਸ ਨਾਲ ਭਾਰਤੀ ਨੌਂਵਾਂ ਸਭ ਤੋਂ ਵੱਡਾ ਸਮੂਹ ਬਣ ਗਏ ਜੋ ਕੈਲੇਸ ਵਿੱਚ ਤਸਕਰਾਂ ਨੂੰ ਅਜਿਹਾ ਕਰਨ



ਲਈ ਸੈਂਕੜੇ ਪੌਂਡ ਦਾ ਭੁਗਤਾਨ ਕਰਨ ਤੋਂ ਬਾਅਦ ਇਸ ਤਰ੍ਹਾਂ ਪਹੁੰਚੇ। ਭਾਰਤੀਆਂ ਵਿੱਚ ਜ਼ਿਆਦਾਤਰ 18 ਤੋਂ 39 ਸਾਲ ਦੀ ਉਮਰ ਦੇ ਪੁਰਸ਼ ਹਨ ਜੋ ਸ਼ਰਣ ਦਾ ਦਾਅਵਾ ਕਰਦੇ ਹਨ। ਦਫਤਰ ਫਾਰ ਨੈਸ਼ਨਲ ਸਟੈਟਿਸਟਿਕਸ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ 2023 ਵਿੱਚ 1,192 ਭਾਰਤੀ ਛੋਟੀਆਂ ਕਿਸ਼ਤੀਆਂ ਰਾਹੀਂ ਗੈਰ-ਕਾਨੂੰਨੀ ਢੰਗ ਨਾਲ ਬ੍ਰਿਟੇਨ ਪਹੁੰਚੇ। ਇਹ 2022 ਦੇ ਮੁਕਾਬਲੇ 60% ਦਾ ਵਾਧਾ ਹੈ ਜਦੋਂ 748 ਭਾਰਤੀਆਂ ਨੇ ਛੋਟੀਆਂ ਕਿਸ਼ਤੀਆਂ ਜ਼ਰੀਏ ਪਾਰ ਕੀਤਾ ਸੀ। ਪਿਛਲੇ ਦੋ ਸਾਲਾਂ ਵਿੱਚ ਇਹ ਸੰਖਿਆ 2021 ਵਿੱਚ 67 ਨੂੰ ਪਾਰ ਕਰ ਗਈ, ਜਦੋਂ ਸਾਲ 2020 ਵਿੱਚ 64 ਦਾ ਅੰਕੜਾ ਪਾਰ ਕੀਤਾ ਗਿਆ ਸੀ। ਕਿਹਾ ਜਾਂਦਾ ਹੈ ਕਿ ਇਹ ਸਾਲ 2018 ਅਤੇ 2019 ਦੇ (ਬਾਕੀ ਸਫ਼ਾ 30 ’ਤੇ)

## ਸਲਾਨਾ ਸੰਗੀਤ ਤੇ ਡਾਂਸ ਮੇਲਾ 19 ਮਾਰਚ ਤੋਂ

ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਇੰਡੀਅਨ ਫਾਈਨ ਆਰਟਸ ਅਕੈਡਮੀ ਸੈਨ ਡਇਏਗੋ (ਆਈ. ਐਫ. ਏ. ਏ. ਐਸ. ਡੀ.) ਆਪਣਾ 17 ਵਾਂ ਸੰਗੀਤ ਤੇ ਡਾਂਸ ਮੇਲਾ 19 ਮਾਰਚ ਤੋਂ 24 ਮਾਰਚ ਤੱਕ ਮਨਾਵੇਗੀ। ਜੈਵਿਸ਼ ਕਮਿਊਨਿਟੀ ਸੈਂਟਰ ਵਿਖੇ ਅਯੋਜਿਤ ਕੀਤੇ ਜਾਣ ਵਾਲੇ ਇਸ ਵਿਸ਼ਾਲ ਸਮਾਗਮ ਵਿੱਚ ਸੰਗੀਤ ਤੇ ਡਾਂਸ ਖੇਤਰ ਨਾਲ ਜੁੜੀਆਂ ਉਘੀਆਂ ਸਖਸ਼ੀਅਤਾਂ ਹਿੱਸਾ ਲੈਣਗੀਆਂ। ਸਮਾਗਮ ਦੀ ਕਲਾਸੀਕਲ ਡਾਂਸ ਵਣਗੀ ਵਿੱਚ ਭਾਰਤ ਤੇ ਅਮਰੀਕਾ ਤੋਂ ਵੱਖ ਵੱਖ ਹੁਨਰ ਵੇਖਣ ਨੂੰ ਮਿਲੇਗਾ। ਸਮਾਗਮ ਵਿੱਚ ਭਾਰਤ ਰਤਨ ਰਵੀ ਸ਼ੰਕਰ ਦਾ 104 ਵਾਂ ਜਨਮ ਦਿਨ ਵੀ ਮਨਾਇਆ ਜਾਵੇਗਾ। ਇਸ ਮੌਕੇ ਅਯੋਜਿਤ ਕੀਤੇ ਜਾਣ ਵਾਲੇ ਸੰਗੀਤ ਤੇ ਡਾਂਸ ਦੇ ਦੋ ਸਮਾਗਮਾਂ ਵਿੱਚ ਸਮੁੱਚੇ ਦੱਖਣੀ ਕੈਲੀਫੋਰਨੀਆ ਤੋਂ 100 ਤੋਂ ਵਧ ਬੱਚੇ ਹਿੱਸਾ ਲੈਣਗੇ। ਆਯੋਜਕਾਂ ਨੇ ਕਿਹਾ ਹੈ ਕਿ ਇਸ ਮੌਕੇ ਮਹਿਮਾਨਾਂ ਨੂੰ ਦੱਖਣ ਤੋਂ ਉੱਤਰੀ ਭਾਰਤ ਤੱਕ ਸਾਕਾਹਾਰੀ ਭਾਰਤੀ ਖਾਣਿਆਂ ਦਾ ਆਨੰਦ ਮਾਣਨ ਦਾ ਮੌਕਾ ਮਿਲੇਗਾ।

## ਮਨਦੀਪ ਸਿੰਘ ਸਕਾਟਿਸ਼ ਨੇ ਅਪ੍ਰੈਂਟਿਸਸ਼ਿਪ ਐਵਾਰਡ-2024 ਜਿੱਤਿਆ

ਗਲਾਸਗੋ/ਏ.ਟੀ.ਨਿਊਜ਼ : ਜਲਵਾਯੂ ਤਬਦੀਲੀ ਕਾਰਨ ਤਰ੍ਹਾਂ-ਤਰ੍ਹਾਂ ਦੀਆਂ ਭਿਆਨਕ ਬਿਮਾਰੀਆਂ ਮਾਨਵਤਾ ਅੱਗੇ ਮੂੰਹ ਅੱਡੀ ਖੜ੍ਹੀਆਂ ਹਨ। ਵਿਸ਼ਵ ਭਰ ਵਿੱਚ ਪ੍ਰਦੂਸ਼ਣ ਰਹਿਤ ਮਾਹੌਲ ਸਿਰਜਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਇਹਨਾਂ ਕੋਸ਼ਿਸ਼ਾਂ ਅਧੀਨ ਹੀ ਸੌਰ ਊਰਜਾ, ਪੌਣ ਊਰਜਾ ਆਦਿ ਵੱਲ ਕਦਮ ਵਧਾਏ ਜਾ ਰਹੇ ਹਨ। ਪੜ੍ਹਾਈ ਦੇ ਨਾਲ-ਨਾਲ ਵਾਤਾਵਰਣ ਸੁਰੱਖਿਆ ਦੇ ਖੇਤਰ ਵਿੱਚ ਯੋਗਦਾਨ ਪਾਉਣ ਲਈ ਸਕਿੱਲ ਡਿਵੈਲਪਮੈਂਟ ਸਕਾਟਲੈਂਡ ਵੱਲੋਂ ਨੌਜਵਾਨਾਂ ਨੂੰ ਅਜਿਹੇ ਉਸਾਰੂ ਕਾਰਜਾਂ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ, ਜਿਸ ਨਾਲ ਨੈੱਟ ਜ਼ੀਰੋ ਐਮੀਸ਼ਨ ਤੱਕ ਪਹੁੰਚਿਆ ਜਾ ਸਕੇ। ਨੌਜਵਾਨਾਂ ਦੀ ਪ੍ਰਤਿਭਾ ਨੂੰ ਪਛਾਨਣ, ਸਨਮਾਨਣ ਤੇ ਉਹਨਾਂ ਕੋਲੋਂ ਹੋਰ ਵਧੇਰੇ ਯੋਗਦਾਨ ਪਵਾਉਣ ਲਈ ਸਕਾਟਿਸ਼ ਅਪ੍ਰੈਂਟਿਸਸ਼ਿਪ ਅਵਾਰਡ 2024 ਦਾ ਆਯੋਜਨ ਸਕਾਟਲੈਂਡ ਦੀ ਰਾਜਧਾਨੀ ਐਡਿਨਬਰਾ ਵਿਖੇ



ਕੀਤਾ ਗਿਆ ਸੀ। ਸਪੋਰਟਿੰਗ ਨੈੱਟ ਜ਼ੀਰੋ ਅਪ੍ਰੈਂਟਿਸ ਆਫ ਦਿ ਈਅਰ ਸ਼੍ਰੇਣੀ ਵਿੱਚ ਇਸ ਸਾਲ ਦੇ ਸਕਾਟਿਸ਼ ਅਪ੍ਰੈਂਟਿਸਸ਼ਿਪ ਅਵਾਰਡਾਂ ਵਿੱਚ ਆਖਰੀ ਤਿੰਨ ਮੁਕਾਬਲੇਬਾਜ਼ਾਂ ਵਿੱਚ ਪੰਜਾਬੀ ਸਿੱਖ ਨੌਜਵਾਨ ਮਨਦੀਪ ਸਿੰਘ ਸੰਨੀ ਨੇ ਵੀ ਥਾਂ ਬਣਾਈ ਸੀ। ਫਾਈਨਲ ਮੁਕਾਬਲੇ ਵਿੱਚ ਜੇਤੂ ਸਿਹਰਾ ਮਨਦੀਪ ਸਿੰਘ ਦੇ ਸਿਰ ਸਜਿਆ ਹੈ। 20 ਸਾਲਾ ਮਨਦੀਪ ਸਿੰਘ ਦੀ ਇਸ ਮਾਣਮੱਤੀ ਪ੍ਰਾਪਤੀ ’ਤੇ ਸਕਾਟਲੈਂਡ ਦਾ ਪੰਜਾਬੀ ਭਾਈਚਾਰਾ ਫਖ਼ਰ ਮਹਿਸੂਸ ਕਰ ਰਿਹਾ ਹੈ। ਅੰਮ੍ਰਿਤਸਰ ਦੇ ਲਾਗਲੇ ਪਿੰਡ ਇੱਬਣ ਕਲਾਂ ਤੋਂ ਸਕਾਟਲੈਂਡ ਆ ਵਸੇ ਹਰਪਾਲ ਸਿੰਘ ਤੇ ਬਲਵਿੰਦਰ ਕੌਰ ਦਾ ਸਪੁੱਤਰ ਮਨਦੀਪ ਸਿੰਘ ਆਪਣੇ ਮਾਂ-ਬਾਪ ਤੇ ਦਾਦਾ ਸੁੱਚਾ ਸਿੰਘ ਵਾਂਗ ਧਾਰਮਿਕ ਵਿਚਾਰਾਂ ਨਾਲ ਓਤ-ਪੋਤ ਹੈ। ਮਨਦੀਪ ਸਿੰਘ ਇਸ ਵੇਲੇ ਮਾਡਰਨ ਅਪ੍ਰੈਂਟਿਸਸ਼ਿਪ ਇਨ ਇਲੈਕਟ੍ਰੀਕਲ ਇੰਸਟਾਲੇਸ਼ਨ ਦੇ ਦੂਜੇ ਸਾਲ ਵਿੱਚ ਹੈ। ਐੱਫ. ਈ. ਐੱਸ. ਗਰੁੱਪ ਨਾਲ ਕੰਮ ਕਰਦਿਆਂ ਉਹ ਸਕਾਟਲੈਂਡ ਭਰ ਵਿੱਚ ਸੋਲਰ ਫਾਰਮਾਂ ਤੇ ਡਿਸਟ੍ਰਿਕਟ ਹੀਟਿੰਗ ਪ੍ਰਾਜੈਕਟਸ ਵਿੱਚ ਸਰਗਰਮ ਭੂਮਿਕਾ ਨਿਭਾ ਰਿਹਾ ਹੈ। ਇਸ ਵੱਕਾਰੀ ਸਨਮਾਨ ਦਾ ਜੇਤੂ ਬਣਨ ਪਿੱਛੇ ਇਹ ਵੀ ਵਜ੍ਹਾ ਹੈ ਕਿ ਮਨਦੀਪ ਸਿੰਘ ਆਪਣੇ ਕੰਮਾਂ ਦੌਰਾਨ ਸਾਲ ਵਿੱਚ 1000 ਟਨ ਕਾਰਬਨ ਡਾਈਆਕਸਾਈਡ ਐਮੀਸ਼ਨ ਘੱਟ ਕਰਨ ਵਿੱਚ ਸਫ਼ਲਤਾ ਹਾਸਲ ਕਰ ਚੁੱਕਾ ਹੈ। ਮਨਦੀਪ ਸਿੰਘ ਦੇ ਪਿਤਾ ਹਰਪਾਲ ਸਿੰਘ ਇੱਬਣ ਨੇ ਕਿਹਾ ਕਿ ਉਸਦੀ ਇਸ ਪ੍ਰਾਪਤੀ ਨੇ ਪਰਿਵਾਰ ਦਾ ਹੀ ਨਹੀਂ ਸਗੋਂ ਭਾਈਚਾਰੇ ਦਾ ਨਾਮ ਰੌਸ਼ਨ ਕੀਤਾ ਹੈ।

## ਅਮਰੀਕਾ ਵਿੱਚ ਇੱਕ ਛੋਟੇ ਜਹਾਜ਼ ਨੂੰ ਜ਼ਮੀਨ ਉੱਪਰ ਡਿੱਗਣ ਉਪਰੰਤ ਲੱਗੀ ਅੱਗ, 5 ਮੌਤਾਂ

ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਅਮਰੀਕਾ ਵਿੱਚ ਵਰਜੀਨੀਆ ਦੀ ਪੱਛਮੀ ਸਰਹੱਦ ਨੇੜੇ ਜੰਗਲੀ ਖੇਤਰ ਵਿੱਚ ਇੱਕ ਛੋਟੇ ਜਹਾਜ਼ ਨੂੰ ਜ਼ਮੀਨ ਉੱਪਰ ਡਿੱਗ ਜਾਣ ਉਪਰੰਤ ਅੱਗ ਲੱਗ ਜਾਣ ਦੀ ਖ਼ਬਰ ਹੈ ਜਿਸ ਵਿੱਚ ਸਵਾਰ ਇੱਕ ਨਬਾਲਗ ਸਮੇਤ ਸਾਰੇ 5 ਵਿਅਕਤੀਆਂ ਦੀ ਮੌਤ ਹੋ ਗਈ। ਸੰਘੀ ਹਵਾਬਾਜ਼ੀ ਪ੍ਰਸ਼ਾਸਨ (ਐਫ.ਐਫ.ਏ.) ਅਨੁਸਾਰ ਦੋ ਇੰਜਣਾਂ ਵਾਲਾ ਆਈ. ਏ. ਆਈ. ਐਸਟਰਾ 1125 ਜਹਾਜ਼ ਹਾਟ ਸਪਰਿੰਗਜ (ਵਰਜੀਨੀਆ) ਵਿੱਚ ਇੰਗਾਲਸ ਫੀਲਡ ਹਵਾਈ ਅੱਡੇ ਨੇੜੇ ਬਾਅਦ ਦੁਪਹਿਰ 3 ਵਜੇ ਦੇ ਆਸ ਪਾਸ ਡਿੱਗਾ। ਸਟੇਟ ਪੁਲਿਸ ਅਨੁਸਾਰ ਜਹਾਜ਼ ਦੇ ਮਾਲਕ ਦੇ ਵਕੀਲ ਤੇ ਪਰਿਵਾਰ ਦੇ ਨਜਦੀਕੀ ਲੋਕਾਂ ਨੇ ਦਸਿਆ ਕਿ ਜਹਾਜ਼ ਵਿੱਚ ਸਵਾਰ ਵਿਅਕਤੀ ਹਾਟ ਸਪਰਿੰਗਜ ਵਿੱਚ ਸਥਿੱਤ ਹੋਮਸਟੈਡ ਰਿਜ਼ਾਰਟ ਵਿੱਚ ਇੱਕ ਸਮਾਗਮ ਵਿੱਚ ਹਿੱਸਾ ਲੈਣ ਆਏ ਸਨ।

ਵਰਜੀਨੀਆ ਸਟੇਟ ਪੁਲਿਸ ਦੇ ਬੁਲਾਰੇ ਕੋਰੀਨ ਗੈਲਰ ਨੇ ਇੱਕ ਪ੍ਰੈਸ ਬਿਆਨ ਵਿੱਚ ਕਿਹਾ ਹੈ ਕਿ ਜਹਾਜ਼ ਵਿੱਚ ਪਾਇਲਟ ਸਮੇਤ 5 ਲੋਕ ਸਵਾਰ ਸਨ ਜੋ ਸਾਰੇ ਮੌਕੇ ਉਪਰ ਹੀ ਮਾਰੇ ਗਏ। ਘਟਨਾ ਦੀ ਜਾਂਚ ਐਫ. ਐਫ. ਏ. ਤੇ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਵੱਲੋਂ ਕੀਤੀ ਜਾ ਰਹੀ ਹੈ।

# ਸਿਆਸੀ ਜ਼ਮੀਨ ਬਚਾਉਣ 'ਚ ਲੱਗਾ ਅਕਾਲੀ ਦਲ

## ਬਾਗੀ ਲੀਡਰਾਂ ਦੀ ਘਰ ਵਾਪਸੀ ਲਈ ਸੁਖਬੀਰ ਬਾਦਲ ਦੀ ਜਦੋਜਹਿਦ ਜਾਰੀ





ਅੰਮ੍ਰਿਤਸਰ ਟਾਈਮਜ਼ ਬਿਊਰੋ

ਕਦੀ ਸਮਾਂ ਸੀ ਜਦੋਂ ਅਕਾਲੀ ਦਲ ਦੇ ਕੰਟਰੋਲ ਵਿੱਚ ਪੰਜਾਬ ਦੀ ਸਾਰੀ ਸਿਆਸੀ ਜ਼ਮੀਨ ਸੀ। ਉਸ ਸਮੇਂ ਰਾਜ ਵੀ ਅਕਾਲੀਆਂ ਦਾ ਰਿਹਾ, ਪਰ ਲੋਕਾਂ ਦੇ ਮੁੱਦੇ, ਕੁਝ ਪੰਥਕ ਭੁੱਲਾਂ ਕਰਕੇ ਆਪਣੀ ਸਿਆਸੀ ਜ਼ਮੀਨ ਗਵਾ ਬੈਠੇ। ਅੱਜ ਦੇ ਸਮੇਂ ਦੇ ਵਿੱਚ ਅਕਾਲੀ ਪਾਰਟੀ ਉਹਨਾਂ ਸਾਰੇ ਮਸਲਿਆਂ ਨੂੰ ਪਰਦੇ ਓਹਲੇ ਕਰਕੇ ਸਿਆਸਤ ਵਿੱਚ ਰਹਿਣ ਦਾ ਹਰ ਹੀਲਾ ਵਸੀਲਾ ਕਰ ਰਹੀ ਹੈ। ਸਿਆਸਤ ਦੇ ਵਿੱਚ ਜਮਾ ਘਟਾਓ ਵਾਲੀਆਂ ਚਾਲਾਂ ਚੋਣਾਂ ਤੋਂ ਪਹਿਲਾਂ ਹੁੰਦੀਆਂ ਹੀ ਰਹਿੰਦੀਆਂ ਨੇ। ਉਸੇ ਤਰਾਂ ਹੀ ਅਕਾਲੀ ਦਲ ਵੀ ਆਪਣੀ ਡਾਵਾਂ ਡੋਲ ਸਥਿਤੀ ਨੂੰ ਪੈਰਾਂ ਸਿਰ ਲਿਆਉਣ ਦੇ ਲਈ ਜੱਦੋਜਹਿਦ ਕਰ ਰਹੀ ਹੈ। ਸਿੱਖਾਂ ਦੀ ਤਰਜ਼ਮਾਨੀ ਕਰਦੀ ਸੀ ਕਦੇ ਅਕਾਲੀ ਪਾਰਟੀ। ਉਹੀ ਅਕਾਲੀ ਪਾਰਟੀ ਸਿੱਖਾਂ ਦੇ ਵਿੱਚ ਆਪਣਾ ਆਧਾਰ ਬਣਾਉਣ ਲਈ ਤਰਲੋਮੱਛੀ ਹੋ ਰਹੀ ਹੈ। ਇਸ ਸਮੇਂ ਸੁਖਬੀਰ ਬਾਦਲ ਦਾ ਜੋਰ ਲੱਗਿਆ ਹੋਇਆ ਹੈ ਕਿ ਪਾਰਟੀ ਨੂੰ ਪੁਰਾਣੀ ਰੰਗਤ ਦੇ ਵਿੱਚ ਲਿਆਂਦਾ ਜਾਵੇ। ਇਸ ਲਈ ਰੁੱਸੇ ਹੋਏ ਪੁਰਾਣੇ ਖੁੰਢਾਂ ਨੂੰ ਸੁਖਬੀਰ ਬਾਦਲ ਨਰਮਾਈ ਵਾਲੇ ਪੱਖ ਨਾਲ ਵਾਪਸ ਅਕਾਲੀ ਦਲ ਦੇ ਵਿੱਚ ਲੈ ਕੇ ਆ ਰਹੇ ਨੇ। ਇਸ ਵਿੱਚ ਕੋਈ ਦੋ ਰਾਏ ਨਹੀਂ ਹੈ ਇਹ ਸੁਖਬੀਰ ਬਾਦਲ ਦਾ ਵਡੱਪਣ ਹੈ। ਪਹਿਲਾਂ ਸਰਨਾ ਭਰਾ, ਫੇਰ ਢੀਂਡਸਾ ਪਰਿਵਾਰ ਤੇ ਹੁਣ ਬੀਬੀ ਜਾਗੀਰ ਕੌਰ ਦੀ ਪਾਰਟੀ ਦੇ ਵਿੱਚ ਵਾਪਸੀ ਕਰਵਾਈ ਜਾ ਰਹੀ ਹੈ। ਇਹ ਵਾਪਸੀ ਕਿੰਨਾ ਕੁ ਅਸਰ ਛੱਡੇਗੀ, ਇਹ ਆਉਣ ਵਾਲਾ ਸਮਾਂ ਦੱਸੇਗਾ। ਜਿਥੋਂ ਤੱਕ ਸੁਖਦੇਵ ਸਿੰਘ ਢੀਂਡਸਾ ਦੀ ਗੱਲ ਕੀਤੀ ਜਾਵੇ ਤਾਂ ਉਹ ਪਹਿਲਾਂ ਵੀ ਲੋਕਾਂ ਦੇ ਵਿੱਚ ਬਹੁਤੇ ਸਰਗਰਮ ਨਹੀਂ ਸੀ, ਤੇ ਹੁਣ ਵੀ ਨਹੀਂ, ਪਰ ਜਿਥੋਂ ਤੱਕ ਬੀਬੀ ਜਾਗੀਰ ਕੌਰ ਦੀ ਗੱਲ ਹੈ ਤਾਂ ਉਹਨਾਂ ਨੂੰ ਆਮ ਲੋਕਾਂ ਦੇ ਵਿੱਚ ਵਿਚਰਦੇ ਦੇਖਿਆ ਜਾਂਦਾ ਹੈ।



ਬੀਬੀ ਜਾਗੀਰ ਕੌਰ ਇਕੱਲੀ ਹੀ ਨਹੀਂ ਸਗੋਂ ਜੇਕਰ ਪਿਛਲੇ ਸਮੇਂ ਵੱਲ ਵੇਖਿਆ ਜਾਵੇ ਤਾਂ ਪਾਰਟੀ ਦੇ ਵਿਚੋਂ ਪਹਿਲਾਂ ਵੀ ਬਹੁਤ ਸਾਰੇ ਲੀਡਰ ਅਕਾਲੀ ਪਾਰਟੀ ਦੇ ਵਿਰੁੱਧ ਬਗਾਵਤ ਕਰ ਚੁੱਕੇ ਨੇ। 1999 ਦੀ ਗੱਲ ਕਰੀਏ ਤਾਂ ਗੁਰਚਰਨ ਸਿੰਘ ਟੌਹੜਾ ਨੂੰ ਵੀ ਪਾਰਟੀ ਵਿਚੋਂ ਕੱਢਿਆ ਗਿਆ ਸੀ। ਆਮ ਇਹ ਗੱਲ ਕਹੀ ਜਾਂਦੀ ਹੈ ਕਿ ਲੀਡਰਾਂ ਦੇ ਜਾਣ ਨਾਲ ਕੋਈ ਫ਼ਰਕ ਨਹੀਂ ਪੈਂਦਾ ਪਰ ਇਹ ਗਲਤ ਸੋਚ ਹੈ। ਲੋਕ ਫ਼ਰਕ ਪਾਉਂਦੇ ਨੇ ਤੇ ਚੋਣਾਂ ਦੇ ਵਿੱਚ ਉਹ ਫ਼ਰਕ ਦਿਖਦਾ ਹੈ। ਲਿਫ਼ਾਫ਼ਾ ਕਲਚਰ ਦਾ ਵਿਰੋਧ ਕਰਕੇ ਬੀਬੀ ਜੀ ਨੇ ਪਾਰਟੀ ਵਿੱਚ ਬਗਾਵਤ ਕੀਤੀ ਸੀ। ਤੁਹਾਨੂੰ ਦੱਸ ਦੇਈਏ ਕਿ ਲਿਫ਼ਾਫ਼ੇ ਦੀ ਪਿਰਤ ਦੇ ਸਵਾਲ ਚੁੱਕਣ ਵਾਲੇ ਬੀਬੀ ਜਾਗੀਰ ਕੌਰ ਖੁਦ ਵੀ ਪਹਿਲੀ ਵਾਰ ਲਿਫ਼ਾਫ਼ਾ ਕਲਚਰ ਵਿਚੋਂ ਹੀ ਨਿਕਲੇ ਸਨ। ਉਹਨਾਂ ਵੱਲੋਂ ਇਹ ਗੱਲ ਕਹਿਣਾਂ ਕਿ ਅਕਾਲੀ ਦਲ ਸਾਡੀ ਮਾਂ ਪਾਰਟੀ ਹੈ, ਸਾਫ਼ ਹੈ ਕਿ ਉਹਨਾਂ ਨੇ ਅਕਾਲੀ ਦਲ ਨੂੰ ਕਦੇ ਵੀ ਨਹੀਂ ਛੱਡਿਆ। ਲੰਘੇ ਸਮੇਂ ਵਿੱਚ ਹੋਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਸਮੇਂ ਬੀਬੀ ਜਾਗੀਰ ਕੌਰ ਨੇ ਤਾਂ ਆਪਣੇ ਹੱਕ ਦੀ ਵਰਤੋਂ ਕੀਤੀ ਸੀ, ਉਹਨਾਂ ਨੇ ਕੁਝ ਵੀ ਗਲਤ ਨਹੀਂ ਸੀ ਕੀਤਾ ਪਰ ਉਹਨਾਂ ਦੇ ਪਾਰਟੀ ਤੋਂ ਬਾਹਰ ਜਾਣ ਤੋਂ ਬਾਅਦ ਦੋ ਅਜਿਹੇ ਅਕਾਲੀ ਲੀਡਰ ਸਨ, ਜਿਹਨਾਂ ਨੇ ਇਹ ਵੀ ਨਹੀਂ ਸੋਚਿਆ ਕਿ ਜੋ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਰਹਿ ਚੁੱਕੀ ਹੈ, ਜੋ ਕੈਬਨਿਟ ਮੰਤਰੀ ਰਹਿ ਚੁੱਕੀ ਹੈ, ਜੋ ਅਕਾਲੀ ਦਲ ਇਸਤਰੀ ਵਿੰਗ ਦੀ ਪ੍ਰਧਾਨ ਰਹਿ ਚੁੱਕੀ ਹੈ। ਉਸ ਦੇ ਲਈ





ਮੰਦੀਆਂ ਟਿੱਪਣੀਆਂ ਕਰਨਾ ਸ਼ੋਭਾ ਨਹੀਂ ਦਿੰਦਾ। ਕੀ ਉਹ ਬਿਆਨਬਾਜ਼ੀ ਜੋ ਬੀਬੀ ਖ਼ਿਲਾਫ਼ ਕੀਤੀ ਗਈ, ਕੀ ਉਹ ਕੁੜੱਤਣ ਹੁਣ ਮਿਟ ਜਾਵੇਗੀ, ਜੇ ਮਿਟ ਗਈ ਤਾਂ ਚੰਗਾ ਹੈ, ਜੇ ਨਾ ਮਿਟੀ ਤਾਂ ਨੁਕਸਾਨ ਵੀ ਹੋ ਸਕਦਾ ਹੈ।

ਅਸਲ ਦੇ ਵਿੱਚ ਅਕਾਲੀ ਦਲ ਨੂੰ ਬੀਬੀ ਜਾਗੀਰ ਕੌਰ ਦੀ ਲੋੜ ਬਹੁਤ ਜਿਆਦਾ ਹੈ। ਕਾਰਨ ਇਹ ਹੈ ਕਿ ਦੋਆਬੇ ਦੇ ਵਿੱਚ ਬੀਬੀ ਜਾਗੀਰ ਕੌਰ ਵਰਗਾ ਧਾਕੜ ਲੀਡਰ ਅਕਾਲੀਆਂ ਕੋਲ ਨਹੀਂ ਹੈ। ਸੋ ਇਹ ਅਕਾਲੀ ਦਲ ਦੀ ਜ਼ਰੂਰਤ ਹੈ। ਦੋਆਬੇ ਦੇ ਵਿੱਚ ਬੀਬੀ ਜਾਗੀਰ ਕੌਰ, ਮਜੀਠੀਆ ਤੇ ਸੁਖਬੀਰ ਬਾਦਲ ਦੀ ਘਾਟ ਨੂੰ ਪੂਰਾ ਕਰਦੀ ਹੈ। ਬੀਬੀ ਜਾਗੀਰ ਕੌਰ ਆਜ਼ਾਦ ਫ਼ੈਸਲੇ ਲੈਣ ਵਾਲੀ ਇਸਤਰੀ ਹੈ। ਤੇ ਇਹ ਡਿੱਗਦੀ ਅਕਾਲੀਆਂ ਦੀ ਸ਼ਾਖ ਦੇ ਲਈ ਇੱਕ ਵੱਡਾ ਨੁੰਮਣਾ ਵੀ ਹੈ।

ਅਸਲ ਦੇ ਵਿੱਚ ਅਕਾਲੀਆਂ ਨੇ ਲੋਕਾਂ ਦੇ ਦਿਲਾਂ ਦੇ ਵਿੱਚ ਇੱਕ ਅਲੱਗ ਤਰ੍ਹਾਂ ਦਾ ਬਿਰਤਾਂਤ ਸਿਰਜ ਦਿੱਤਾ ਹੈ। ਬੇਅਦਬੀ ਕਾਂਡ, ਰਾਮ ਰਹੀਮ ਦੀ ਮਾਫ਼ੀ ਤੇ ਲਟਕੇ ਹੋਏ ਪੰਥਕ ਮਸਲੇ ਅਕਾਲੀਆਂ ਦੀ ਬੇੜੀ ਕਿਸੇ ਤਨ ਪੱਤਣ ਨਹੀਂ ਲੱਗਣ ਦੇ ਰਹੇ। ਅਕਾਲੀਆਂ ਦਾ ਇਕੱਲੇ ਰੁੱਸੇ ਮਨਾ ਕੇ ਨਹੀਂ ਸਰਨਾ, ਉਨ੍ਹਾਂ ਨੂੰ ਬਹੁਤ ਸਾਰੇ ਸਿਧਾਂਤਕ ਅਤੇ ਧਾਰਮਿਕ ਪਹਿਲੂਆਂ 'ਤੇ ਗੌਰ ਕਰਨੀ ਪਵੇਗੀ। ਪਾਣੀਆਂ ਦਾ ਮਾਮਲਾ, ਚੰਡੀਗੜ੍ਹ ਦਾ ਮਾਮਲਾ, ਬੰਦੀ ਸਿੰਘਾਂ ਦਾ ਮਾਮਲਾ, ਪੰਥਕ ਉਲਝਣਾਂ, ਭਾਜਪਾ ਨਾਲ ਗੱਠਜੋੜ ਆਦਿ ਬਹੁਤ ਸਾਰੀਆਂ ਗੱਲਾਂ 'ਤੇ ਅਕਾਲੀ ਦਲ ਨੂੰ ਸਟੈਂਡ ਲੈਣਾ ਪਵੇਗਾ। ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਸਾਹਿਬ ਵਰਗੀਆਂ ਸੰਸਥਾਵਾਂ 'ਤੇ ਜੋ ਪਿਛਲੇ ਸਮੇਂ ਵਿੱਚ ਨਿਘਾਰ ਆਇਆ ਹੈ , ਉਸ ਦੇ ਲਈ ਕੋਈ ਪੁਖ਼ਤਾ ਕਦਮ ਚੁੱਕਣਾ ਪਵੇਗਾ।

(ਬਾਕੀ ਸਫ਼ਾ 30 'ਤੇ)

# ਬ੍ਰਿਟੇਨ ਸਰਕਾਰ ਵੱਲੋਂ ਖ਼ਾਲਿਸਤਾਨੀ ਸਮਰਥਕਾਂ ਦੇ 300 ਖਾਤੇ ਸੀਜ਼, 100 ਕਰੋੜ ਰੁਪਏ ਵੀ ਜ਼ਬਤ

ਲੰਡਨ/ਏ.ਟੀ.ਨਿਊਜ਼: ਬ੍ਰਿਟੇਨ ਦੀ ਰਿਸ਼ੀ ਸੁਨਕ ਸਰਕਾਰ ਨੇ ਭਾਰਤ ਵਿਰੋਧੀ ਖ਼ਾਲਿਸਤਾਨ ਸਮਰਥਕਾਂ ਖ਼ਿਲਾਫ਼ ਵੱਡੀ ਕਾਰਵਾਈ ਕੀਤੀ ਹੈ। ਖ਼ਾਲਿਸਤਾਨੀ ਫੰਡਿੰਗ ਨੈੱਟਵਰਕ ਦੀ ਕਮਰ ਤੋੜਨ ਲਈ ਬਣਾਈ ਗਈ ਸਪੈਸ਼ਲ ਟਾਸਕ ਫੋਰਸ ਨੇ ਖ਼ਾਲਿਸਤਾਨ ਸਮਰਥਕਾਂ ਦੇ 300 ਤੋਂ ਵੱਧ ਬੈਂਕ ਖਾਤੇ ਸੀਜ਼ ਕਰਕੇ ਕਰੀਬ 100 ਕਰੋੜ ਰੁਪਏ ਦੀ ਰਕਮ ਜ਼ਬਤ ਕੀਤੀ ਹੈ।

ਟਾਸਕ ਫੋਰਸ ਨੇ ਇਨ੍ਹਾਂ ਸਾਰੇ ਬੈਂਕ ਖਾਤਿਆਂ ਤੋਂ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਨੂੰ ਕੀਤੇ ਗਏ ਸ਼ੱਕੀ ਲੈਣ-ਦੇਣ ਦਾ ਪਤਾ ਲਗਾਇਆ ਸੀ। ਸੂਤਰਾਂ ਅਨੁਸਾਰ ਖ਼ਾਲਿਸਤਾਨ ਪੱਖੀ ਸਿੱਖਸ ਫ਼ਾਰ ਜਸਟਿਸ ਦੇ ਖਾਤੇ ਵਿੱਚ 20 ਕਰੋੜ ਰੁਪਏ ਜ਼ਬਤ ਕੀਤੇ ਗਏ ਹਨ। ਸਿੱਖਸ ਫ਼ਾਰ ਜਸਟਿਸ




ਨੇ ਇਹ ਰਕਮ ਸਕਾਟਲੈਂਡ ਵਿੱਚ ਖ਼ਾਲਿਸਤਾਨ ਦੇ ਸਮਰਥਨ ਵਿੱਚ ਰੈਫਰੈਂਡਮ ਲਈ ਜਮ੍ਹਾ ਕਰਵਾਈ ਸੀ।

ਅਮਰੀਕਾ ਵਿੱਚ ਖ਼ਾਲਿਸਤਾਨ ਸਮਰਥਕਾਂ ਦੇ ਨੈੱਟਵਰਕ ਦਾ ਪਰਦਾਫਾਸ਼ ਕਰਨ ਲਈ ਟਾਸਕ ਫੋਰਸ ਨੇ ਜਾਂਚ ਏਜੰਸੀ ਐਫ.ਬੀ.ਆਈ. ਨਾਲ ਵੀ ਸੰਪਰਕ ਕੀਤਾ ਹੈ। ਟਾਸਕ ਫੋਰਸ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਭਾਰਤ ਵਿੱਚ ਪਾਬੰਦੀਸ਼ੁਦਾ ਸੰਗਠਨਾਂ ਦੇ ਅਮਰੀਕਾ ਸਥਿਤ ਨੇਤਾਵਾਂ ਦੀ ਫੰਡਿੰਗ ਨੂੰ ਰੋਕਣ ਲਈ ਇੱਕ ਟੀਮ ਅਗਲੇ ਮਹੀਨੇ ਅਮਰੀਕਾ ਜਾਵੇਗੀ। ਜੇਕਰ ਬੈਂਕ ਖਾਤਿਆਂ ਨੂੰ ਜ਼ਬਤ ਕਰਨ ਦੀ ਪ੍ਰਕਿਰਿਆ ਤੇਜ਼ ਹੋ ਜਾਂਦੀ ਹੈ ਤਾਂ ਹਵਾਲਾ ਰਾਹੀਂ ਫੰਡਿੰਗ ਹੋਣ ਦਾ ਖਦਸ਼ਾ ਹੈ। ਸੂਤਰਾਂ ਮੁਤਾਬਕ ਪਿਛਲੇ ਸਾਲ ਬਣੀ ਬ੍ਰਿਟਿਸ਼ ਟਾਸਕ ਫੋਰਸ ਦੀ ਵਾਚ ਲਿਸਟ ਵਿੱਚ ਪੰਜ ਹਜ਼ਾਰ ਤੋਂ ਵੱਧ ਬੈਂਕ ਖਾਤੇ ਹਨ। ਟਾਸਕ ਫੋਰਸ ਨੇ ਇਨ੍ਹਾਂ ਖਾਤਿਆਂ ਨੂੰ ਦੋ ਕਿਸਮਾਂ ਵਿੱਚ ਵੰਡਿਆ ਹੈ। ਪਹਿਲਾ, ਉਹ ਖਾਤੇ ਜੋ ਸਿੱਧੇ ਐਲਾਨੇ ਖ਼ਾਲਿਸਤਾਨੀ ਆਗੂਆਂ ਦੇ ਹਨ ਅਤੇ ਦੂਜੇ, ਉਹ ਖਾਤੇ ਜੋ ਖ਼ਾਲਿਸਤਾਨ ਸਮਰਥਕਾਂ ਦੇ ਹਨ। ਜੇਕਰ ਬੈਂਕ ਖਾਤੇ ਤੋਂ ਇੱਕ ਵਾਰ ਵਿੱਚ 50 ਹਜ਼ਾਰ ਰੁਪਏ ਤੋਂ ਵੱਧ ਦਾ ਲੈਣ-ਦੇਣ ਹੁੰਦਾ ਹੈ, ਤਾਂ ਵੇਰਵੇ ਕੱਢ ਲਏ ਜਾਂਦੇ ਹਨ।

# ਇਮੀਗ੍ਰੇਸ਼ਨ ਸੰਮੇਲਨ ਦੌਰਾਨ ਗ੍ਰੀਨ ਕਾਰਡ ਅਰਜ਼ੀਆਂ ਦਾ ਬੈਕਲਾਗ ਤੁਰੰਤ ਖ਼ਤਮ ਕਰਨ ਦੀ ਮੰਗ

ਵਾਸ਼ਿੰਗਟਨ/ਏ.ਟੀ.ਨਿਊਜ਼ :- ਅਮਰੀਕਾ ਦੀ ਰਾਜਧਾਨੀ ਵਿਚ ਹੋਏ ਇਮੀਗ੍ਰੇਸ਼ਨ ਸੰਮੇਲਨ ਦੌਰਾਨ ਗ੍ਰੀਨ ਕਾਰਡ ਅਰਜ਼ੀਆਂ ਦਾ ਵੱਡਾ ਬੈਕਲਾਗ ਖ਼ਤਮ ਕਰਨ 'ਤੇ ਜ਼ੋਰ ਦਿੱਤਾ ਗਿਆ, ਜਿਸ ਦਾ ਸਭ ਤੋਂ ਵੱਧ ਨੁਕਸਾਨ ਭਾਰਤੀਆਂ ਨੂੰ ਹੋ ਰਿਹਾ ਹੈ। ਆਪਣੀ ਕਿਸਮ ਦੇ ਪਹਿਲੇ ਟੈਕ ਇੰਮੀਗ੍ਰੇਸ਼ਨ ਸੰਮੇਲਨ ਦੌਰਾਨ ਸੱਤਾਧਾਰੀ ਡੈਮੋਕ੍ਰੈਟਿਕ ਪਾਰਟੀ ਅਤੇ ਰਿਪਬਲਿਕਨ ਪਾਰਟੀ ਦੋਹਾਂ ਦੇ ਸੰਸਦ ਮੈਂਬਰ ਹਾਜ਼ਰ ਹੋਏ ਅਤੇ ਮੁਲਕਾਂ 'ਤੇ ਆਧਾਰਤ 7 ਫ਼ੀਸਦੀ ਕੋਟਾ ਖ਼ਤਮ ਕਰਨ ਦੀ ਜ਼ੋਰਦਾਰ ਵਕਾਲਤ ਕੀਤੀ।

ਸੋਮਵਾਰ ਨੂੰ ਵਾਸ਼ਿੰਗਟਨ 'ਚ 'ਫਾਊਂਡੇਸ਼ਨ ਫਾਰ ਇੰਡੀਆ ਐਂਡ ਇੰਡੀਅਨ ਡਾਇਸਪੋਰਾ' (ਐਫ. ਆਈ. ਆਈ. ਡੀ. ਐੱਸ.) ਵੱਲੋਂ ਆਯੋਜਿਤ ਆਪਣੀ ਤਰ੍ਹਾਂ ਦੇ ਪਹਿਲੇ 'ਟੈਕ ਇਮੀਗ੍ਰੇਸ਼ਨ ਸੰਮੇਲਨ' 'ਚ ਖਾਸ ਸ਼੍ਰੇਣੀਆਂ 'ਚ ਵਿਦੇਸ਼ੀ ਕਾਮਿਆਂ ਨੂੰ ਗ੍ਰੀਨ ਕਾਰਡ ਜਾਂ ਕਾਨੂੰਨੀ ਸਥਾਈ ਨਿਵਾਸ ਜਾਰੀ ਕਰਨ ਦੇ ਮਾਮਲੇ 'ਚ ਪ੍ਰਤੀ ਦੇਸ਼ 7 ਫੀਸਦੀ ਨਿਰਧਾਰਤ ਸੀਮਾ ਨੂੰ ਹਟਾਉਣ 'ਤੇ ਜ਼ੋਰ ਦਿੱਤਾ ਗਿਆ ਸੀ। ਅਜਿਹੀ ਵਿਵਸਥਾ ਦੀ ਅਣਹੋਂਦ ਵਿੱਚ ਭਾਰਤੀ ਪ੍ਰਵਾਸੀਆਂ ਲਈ ਗ੍ਰੀਨ ਕਾਰਡ ਲਈ ਉਡੀਕ ਸਮਾਂ 20 ਸਾਲਾਂ ਤੋਂ ਵੱਧ ਅਤੇ ਕਈ ਮਾਮਲਿਆਂ ਵਿੱਚ 70 ਸਾਲਾਂ ਤੋਂ ਵੱਧ ਹੋਵੇਗਾ। ਗ੍ਰੀਨ ਕਾਰਡ ਨੂੰ ਅਧਿਕਾਰਤ ਤੌਰ 'ਤੇ ਸਥਾਈ ਨਿਵਾਸੀ ਕਾਰਡ ਵਜੋਂ ਜਾਣਿਆ ਜਾਂਦਾ ਹੈ।

(ਬਾਕੀ ਸਫ਼ਾ 30 'ਤੇ)

# ਲਹਿੰਦੇ ਪੰਜਾਬ 'ਚ ਰਮੇਸ਼ ਸਿੰਘ ਅਰੋੜਾ ਦਾ ਮੰਤਰੀ ਵਜੋਂ ਚੁਣੇ ਜਾਣਾ ਸਿੱਖ ਪੰਥ ਦੀ ਚੜ੍ਹਦੀਕਲਾ ਦਾ ਪ੍ਰਤੀਕ

**ਅੰਮ੍ਰਿਤਸਰ ਟਾਈਮਜ਼ ਬਿਊਰੋ**





ਪਾਕਿਸਤਾਨ ਦੇ ਪੰਜਾਬ ਪ੍ਰਾਂਤ ਦੇ ਵਿੱਚ ਦੋ ਅਜਿਹੇ ਕੰਮ ਵੇਖਣ ਨੂੰ ਮਿਲੇ ਹਨ ਜੋ ਕਿ ਪਹਿਲਾਂ ਕਦੇ ਨਹੀਂ ਸੀ ਹੋਏ। ਸਭ ਤੋਂ ਪਹਿਲਾਂ ਲਹਿੰਦੇ ਪੰਜਾਬ ਨੂੰ ਮਰੀਅਮ ਨਵਾਜ਼ ਦੇ ਰੂਪ ਦੇ ਵਿੱਚ ਪਹਿਲੀ ਮੁੱਖ ਮੰਤਰੀ ਔਰਤ ਮਿਲੀ ਤੇ ਉਥੇ ਹੀ ਲਹਿੰਦੇ ਪੰਜਾਬ ਦੇ ਇਤਿਹਾਸ ਦੇ ਵਿੱਚ ਪਹਿਲੀ ਵਾਰ ਕਿਸੇ ਸਿੱਖ ਨੂੰ ਮੰਤਰੀ ਬਣਾਇਆ ਗਿਆ। ਨਾਰੋਵਾਲ ਤੋਂ ਵਿਧਾਇਕ ਰਮੇਸ਼ ਸਿੰਘ ਅਰੋੜਾ ਲੰਘੇ ਦਿਨੀਂ ਪਾਕਿਸਤਾਨ ਦੇ ਪੰਜਾਬ ਪ੍ਰਾਂਤ ਵਿੱਚੋਂ ਮੰਤਰੀ ਅਹੁਦੇ ਦੀ ਸਹੁੰ ਲੈ ਕੇ ਘੱਟ ਗਿਣਤੀ ਸਿੱਖ ਸਮੁਦਾਇ ਦੇ ਪਹਿਲੇ ਮੰਤਰੀ ਬਣੇ। ਸਹੁੰ ਚੁੱਕਣ ਤੋਂ ਬਾਅਦ ਰਮੇਸ਼ ਸਿੰਘ ਅਰੋੜਾ ਦਾ ਇਹ ਕਹਿਣਾ ਕਿ 'ਮੈਂ ਸਿਰਫ਼ ਸਿੱਖਾਂ ਦਾ ਹੀ ਨਹੀਂ ਬਲਕਿ ਪਾਕਿਸਤਾਨ ਦੇ ਵਿੱਚ ਰਹਿਣ ਵਾਲੇ ਹਿੰਦੂਆਂ ਤੇ ਇਸਾਈਆਂ ਤਹਿਤ ਸਾਰੀਆਂ ਘੱਟ ਗਿਣਤੀਆਂ ਦੀ ਸੁਰੱਖਿਆ ਤੇ ਭਲਾਈ ਦੇ ਲਈ ਕੰਮ ਕਰਾਂਗਾ,' ਉਸ ਦਾ ਵਡੱਪਣ ਦਰਸਾਉਂਦਾ ਹੈ।

1947 ਦੀ ਵੰਡ ਤੋਂ ਬਾਅਦ ਇਹ ਪਹਿਲੀ ਵਾਰ ਹੈ ਕਿ ਕਿਸੇ ਸਿੱਖ ਨੂੰ ਲਹਿੰਦੇ ਪੰਜਾਬ ਦੀ ਕੈਬਨਿਟ ਵਿੱਚ ਸ਼ਾਮਲ ਕੀਤਾ ਗਿਆ ਹੋਵੇ। ਤੁਹਾਨੂੰ ਦਸ ਦੇਈਏ ਕਿ ਕਰਤਾਰਪੁਰ ਕਾਰੀਡੋਰ ਦੇ ਲਈ ਪਿਛਲੇ ਸਾਲ ਇਹਨਾਂ ਨੂੰ ਰਾਜਦੂਤ ਦੇ ਰੂਪ ਵਿੱਚ ਵੀ ਨਿਯੁਕਤ ਕੀਤਾ ਗਿਆ ਸੀ। ਗੌਰਮਿੰਟ ਕਾਲਜ ਯੂਨੀਵਰਸਿਟੀ ਲਾਹੌਰ ਤੋਂ ਮੈਨੇਜਮੈਂਟ ਵਿੱਚ ਪੋਸਟ ਗਰੈਜੂਏਟ ਅਰੋੜਾ ਨੇ ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਪਾਕਿਸਤਾਨ ਵਿੱਚ ਵਿਸ਼ਵ ਬੈਂਕ ਦੇ ਗਰੀਬੀ ਨਿਵਾਰਨ ਪ੍ਰੋਗਰਾਮ ਦੇ ਲਈ ਕੰਮ ਕੀਤਾ। ਸਾਲ 2008 ਦੇ ਵਿੱਚ ਮੋਜਾਜ ਫਾਉਂਡੇਸ਼ਨ ਦੀ ਸਥਾਪਨਾ ਕੀਤੀ। ਜੋ ਪਾਕਿਸਤਾਨ ਦੇ ਵਿੱਚ ਬੇਸਹਾਰਾ ਲੋਕਾਂ ਦੇ ਲਈ ਕੰਮ ਕਰਨ ਵਾਲਾ ਸੰਗਠਨ ਹੈ। ਸਰਦਾਰ ਰਮੇਸ਼ ਸਿੰਘ ਅਰੋੜਾ ਨੇ ਪਾਕਿਸਤਾਨ ਵਿੱਚ ਸਿੱਖ ਮੈਰਿਜ ਰਜਿਸਟਰੇਸ਼ਨ ਐਕਟ 2017 ਨੂੰ ਲਾਗੂ ਕਰਨ 'ਚ ਅਹਿਮ ਭੂਮਿਕਾ ਨਿਭਾਈ ਸੀ। ਇਹ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਚ ਤਿੰਨ ਸਾਲ ਤੋਂ ਸਰਗਰਮ ਭੂਮਿਕਾ ਨਿਭਾਅ ਰਹੇ ਹਨ। ਅਰੋੜਾ ਦਾ ਸਿਆਸੀ ਕੈਰੀਅਰ ਇੱਕ ਦਹਾਕੇ ਤੋਂ ਵੱਧ ਦਾ ਹੈ, ਉਹ ਪਹਿਲੀ ਵਾਰ 2013 ਦੇ ਵਿੱਚ ਲਹਿੰਦੇ ਪੰਜਾਬ ਦੀ ਸੂਬਾ ਅਸੈਂਬਲੀ ਦੇ ਮੈਂਬਰ ਵਜੋਂ ਚੁਣਿਆ ਗਿਆ। 2014 ਤੋਂ 2017 ਦਰਮਿਆਨ ਵਣਜ ਤੇ ਨਿਵੇਸ਼ ਬਾਰੇ ਸਥਾਈ ਕਮੇਟੀ ਦੇ ਚੇਅਰਮੈਨ ਤੇ 2017-18 ਦੌਰਾਨ ਮਨੁੱਖੀ ਅਧਿਕਾਰਾਂ ਤੇ ਘੱਟ ਗਿਣਤੀ ਮਾਮਲਿਆਂ ਦੀ ਕਮੇਟੀ ਦੇ ਚੇਅਰਮੈਨ ਵਜੋਂ ਸੇਵਾ ਨਿਭਾਅ ਚੁੱਕੇ ਹਨ।



ਜੇ ਉਹਨਾਂ ਦੀਆਂ ਸਿੱਖ ਸਰਗਰਮੀਆਂ ਦੀ ਗੱਲ ਕੀਤੀ ਜਾਵੇ ਤਾਂ ਉਹ ਸਿੱਖਾਂ ਦੇ ਹੱਕਾਂ ਦੇ ਲਈ ਇੱਕ ਕੱਟੜ ਵਕੀਲ ਵੀ ਰਹੇ ਹਨ। ਸਾਲ 2016 ਦੇ ਵਿੱਚ ਉਹਨਾਂ ਦੇ ਕੰਮਾਂ ਲਈ ਉਹਨਾਂ ਨੂੰ ਰਾਸ਼ਟਰੀ ਮਨੁੱਖੀ ਅਧਿਕਾਰ ਪੁਰਸਕਾਰ ਦੇ ਨਾਲ ਸਨਮਾਨਿਤ ਵੀ ਕੀਤਾ ਗਿਆ। ਇੱਥੇ ਤੁਹਾਨੂੰ ਦਸ ਦੇਈਏ ਕਿ ਪੰਜਾਬ ਦੇ ਇਸਾਈ ਘੱਟ ਗਿਣਤੀ ਭਾਈਚਾਰੇ ਦੀ ਨੁਮਾਇੰਦਗੀ ਕਰਨ ਵਾਲੇ ਇੱਕ ਹੋਰ ਮੈਂਬਰ ਖਲੀਲ ਤਾਹਿਰ ਸੰਧੂ ਨੂੰ ਵੀ ਪੰਜਾਬ ਮੰਤਰੀ ਮੰਡਲ ਵਿੱਚ ਸ਼ਾਮਿਲ ਕੀਤਾ ਗਿਆ ਹੈ ਤੇ ਉਹਨਾਂ ਨੂੰ ਮਨੁੱਖੀ ਅਧਿਕਾਰਾਂ ਦਾ ਵਿਭਾਗ ਦਿੱਤਾ ਗਿਆ ਹੈ।

ਮੰਤਰੀ ਦੀ ਸਹੁੰ ਚੁੱਕਣ ਤੋਂ ਰਮੇਸ਼ ਸਿੰਘ ਅਰੋੜਾ ਨੇ ਕਿਹਾ ਕਿ ਮੇਰੇ ਕੋਲ ਭਲਾਈ ਦੇ ਲਈ ਪਾਕਿਸਤਾਨ ਤੇ ਖਾਸ ਕਰਕੇ ਘੱਟ ਗਿਣਤੀਆਂ ਦੀ ਭਲਾਈ ਲਈ ਕਈ ਯੋਜਨਾਵਾਂ ਹਨ। ਭਾਵੇਂ ਕਿ ਸਿੱਖ ਮੈਰਿਜ ਐਕਟ ਪਾਸ ਹੋ ਚੁੱਕਿਆ ਹੈ ਤੇ ਅਸੀਂ ਇਸ ਨੂੰ ਲਾਗੂ ਕਰਵਾਵਾਂਗੇ। ਉਹਨਾਂ ਨੇ ਕਿਹਾ ਕਿ ਅਸੀਂ ਇੱਕ ਨਵੀਂ ਅੰਤਰ ਧਰਮ ਸਦਭਾਵਨਾ ਨੀਤੀ ਵੀ ਲਿਆਵਾਂਗੇ ਤਾਂ ਜੋ ਸਿੱਖ ਹਿੰਦੂ ਇਸਾਈ ਤੇ ਹੋਰਾਂ ਸਮੇਤ ਸਾਰੀਆਂ ਘੱਟ ਗਿਣਤੀਆਂ ਸੁਰੱਖਿਅਤ ਮਹਿਸੂਸ ਕਰ ਸਕਣ। ਅਸੀਂ ਯਕੀਨੀ ਬਣਾਵਾਂਗੇ ਕਿ ਪਾਕਿਸਤਾਨ ਦੇ ਵਿਦਿਅਕ ਅਦਾਰਿਆਂ ਦੇ ਵਿੱਚ ਘੱਟ ਗਿਣਤੀ ਵਿਦਿਆਰਥੀਆਂ ਦੇ ਲਈ 2 ਫ਼ੀਸਦੀ ਕੋਟਾ ਪੂਰੀ ਤਰਾਂ ਨਾਲ ਲਾਗੂ ਕੀਤਾ ਜਾਵੇ। ਉਹਨਾਂ ਨੇ ਇਹ ਵੀ ਕਿਹਾ ਕਿ ਅਸੀਂ ਭਾਰਤ ਤੋਂ ਵੱਧ ਤੋਂ ਵੱਧ ਲੋਕਾਂ ਨੂੰ ਲਾਂਘੇ ਰਾਹੀਂ ਕਰਤਾਰਪੁਰ ਆਉਣ ਦੇ ਲਈ ਉਤਸ਼ਾਹਿਤ ਕਰਨ ਦੇ ਲਈ ਹਰ ਸੰਭਵ ਕਦਮ ਚੁੱਕਾਂਗੇ ਅਤੇ ਭਾਰਤ-ਪਾਕਿਸਤਾਨ ਵਿਚਾਲੇ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਜਾਰੀ ਰਹੇਗੀ ਅਤੇ ਅਸੀਂ ਸਬੰਧਾਂ ਵਿੱਚ ਆਈ ਕੁੜੱਤਣ ਨੂੰ ਖ਼ਤਮ ਕਰ ਸਕੀਏ। ਅਰਦਾਸ ਕਰਦੇ ਹਾਂ ਕਿ ਰਮੇਸ਼ ਸਿੰਘ ਅਰੋੜਾ ਦੀਆਂ ਉਮੀਦਾਂ, ਆਸਾਂ ਨੂੰ ਅਕਾਲ ਪੁਰਖ ਰਹਿਮਤ ਦਾ ਬੂਰ ਪਾਵੇ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸੰਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**


CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 600947



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



Capital DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.



Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਸਿਆਸਤ 'ਤੇ ਹੈ ਡੇਰਾਵਾਦ ਦਾ ਵੱਡਾ ਪ੍ਰਭਾਵ

## ਚੋਣਾਂ ਨੇੜੇ ਆਉਣ ਕਾਰਨ ਧਾਰਮਿਕ ਡੇਰਿਆਂ 'ਤੇ ਸਿਆਸੀ ਨੇਤਾਵਾਂ ਦੀ ਆਵਾਜਾਈ ਵਧੀ





ਅੰਮ੍ਰਿਤਸਰ ਟਾਈਮਜ਼ ਬਿਊਰੋ

ਪੰਜਾਬ ਦੀ ਸਿਆਸਤ ਡੇਰਿਆਂ ਦੇ ਦੁਆਲੇ ਘੁੰਮਦੀ ਹੈ। ਕਾਲੇ ਦੌਰ ਤੋਂ ਬਾਅਦ ਡੇਰਿਆਂ ਦੇ ਵਿੱਚ ਕਾਫ਼ੀ ਜਿਆਦਾ ਵਾਧਾ ਹੋਇਆ। 1997 ਦੀ ਚੋਣ ਵਿੱਚ ਜਦੋਂ ਅਕਾਲੀ ਸਰਕਾਰ ਬਣਾਉਂਦੇ ਨੇ ਤਾਂ ਬਹੁਤ ਸਾਰੇ ਡੇਰਿਆਂ ਨੂੰ ਸਰਕਾਰੀ ਪੁਸ਼ਤ ਪਨਾਹੀ ਮਿਲ ਜਾਂਦੀ ਹੈ ਤੇ ਫੇਰ ਜਾ ਕੇ ਡੇਰਿਆਂ ਦੇ ਸਿਆਸੀ ਵਿੰਗ ਬਣ ਜਾਂਦੇ ਹਨ ਜਿਹੜੇ ਵੱਡਾ ਸਵਾਲ ਬਣ ਜਾਂਦੇ ਹਨ। ਤਿਹਾੜ ਜੇਲ੍ਹ ਨੇ ਵੀ ਪੰਜਾਬ ਦੇ ਲਈ ਬਹੁਤ ਸਾਰੇ ਸਾਧ ਪੈਦਾ ਕੀਤੇ ਹਨ ਜਿਨ੍ਹਾਂ ਦੇ ਵਿੱਚ ਨੂਰਮਹਿਲੀਏ ਆਸ਼ੂਤੋਸ਼ ਦਾ ਨਾਮ ਪਹਿਲੇ ਨੰਬਰ 'ਤੇ ਆਉਂਦਾ ਹੈ। ਸੁਣਿਐ ਤਾਂ ਇਹ ਵੀ ਹੈ ਕਿ ਤਿਹਾੜ ਜੇਲ੍ਹ ਵਿਚੋਂ ਆਰ.ਐਸ.ਐਸ. ਨੇ ਆਸ਼ੂਤੋਸ਼ ਨੂੰ ਸਾਧ ਬਣਾ ਕੇ ਬਾਹਰ ਕੱਢਿਆ ਤੇ ਗੁਰਦਾਸ ਸਿੰਘ ਬਾਦਲ ਨੇ ਜ਼ਮੀਨ ਦੇ ਕੇ ਡੇਰੇ ਦੇ ਵੱਧਣ ਫੁੱਲਣ ਦਾ ਇੰਤਜ਼ਾਮ ਕੀਤਾ। ਭਾਵੇਂ ਕਿ ਇਸ ਡੇਰੇ ਦੇ ਲੱਖਾਂ ਸ਼ਰਧਾਲੂ ਰਹੇ ਪਰ ਬੀਬੀ ਸੁਰਿੰਦਰ ਕੌਰ ਬਾਦਲ ਦਾ ਉਹਨਾਂ ਦੇ ਸ਼ਰਧਾਲੂਆਂ ਵਜੋਂ ਨਾਮ ਬੜੇ ਅਦਬ ਨਾਲ ਲਿਆ ਜਾਂਦਾ ਹੈ। ਬਾਦਲ ਪਰਿਵਾਰ ਨੇ ਡੇਰੇ ਵਾਲੇ ਸਾਧਾਂ ਦੇ ਪਿੱਛੇ ਬਹੁਤ ਵੱਡੇ ਪਹਿਰੇ ਦਿੱਤੇ ਨੇ, ਉਦਾਹਰਨ ਦੇ ਤੌਰ 'ਤੇ ਬੱਲਾਂ ਵਾਲਾ ਸਾਧ ਜਦੋਂ ਰੁਮਾਨੀਆਂ ਵਿੱਚ ਮਾਰਿਆ ਗਿਆ ਸੀ ਤਾਂ ਅਕਾਲ ਤਖ਼ਤ 'ਤੇ ਉਸ ਸਾਧ ਦਾ ਭੋਗ ਪਾਇਆ ਗਿਆ ਸੀ, ਜਿਸ ਕਰਕੇ ਪ੍ਰਕਾਸ਼ ਸਿੰਘ ਬਾਦਲ ਨੂੰ ਬਹੁਤ ਸਾਰੇ ਲੋਕਾਂ ਦੀ ਨਾਰਾਜ਼ਗੀ ਦਾ ਸਾਹਮਣਾ ਕਰਨਾ ਪਿਆ ਸੀ ਪਰ ਪ੍ਰਕਾਸ਼ ਸਿੰਘ ਬਾਦਲ ਦਲਿਤ ਵੋਟਾਂ ਦੇ ਲਈ ਇਹ ਸਭ ਕੁਝ ਕਰ ਰਿਹਾ ਸੀ। ਸਾਲ 2024 ਦੌਰਾਨ ਫੇਰ ਤੋਂ ਪੰਜਾਬ ਦੇ ਡੇਰਿਆਂ ਵਿੱਚ ਸਿਆਸੀ ਨੇਤਾਵਾਂ ਦੀ ਆਵਾਜਾਈ ਸ਼ੁਰੂ ਹੋ ਗਈ ਹੈ, ਵੈਸੇ ਤਾਂ ਇਹ ਸਿਲਸਿਲਾ ਪਿਛਲੇ ਸਾਲ ਤੋਂ ਹੀ ਜਾਰੀ ਹੈ ਪਰ ਇਸ ਸਾਲ ਦੇ ਆਉਂਦੇ ਹੀ ਕਾਫ਼ੀ ਤੇਜੀ ਫੜ ਲਈ ਹੈ। ਲੀਡਰ ਡੇਰਿਆਂ ਦੇ ਵਿੱਚ ਜਾ ਕੇ ਆਪਣੀ ਨੇੜਤਾ ਵਧਾ ਰਹੇ ਹਨ। ਡੇਰੇ ਦੇ ਮੁਖੀ ਦੀ ਬਖਸ਼ਿਸ਼ ਮੰਗੀ ਜਾ ਰਹੀ ਹੈ। ਡੇਰਾ ਮੁਖੀ ਦੀ ਬਖਸ਼ਿਸ਼ ਦਾ ਮਤਲਬ ਵੱਡੀ ਗਿਣਤੀ ਵਿੱਚ ਵਚਨਬੱਧ ਵੋਟਾਂ। ਚੋਣਾਂ ਦੇ ਨੇੜੇ ਵੈਸੇ ਵੀ ਪੰਜਾਬ ਦੇ ਵਿੱਚ ਇਹ ਡੇਰੇ ਕਾਫ਼ੀ ਚਰਚਾ ਦੇ ਵਿੱਚ ਰਹਿੰਦੇ ਹਨ। ਬਹੁਤ ਸਾਰੇ ਰਾਜਨੀਤਿਕ ਦਲ ਕਿਸੇ ਨਾ ਕਿਸੇ ਰੂਪ ਵਿੱਚ ਪੰਜਾਬ ਦੇ ਡੇਰਿਆਂ ਦੇ ਨਾਲ ਸੰਪਰਕ ਵਿੱਚ ਨੇ। ਇਸ ਲਈ ਇਹਨਾਂ ਡੇਰਿਆਂ ਦੇ ਕੋਲ ਆਪਣਾ ਇੱਕ ਵੱਡਾ ਵੋਟ ਬੈਂਕ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਡੇਰੇ ਏਨੀ ਕੁ ਵੱਡੀ ਤਾਕਤ ਰੱਖਦੇ ਹਨ ਕਿ ਇਹ ਰਾਜਨੀਤਿਕ ਦਲਾਂ ਦੀ ਹਵਾ ਵੀ ਬਦਲ ਦਿੰਦੇ ਹਨ। ਬੀਤੇ ਸਮੇਂ ਦੇ ਵਿੱਚ ਇਹ ਹੋ ਵੀ ਚੁੱਕਿਆ ਹੈ।



ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਇੱਕ ਖੋਜ ਦੱਸਦੀ ਹੈ ਕਿ ਪੰਜਾਬ ਦੀ ਕੁਲ ਜਨ ਸੰਖਿਆ ਦਾ 70 ਫ਼ੀਸਦੀ ਹਿੱਸਾ ਕਿਸੇ ਨਾ ਕਿਸੇ ਡੇਰੇ ਵਿੱਚ ਘੱਟ ਜਾਂ ਵੱਧ ਸ਼ਰਧਾ ਰੱਖਦਾ ਹੈ ਤੇ ਰਾਜ ਦੇ ਵਿੱਚ ਇੱਕ ਹਜ਼ਾਰ ਤੋਂ ਜਿਆਦਾ ਛੋਟੇ ਵੱਡੇ ਡੇਰੇ ਹਨ, ਤੇ ਡੇਰੇ ਵਾਲਿਆਂ ਦੇ ਸ਼ਰਧਾਲੂ ਦੇਸ਼ਾਂ ਵਿਦੇਸ਼ਾਂ ਵਿੱਚ ਫੈਲੇ ਹੋਏ ਹਨ। ਜ਼ਿਆਦਾਤਰ ਡੇਰਿਆਂ ਦਾ ਆਰਥਿਕ ਆਧਾਰ ਬਾਹਰ ਵਸਦੇ ਸ਼ਰਧਾਲੂਆਂ ਦੇ ਬਲਬੂਤੇ ਟਿਕਿਆ ਹੋਇਆ ਹੈ। ਰਹਿੰਦੀ ਸਹਿੰਦੀ ਕਸਰ ਸਿਆਸਤ ਤੇ ਹਕੂਮਤ ਪੂਰੀ ਕਰ ਦਿੰਦੀ ਹੈ। ਪੰਜਾਬ ਦੇ ਕਈ ਡੇਰੇ ਅਜਿਹੇ ਹਨ ਜਿਨ੍ਹਾਂ ਨੂੰ ਸਰਕਾਰ ਦੇ ਵੱਲੋਂ ਪੰਜਾਹ ਕਰੋੜ ਤੱਕ ਵੀ ਸਰਕਾਰੀ ਚੜ੍ਹਾਵਾ ਚੜ੍ਹਿਆ ਹੈ। ਇਸ ਲਈ ਉਹ ਆਲੀਸ਼ਾਨ ਜੀਵਨ ਜੀ ਰਹੇ ਹਨ। ਡੇਰਿਆਂ ਦੇ ਵਿੱਚ ਹੀ ਫਾਈਵ ਸਟਾਰ ਸੰਸਕ੍ਰਿਤੀ ਨੇ ਡੇਰਾ ਜਮਾ ਲਿਆ ਹੈ। ਕੇਂਦਰ ਤੇ ਰਾਜ ਸਰਕਾਰਾਂ ਨੇ ਬੇਸ਼ੁਮਾਰ ਬਾਬਿਆਂ ਨੂੰ ਵੀ.ਵੀ.ਆਈ.ਪੀ. ਦਾ ਦਰਜ਼ਾ ਵੀ ਦਿੱਤਾ ਹੋਇਆ ਹੈ। ਕਈਆਂ ਨੂੰ ਜੈਡ ਪਲੱਸ ਸਿਕਿਓਰਟੀ ਦੀ ਛਤਰੀ ਵੀ ਮਿਲੀ ਹੋਈ ਹੈ। ਜਿਸ ਤੋਂ ਸਾਫ਼ ਹੈ ਕਿ ਲੀਡਰ ਬਾਬਿਆਂ ਤੋਂ ਬਿਨਾਂ ਅਤੇ ਬਾਬੇ ਲੀਡਰਾਂ ਤੋਂ ਬਿਨਾਂ ਅਧੂਰੇ ਹਨ। ਪੰਜਾਬ ਦੇ ਤਕਰੀਬਨ ਵੀਹ ਡੇਰਿਆਂ ਦਾ ਜਬਰਦਸਤ ਪ੍ਰਭਾਵ ਰਿਹਾ ਹੈ। ਇਹਨਾਂ ਦੇ ਵਿਚੋਂ ਡੇਰਾ ਸੱਚਾ ਸੌਦਾ ਦੀ ਗੱਲ ਕਰੀਏ ਤਾਂ ਭਾਵੇਂ ਕਿ ਇਸ ਡੇਰੇ ਦਾ ਮੁੱਖ ਆਸ਼ਰਮ ਹਰਿਆਣਾ ਦੇ ਜ਼ਿਲ੍ਹਾ ਸਿਰਸਾ ਵਿੱਚ ਹੈ ਪਰ ਉਸ ਦੇ ਸ਼ਰਧਾਲੂਆਂ ਦੀ ਗਿਣਤੀ ਪੰਜਾਬ ਦੇ ਵਿਚੋਂ ਵੱਡੀ ਗਿਣਤੀ ਵਿੱਚ ਹੈ। ਬਠਿੰਡਾ ਜ਼ਿਲ੍ਹੇ ਦੇ ਸਲਾਬਤਪੁਰਾ ਦੇ ਵਿੱਚ ਇਸ ਦਾ ਦੂਜਾ ਵੱਡਾ ਡੇਰਾ ਹੈ। ਰਾਧਾ ਸਵਾਮੀ ਡੇਰਾ ਬਿਆਸ, ਨਿਰੰਕਾਰੀ ਮਿਸ਼ਨ, ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ, ਡੇਰਾ ਸੱਚਖੰਡ ਬੱਲਾਂ, ਨਾਮਧਾਰੀ ਭੈਣੀ ਸਾਹਿਬ, ਬੇਗੋਵਾਲ ਡੇਰਾ, ਭੂਰੀ ਵਾਲਿਆਂ ਦਾ ਡੇਰਾ, ਹੰਸਾਲੀ ਵਾਲਿਆਂ ਦਾ ਡੇਰਾ, ਭਨਿਆਰਾ ਵਾਲੇ ਦਾ ਡੇਰਾ ਆਦਿ ਡੇਰੇ ਹਨ ਜਿਹੜੇ ਰਾਜਨੀਤੀ ਦੀਆਂ ਤੰਦਾਂ ਆਪਣੇ ਹੱਥਾਂ ਵਿੱਚ ਰੱਖਦੇ ਹਨ। ਪੰਜਾਬ ਦੇ ਇਹਨਾਂ ਡੇਰਿਆਂ ਦੀ ਤਾਕਤ ਗੁਆਂਢੀ ਰਾਜਾਂ ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ, ਉੱਤਰਾਖੰਡ ਅਤੇ ਦਿੱਲੀ ਤੱਕ ਫੈਲੀ ਹੋਈ ਹੈ। ਚੋਣਾਂ ਦੇ ਦੌਰਾਨ ਇਹ ਡੇਰੇ ਪੰਜਾਬ ਵਿਧਾਨ ਸਭਾ ਦੇ 70 ਤੇ ਹਰਿਆਣਾ ਦੇ ਲਗਭਗ 32 ਵਿਧਾਨ ਸਭਾ ਖੇਤਰਾਂ ਦੇ ਉੱਤੇ ਸਿੱਧਾ ਪ੍ਰਭਾਵ ਰੱਖਦੇ ਹਨ। ਡੇਰਿਆਂ ਦੇ ਇੱਕ ਇਸ਼ਾਰੇ ਤੇ ਰਾਤੋਂ ਰਾਤ ਚੋਣਾਂਵੀ ਸਮੀਕਰਨ ਬਦਲ ਜਾਂਦੇ ਹਨ। ਕਈ ਡੇਰਿਆਂ ਨੇ ਤਾਂ ਬਕਾਇਦਾ ਸਿਆਸੀ ਵਿੰਗ ਵੀ ਬਣਾਏ ਹੋਏ ਹਨ।



ਪੰਜਾਬ ਦੇ ਰਾਧਾ ਸਵਾਮੀ ਸਤਸੰਗ ਬਿਆਸ ਦਾ 19 ਵਿਧਾਨ ਸਭਾ ਹਲਕਿਆਂ ਦੇ ਉੱਤੇ ਪੂਰਾ ਦਬਦਬਾ ਹੈ। ਡੇਰਾ ਸੱਚਾ ਸੌਦਾ ਦਾ ਪ੍ਰਭਾਵ 27 ਹਲਕਿਆਂ 'ਤੇ , ਨੂਰਮਹਿਲੀਆਂ ਦਾ 8 'ਤੇ, ਨਿਰੰਕਾਰੀਆਂ ਦਾ 4 'ਤੇ, ਸੱਚਖੰਡ ਬੱਲਾਂ ਵਾਲਿਆਂ ਦਾ 8 'ਤੇ, ਬੇਗੋਵਾਲ ਦਾ 3 ਖੇਤਰਾਂ ਦੇ ਉੱਤੇ ਪੂਰਾ ਪੂਰਾ ਪ੍ਰਭਾਵ ਹੈ। ਡੇਰੇ ਦੇ ਕੱਟੜ ਸ਼ਰਧਾਲੂ ਡੇਰਿਆਂ ਦੀ ਹੀ ਬੋਲੀ ਬੋਲਦੇ ਹਨ ਅਤੇ ਉਹਨਾਂ ਦੇ ਕਹਿਣ 'ਤੇ ਵੋਟਾਂ ਪਾਉਂਦੇ ਹਨ। ਡੇਰਾ ਸੱਚਾ ਸੌਦਾ ਚੋਣਾਂਵੀ ਗਣਿਤ ਦੇ ਮੁਤਾਬਿਕ ਮਾਲਵਾ ਦੇ ਵਿੱਚ ਕਾਫ਼ੀ ਅਸਰ ਰੱਖਦਾ ਹੈ। ਡੇਰਾ ਬਿਆਸ ਮਾਝੇ ਦੇ ਵਿੱਚ ਵੱਡਾ ਅਸਰ ਰੱਖਦਾ ਹੈ। ਸੱਚਖੰਡ ਬੱਲਾਂ ਦੋਆਬੇ ਵਿੱਚ ਵਧੀਆ ਅਸਰ ਰੱਖਦਾ ਹੈ ਤੇ ਢੱਕੀ ਸਾਹਿਬ ਜਗਰਾਓਂ ਦੇ ਇਲਾਕੇ ਵਿੱਚ। ਕੁਲ ਮਿਲਾ ਕੇ ਬਹੁਤ ਸਾਰੇ ਡੇਰਿਆਂ ਦੀ ਆਪੋ ਆਪਣੀ ਰਾਜਨੀਤਿਕ ਜ਼ਮੀਨ ਹੈ। ਸੱਤਾ ਤੇ ਰਾਜਨੀਤੀ ਇਸ ਜ਼ਮੀਨ ਨੂੰ ਵਧੀਆ ਤਰੀਕੇ ਦੇ ਨਾਲ ਸਮਝਦੀ ਹੈ। ਰਾਸ਼ਟਰੀ ਸਵੈਮ ਸੇਵਕ ਸੰਘ ਦੇ ਨੇਤਾ ਮੋਹਨ ਭਾਗਵਤ ਲੰਘੇ ਪੰਜ ਸਾਲਾਂ ਦੇ ਵਿੱਚ ਜਿੰਨੀ ਵਾਰ ਵੀ ਪੰਜਾਬ ਆਏ ਤਾਂ ਓਨੀ ਵਾਰ ਹੀ ਉਹ ਰਾਧਾ ਸਵਾਮੀ ਬਿਆਸ ਦੇ ਮੁੱਖ ਦਫ਼ਤਰ ਜ਼ਰੂਰ ਪਹੁੰਚੇ। ਲੰਘੇ ਦਿਨਾਂ ਦੇ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਬਿਆਸ ਵਾਲਿਆਂ ਦੇ ਚਰਨੀ ਲੱਗੇ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਰੱਖਿਆ ਮੰਤਰੀ ਰਾਜਨਾਥ ਸਿੰਘ, ਨਿਤਿਨ ਗਡਕਰੀ, ਜੇ.ਪੀ. ਨੱਢਾ ਤੇ ਭਾਜਪਾ ਦੇ ਕਈ ਰਾਜਾਂ ਦੇ ਮੁੱਖ ਮੰਤਰੀ ਵੀ ਬਿਆਸ ਡੇਰੇ ਦੇ ਵਿੱਚ ਆ ਚੁੱਕੇ ਹਨ। ਇੱਥੋਂ ਤੱਕ ਕਿ ਡੇਰਾ ਮੁਖੀ ਬਿਆਸ ਗੁਰਿੰਦਰ ਸਿੰਘ ਵੀ ਨਾਗਪੁਰ ਭਾਵ ਆਰ.ਐਸ.ਐਸ. ਦੇ ਮੁੱਖ ਦਫ਼ਤਰ ਗਏ ਸਨ। ਦਿੱਲੀ ਦੇ ਮੰਤਰੀਆਂ ਸੰਤਰੀਆਂ ਦੇ ਨਾਲ ਵੀ ਬਹਿਣ ਉੱਠਣ ਰੱਖਦੇ ਹਨ।

ਕਾਂਗਰਸ ਦੇ ਰਾਹੁਲ ਗਾਂਧੀ ਤੇ ਹੋਰ ਕਈ ਵੱਡੇ ਨੇਤਾ ਬਿਆਸ ਡੇਰੇ ਦਾ ਦੌਰਾ ਕਰ ਚੁੱਕੇ ਹਨ। ਬਿਆਸ ਡੇਰੇ ਦੀਆਂ ਨਜ਼ਦੀਕੀਆਂ ਕਦੇ ਕਾਂਗਰਸ ਦੇ ਨਾਲ ਜੱਗ ਜ਼ਾਹਿਰ ਸਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਅਕਸਰ ਹੀ ਬਿਆਸ ਦੀ ਗੇੜੀ ਰੱਖਦੇ ਹਨ। ਬਿਕਰਮ ਸਿੰਘ ਮਜੀਠੀਆ ਡੇਰਾ ਮੁਖੀ ਦੇ ਨਜਦੀਕੀ ਰਿਸ਼ਤੇਦਾਰ ਹਨ। ਭਾਵੇਂ ਕਿ ਇਹ ਡੇਰਾ ਕਿਸੇ ਵੀ ਰਾਜਨੀਤਿਕ ਪਾਰਟੀ ਦੇ ਪੱਖ ਵਿੱਚ ਖੁੱਲ੍ਹੇਆਮ ਵੋਟ ਲਈ ਨਹੀਂ ਕਹਿੰਦਾ, ਪਰ ਸਿਆਸਤਦਾਨਾਂ ਦੀ ਆਵਾਜਾਈ ਕਿਤੇ ਨਾ ਕਿਤੇ ਇਹ ਬਿਰਤਾਂਤ ਬੁਣ ਹੀ ਦਿੰਦੀ ਹੈ।

ਡੇਰਾ ਸੱਚਾ ਸੌਦਾ ਦਾ ਮੁਖੀ ਗੁਰਮੀਤ ਰਾਮ ਰਹੀਮ ਹੱਤਿਆ ਤੇ ਬਲਾਤਕਾਰ ਦੇ ਵਿੱਚ ਜੇਲ੍ਹ ਦੀਆਂ ਸ਼ਲਾਖ਼ਾਂ ਦੇ ਪਿੱਛੇ ਹੈ, ਪਰ ਡੇਰੇ ਦਾ ਸਿਆਸੀ ਦਬਦਬਾ ਕਾਇਮ ਹੈ। ਡੇਰਾ ਸੱਚਾ ਸੌਦਾ ਨੇ ਸਾਲ 2002 ਤੇ 2007 ਦੇ ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦਾ ਪੱਖ ਪੂਰਿਆ ਸੀ। ਇਸ ਤੋਂ ਪਹਿਲਾਂ ਉਹ ਅਕਾਲੀ ਭਾਜਪਾ ਗਠਜੋੜ ਦੇ ਹੱਕ ਵਿੱਚ ਸੀ ਪਰ ਹੁਣ ਜਿਸ ਤਰ੍ਹਾਂ ਰਾਮ ਰਹੀਮ ਨੂੰ ਪੈਰੋਲ ਲਗਾਤਾਰ ਮਿਲ ਰਹੀ ਹੈ, ਤਾਂ ਅੰਦਾਜ਼ਾ ਇਹ ਲਗਾਇਆ ਜਾ ਰਿਹਾ ਹੈ ਕਿ ਇਸ ਵਾਰ ਸੱਚੇ ਸੌਦੇ ਵਾਲਾ ਸੌਦਾ ਭਾਜਪਾ ਨਾਲ ਕਰੇਗਾ, ਹੋ ਸਕਦਾ ਹੈ ਕਿ ਹੋ ਵੀ ਗਿਆ ਹੋਵੇ। ਕਿਉਂਕਿ ਜੇਲ੍ਹ ਵਿੱਚ ਬੰਦ ਰਾਮ ਰਹੀਮ 'ਤੇ ਹਰਿਆਣਾ ਦੀ ਸਰਕਾਰ ਕਾਫ਼ੀ ਮਿਹਰਬਾਨ ਹੈ। ਇਹ ਮਿਹਰਬਾਨੀ ਐਵੇਂ ਤਾਂ ਹੋ ਨਹੀਂ ਸਕਦੀ। ਪੰਜਾਬ ਵਿੱਚ ਕਾਂਗਰਸ ਮਾਲਵਾ ਇਲਾਕੇ ਵਿੱਚ ਆਪਣੀ ਮਜ਼ਬੂਤੀ ਦੇ ਲਈ ਅੰਦਰਖਾਤੇ ਸੌਦਾ ਸਾਧ ਦਾ ਸਮਰਥਨ ਚਾਹੁੰਦੀ ਹੈ ਤੇ ਯਤਨ ਵੀ ਕਰ ਰਹੀ ਹੈ। ਕੁਲ ਮਿਲਾ ਕੇ ਸਾਰੀਆਂ ਹੀ ਪਾਰਟੀਆਂ ਆਮ ਜਨਤਾ ਦੇ ਨਾਲੋਂ ਬਹੁਤਾ ਡੇਰਿਆਂ ਦੇ ਵਿੱਚ ਖ਼ਾਕ ਛਾਣਦੇ ਫਿਰਦੇ ਨੇ, ਕਿਉਂਕਿ ਆਮ ਜਨਤਾ ਲੀਡਰਾਂ ਨੂੰ ਸਵਾਲ ਕਰਨ ਲੱਗ ਪਈ ਹੈ। ਇੱਥੋਂ ਤੱਕ ਕਿ ਆਪਣੇ ਪਿੰਡਾਂ ਵਿੱਚ ਕੁਝ ਸਿਆਸਤਦਾਨਾਂ ਦੇ ਦਾਖ਼ਲੇ 'ਤੇ ਪਾਬੰਦੀ ਲਗਾਈ ਗਈ ਹੈ। ਸਿਆਣੇ ਕਹਿੰਦੇ ਨੇ ਕਿ ਧਰਮ ਇੱਕ ਨਸ਼ਾ ਹੈ, ਅਜਿਹਾ ਨਸ਼ਾ ਜੋ ਆਪਣੀ ਚੁੰਗਲ ਦੇ ਵਿਚੋਂ ਛੇਤੀ ਕਰਕੇ ਨਿਕਲਣ ਨਹੀਂ ਦਿੰਦਾ। ਏਹੀ ਨਸ਼ਾ ਸਾਡੇ ਸਿਆਸਤਦਾਨਾਂ ਦੁਆਰਾ ਲੋਕਾਂ ਦੇ ਵਿੱਚ ਵੰਡਿਆ ਜਾਂਦਾ ਹੈ। ਅਸੀਂ ਲੋਕਾਂ ਨੂੰ ਇਹੀ ਕਹਾਂਗੇ ਕਿ ਡੇਰਾਵਾਦ ਦੀ ਵਲਗਣ ਤੋਂ ਬਾਹਰ ਨਿਕਲ ਕੇ ਆਪਣੇ ਬੱਚਿਆਂ ਦੇ ਭਵਿੱਖ ਦਾ ਫ਼ੈਸਲਾ ਕਰਨ ਤਾਂ ਕਿ ਇਹ ਚਿੱਟੀ ਸਿਉਂਕ ਰੂਪੀ ਸਾਧ ਤੇ ਸਿਆਸਤਦਾਨ ਤੁਹਾਨੂੰ ਆਪਣੇ ਹੱਥਾਂ ਦੀ ਕਠਪੁਤਲੀ ਨਾ ਬਣਾ ਸਕਣ।



ਦਰਪਣ ਝੂਠ ਨਹੀਂ ਬੋਲਦਾ

# ਪ੍ਰਧਾਨ ਮੰਤਰੀ ਮੋਦੀ ਦੇ 75 ਦਿਨਾਂ ਦੇ ਰਿਪੋਰਟ ਕਾਰਡ ਪਿੱਛੇ ਅਸਲ ਸੱਚ

## * ਕਾਰਪੋਰੇਟ ਮਾਲਾਮਾਲ, ਕਿਰਤੀਆਂ ਦੇ ਬੁਰੇ ਹਾਲ ! * ਭਾਰਤ ਦਾ 80 ਫ਼ੀਸਦੀ ਸਿਹਤ ਢਾਂਚਾ ਨਿੱਜੀ ਹੱਥਾਂ ਵਿੱਚ



ਹੁਣੇ ਜਿਹੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਇਹ ਦਹਾਕਾ ਭਾਰਤ ਦੇ ਨਿਰਮਾਣ ਦਾ ਦਹਾਕਾ ਹੈ। ਰਿਪਬਲਿਕ ਟੀ.ਵੀ. ਸੰਮੇਲਨ ਵਿੱਚ ਹਿੱਸਾ ਲੈਂਦਿਆਂ ਉਨ੍ਹਾਂ ਕਿਹਾ ਸੀ ਕਿ ਅਗਲੇ ਦਹਾਕੇ ਦੀ ਸ਼ੁਰੂਆਤ ਤੋਂ ਪਹਿਲਾਂ ਹੀ ਭਾਰਤ ਦੀ ਅਰਥਵਿਵਸਥਾ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਹੋਵੇਗੀ। ਪੀ.ਐਮ. ਮੋਦੀ ਨੇ ਕਿਹਾ ਕਿ ਭਾਰਤ ਦੁਨੀਆਂ ਦੀ ਅਗਵਾਈ ਕਰਨ ਲਈ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਪੀ. ਐਮ. ਮੋਦੀ ਨੇ ਪਿਛਲੇ 75 ਦਿਨਾਂ ਦੇ ਕੰਮ ਗਿਣਾਉਂਦਿਆਂ ਕਿਹਾ ਕਿ ਇਨ੍ਹਾਂ ਦਿਨਾਂ ਵਿੱਚ ਦੇਸ਼ ਵਿੱਚ 7 ਨਵੇਂ ਏਮਜ਼, 4 ਮੈਡੀਕਲ ਅਤੇ ਨਰਸਿੰਗ ਕਾਲਜ, 6 ਰਿਸਰਚ ਲੈਬ, 3 ਆਈਆਈਐਮ, 10 ਆਈਆਈਟੀ, 5 ਐਨਆਈਟੀ ਸਥਾਈ ਕੈਂਪਸ, 3 ਟ੍ਰਿਪਲ ਆਈਟੀ, 2 ਆਈ.ਸੀ.ਆਰ. ਅਤੇ 10 ਕੇਂਦਰੀ ਸੰਸਥਾਵਾਂ ਦਾ ਨੀਂਹ ਪੱਥਰ ਰੱਖਿਆ ਗਿਆ ਹੈ ਅਤੇ ਉਦਘਾਟਨ ਹੋਇਆ ਹੈ। ਪੁਲਾੜ ਬੁਨਿਆਦੀ ਢਾਂਚੇ ਨਾਲ ਸਬੰਧਿਤ 1800 ਕਰੋੜ ਰੁਪਏ ਦੇ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਗਿਆ ਹੈ। 55 ਬਿਜਲੀ ਪ੍ਰਾਜੈਕਟਾਂ ਦੇ ਨੀਂਹ ਪੱਥਰ ਦਾ ਉਦਘਾਟਨ ਕੀਤਾ ਗਿਆ ਹੈ।

ਸੱਚਾਈ ਇਹ ਹੈ ਕਿ ਮੋਦੀ ਸਰਕਾਰ ਨੇ ਆਪਣੇ ਦਸ ਸਾਲਾਂ ਦੌਰਾਨ ਕਈ ਸਕੀਮਾਂ ਸ਼ੁਰੂ ਕੀਤੀਆਂ ਜਿਨ੍ਹਾਂ ਦਾ ਬੁਰੀ ਤਰ੍ਹਾਂ ਜਲੂਸ ਨਿਕਲ ਚੁੱਕਿਆ ਹੈ। ਉੱਜਵਲ ਯੋਜਨਾ ਤਹਿਤ ਸਰਕਾਰ ਆਮ ਲੋਕਾਂ ਨੂੰ ਮਿਲ਼ਣ ਵਾਲ਼ੇ ਗੈਸ ਸਿਲੰਡਰ ਦੀ ਗੱਲ ਕਰ ਰਹੀ ਹੈ ਪਰ ਹਕੀਕਤ ਇਹ ਹੈ ਕਿ 9.6 ਕਰੋੜ ਲੋਕਾਂ ਨੇ ਗੈਸ ਕੁਨੈਕਸ਼ਨ ਲਿਆ ਪਰ ਇਸ ਤੋਂ ਬਾਅਦ ਵਧਦੀ ਮਹਿੰਗਾਈ ਕਰਕੇ 4.12 ਕਰੋੜ ਲੋਕ ਮੁੜ ਕੇ ਸਿਲੰਡਰ ਨਹੀਂ ਭਰਾ ਸਕੇ ਪਰ ਉੱਜਵਲ ਯੋਜਨਾ ਦਾ ਇਹ ਪੱਖ ਸਰਕਾਰੀ ਇਸ਼ਤਿਹਾਰਬਾਜ਼ੀ ਵਿੱਚੋਂ ਬਿਲਕੁਲ ਗਾਇਬ ਹੈ। ਬੇਰੁਜ਼ਗਾਰੀ ਇਸ ਸਰਮਾਏਦਾਰਾਂ ਢਾਂਚੇ ਦਾ ਵਜੂਦ ਸਮੋਇਆ ਨਿਯਮ ਹੈ। ਮੋਦੀ ਸਰਕਾਰ ਦੇ ਦਸ ਸਾਲਾਂ ਦੇ ਕਾਰਜਕਾਲ ਦੌਰਾਨ ਬੇਰੁਜ਼ਗਾਰੀ ਵਿੱਚ ਰਿਕਾਰਡ ਵਾਧਾ ਹੋਇਆ ਹੈ। ਇਸ ਵੇਲ਼ੇ ਪਿਛਲੇ 50 ਸਾਲਾਂ ਦੀ ਰਿਕਾਰਡ ਤੋੜ ਬੇਰੁਜ਼ਗਾਰੀ ਹੈ। ਮੋਦੀ ਸਰਕਾਰ ਨੇ 2014 ਵਿੱਚ ਹਰ ਸਾਲ 2 ਕਰੋੜ ਨੌਕਰੀਆਂ ਦੇਣ ਦੀ ਗੱਲ ਕਹੀ ਸੀ ਪਰ ਕੁਰਸੀ ਮਿਲ਼ਣ ਤੋਂ ਬਾਅਦ ਕਿੰਨੀਆਂ ਨੌਕਰੀਆਂ ਦਿੱਤੀਆਂ ਗਈਆਂ ਇਸ ਬਾਰੇ ਸਰਕਾਰ ਚੁੱਪ ਹੈ। ਇਹ ਵੀ ਜ਼ਿਕਰਯੋਗ ਹੈ ਕਿ ਸਰਕਾਰੀ ਅਦਾਰਿਆਂ ਵਿੱਚ ਲੱਖਾਂ ਹੀ ਅਸਾਮੀਆਂ ਖਾਲੀ ਪਈਆਂ ਨੇ। ਸਿੱਖਿਆ ਵਿਭਾਗ ਦੀ ਗੱਲ ਕਰੀਏ ਤਾਂ ਲਗਭਗ 1.50 ਲੱਖ ਮੁੱਢਲੇ ਸਕੂਲਾਂ ਵਿੱਚ ਸਿਰਫ਼ ਇੱਕ ਹੀ ਅਧਿਆਪਕ ਹੈ। ਦੇਸ਼ ਦੇ ਸਕੂਲ ਲਗਭਗ 11 ਲੱਖ ਅਧਿਆਪਕਾਂ ਦੀ ਘਾਟ ਨਾਲ਼ ਜੂਝ ਰਹੇ ਹਨ। ਰੇਲਵੇ ਵਿੱਚ ਲਗਭਗ 3.12 ਲੱਖ ਪੋਸਟਾਂ, ਬੀਐਸਐਨਐਲ ਵਿੱਚ 18,535 ਪੋਸਟਾਂ ਖਾਲੀ ਪਈਆਂ ਨੇ ਪਰ ਦਿੱਤੀਆਂ ਨਹੀਂ ਜਾ ਰਹੀਆਂ। ਇਸੇ ਤਰ੍ਹਾਂ ਸਿਰਫ਼ ਕੇਂਦਰ ਸਰਕਾਰ ਦੇ ਵਿਭਾਗਾਂ ਵਿੱਚ 9 ਲੱਖ ਤੋਂ ਵੱਧ ਪੋਸਟਾਂ ਖਾਲੀ ਪਈਆਂ ਹਨ ਪਰ ਨਿੱਜੀਕਰਨ ਦੇ ਰਾਹ ਤੁਰੀ ਸਰਕਾਰ ਇਹਨਾਂ ਨੂੰ ਭਰ ਨਹੀਂ ਰਹੀ।

ਭਾਰਤ ਵਿੱਚ ਮਹਿੰਗਾਈ ਨੇ ਕਿਰਤੀ ਲੋਕਾਂ ਦਾ ਕਚੂਮਰ ਕੱਢਿਆ ਹੋਇਆ ਹੈ। ਤੇਲ, ਗੈਸ ਤੇ ਸਬਜ਼ੀਆਂ ਦੀਆਂ ਕੀਮਤਾਂ ਨੇ ਰਸੋਈ ਦੇ ਬਜਟ ਵਿਗਾੜ ਦਿੱਤੇ ਨੇ। ਕੌਮੀ ਸੈਂਪਲ ਸਰਵੇਖਣ ਅਦਾਰੇ ਦੇ ਅਗਸਤ 2022 ਤੋਂ ਜੁਲਾਈ 2023 ਤੱਕ ਘਰੇਲੂ ਖਪਤ ’ਤੇ ਖ਼ਰਚ ਬਾਰੇ ਕਰਵਾਏ ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ ਪਿਛਲੇ ਇੱਕ ਦਹਾਕੇ ਵਿੱਚ ਦੇਸ਼ ’ਚ ਪ੍ਰਤੀ ਜੀਅ ਮਹੀਨਾਵਾਰ ਘਰੇਲੂ ਖ਼ਰਚ ਵਿੱਚ ਦੁੱਗਣੇ ਤੋਂ ਵੀ ਜ਼ਿਆਦਾ ਵਾਧਾ ਹੋਇਆ ਹੈ। ਨੀਤੀ ਆਯੋਗ ਦੇ ਸੀਈਓ ਬੀਵੀਆਰ ਸੁਬਰਾਮਣੀਅਮ ਮੁਤਾਬਕ ਅੰਕੜੇ ਦਿਖਾਉਂਦੇ ਹਨ ਕਿ ਦੇਸ਼ਵਾਸੀਆਂ ਦੀ ਵਧਦੀ ਖ਼ੁਸ਼ਹਾਲੀ ਦਰਮਿਆਨ ਭਾਰਤ ਵਿੱਚ ਗਰੀਬੀ ਦਾ ਪੱਧਰ ਵੀ 5 ਪ੍ਰਤੀਸ਼ਤ ਤੋਂ ਹੇਠਾਂ ਆ ਗਿਆ ਹੈ। ਕੌਮੀ ਸੈਂਪਲ ਸਰਵੇਖਣ ਦਫ਼ਤਰ ਮੁਤਾਬਕ, ਦੇਸ਼ ਵਿੱਚ ਅਨਾਜ ਦੀ ਖਪਤ ਵਿੱਚ ਵੱਡੀ ਗਿਰਾਵਟ ਆਈ ਹੈ। ਦਿਹਾਤੀ ਇਲਾਕਿਆਂ ਵਿੱਚ ਔਸਤ ਐੱਮਪੀਸੀਈ (ਮਹੀਨਾਵਾਰ ਪ੍ਰਤੀ ਜੀਅ ਖਪਤ ਖ਼ਰਚ) ਦੇ ਹਿੱਸੇ ਵਜੋਂ ਇਹ 10.7 ਪ੍ਰਤੀਸ਼ਤ (2011-12) ਦੇ ਮੁਕਾਬਲੇ ਘਟ ਕੇ 5 ਪ੍ਰਤੀਸ਼ਤ ਰਹਿ ਗਈ ਹੈ। ਇਸ ਸਰਵੇਖਣ ਦੀ ਖਾਸ ਗੱਲ ਇਹ ਵੀ ਹੈ ਕਿ ਦੇਸ਼ ਵਿੱਚ (ਬਾਕੀ ਸਫ਼ਾ 31 ’ਤੇ)

# 4 ਸਾਲ ਬਾਅਦ ਵੀ ਦਿੱਲੀ ਹਿੰਸਾ 2020 ਦਾ ਦਹਿਸ਼ਤੀ ਪਰਛਾਵਾਂ ਬਰਕਰਾਰ

## ਉਮਰ ਖ਼ਾਲਿਦ, ਪੀ.ਐਚ.ਡੀ. ਸ਼ਰਜੀਲ ਇਮਾਮ ਸਮੇਤ ਕਈ ਹੋਰ ਝੂਠੇ ਕੇਸਾਂ ’ਚ ਹੁਣ ਤੱਕ ਜੇਲ੍ਹ ਵਿੱਚ




ਉੱਤਰ ਪੂਰਬੀ ਦਿੱਲੀ ਵਿੱਚ ਫਿਰਕੂ ਹਿੰਸਾ ਨੂੰ 4 ਸਾਲ ਹੋ ਗਏ ਹਨ। ਹਾਲਾਂ ਕਿ, ਅਦਾਲਤੀ ਕੇਸ ਵਿੱਚ ਕਈ ਬਰੀ ਹੋਣ ਤੋਂ ਬਾਅਦ ਅਦਾਲਤ ਨੇ ਦਿੱਲੀ ਪੁਲਿਸ ਨੂੰ ਢੁਕਵੀਂ ਜਾਂਚ ਲਈ ਫਟਕਾਰ ਲਗਾਈ ਹੈ। 2020 ਦੌਰਾਨ ਭਾਰਤ ਦੀ ਰਾਜਧਾਨੀ ਦੇ ਉੱਤਰ-ਪੂਰਬੀ ਹਿੱਸੇ ਫਿਰਕੂ ਹਿੰਸਾ ਨਾਲ ਪ੍ਰਭਾਵਿਤ ਹੋਏ ਸਨ। ਦਿੱਲੀ ਵਿੱਚ 23 ਤੋਂ 27 ਫਰਵਰੀ ਦਰਮਿਆਨ ਵਾਪਰੀ ਇਸ ਘਟਨਾ ਦੇ ਚਾਰ ਸਾਲ ਬਾਅਦ ਵੀ, ਇਸ ਸਾਲ ਲੋਕ ਸਭਾ ਚੋਣਾਂ ਨੇੜੇ ਆਉਂਦਿਆਂ ਅਜਿਹੀਆਂ ਖ਼ਬਰਾਂ ਆਈਆਂ ਹਨ ਕਿ ਦਿੱਲੀ ਪੁਲਿਸ ਚੋਣਾਂ ਤੋਂ ਪਹਿਲਾਂ ਹਿੰਸਾ ਹੋਣ ਦਾ ਸ਼ੱਕ ਹੈ। ਹਿੰਦੁਸਤਾਨ ਟਾਈਮਜ਼ ਅਨੁਸਾਰ ਪੁਲਿਸ ਨੂੰ ਇੱਕ ਸਲਾਹ ਦਿੱਤੀ ਗਈ ਹੈ ਕਿ ਉਹ ਪ੍ਰਦਰਸ਼ਨਕਾਰੀਆਂ ’ਤੇ ‘ਨਿਗਾਹ’ ਰੱਖਣ ਅਤੇ 2020 ਦੇ ਸੀਏਏ ਵਿਰੋਧੀ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਵਾਲੇ ਸ਼ਹਿਰ ਦੇ ਫਿਰਕੂ ਅਨਸਰਾਂ ਉਪਰ ਨਜ਼ਰ ਰੱਖਣ ਤੇ ਸੰਵੇਦਨਸ਼ੀਲ ਖੇਤਰਾਂ ਵਿੱਚ ਚੌਕਸ ਰਹਿਣ।

ਹਾਲਾਂ ਕਿ, ਦਿੱਲੀ ਹਿੰਸਾ ਦੌਰਾਨ 50 ਤੋਂ ਵੱਧ ਲੋਕ (38 ਮੁਸਲਮਾਨ ਅਤੇ 15 ਹਿੰਦੂ) ਮਾਰੇ ਗਏ ਸਨ ਅਤੇ 700 ਜ਼ਖਮੀ ਹੋਏ ਸਨ। ਹਿੰਸਾ ਦੇ ਬਾਅਦ, ਦਿੱਲੀ ਘੱਟ ਗਿਣਤੀ ਕਮਿਸ਼ਨ ਦੁਆਰਾ ਬਣਾਈ ਗਈ ਇੱਕ ਕਮੇਟੀ ਨੇ ਕਿਹਾ ਸੀ ਕਿ ਫਰਵਰੀ 2020 ਵਿੱਚ ਅਗਲੇ ਤਿੰਨ ਦਿਨਾਂ ਵਿੱਚ, ਭੀੜ ਨੇ ਦਿੱਲੀ ਦੇ ਜ਼ਿਲ੍ਹਿਆਂ ਵਿੱਚ ਫੈਲ ਕੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਸੀ।ਦ ਪ੍ਰਿੰਟ ਦੀ ਇੱਕ ਰਿਪੋਰਟ ਦੇ ਅਨੁਸਾਰ, ਹਿੰਸਾ ਦੇ ਸਬੰਧ ਵਿੱਚ ਦਰਜ 757 ਮਾਮਲਿਆਂ ਵਿੱਚ 183 ਵਿਅਕਤੀਆਂ ਨੂੰ ਅਪਰਾਧ ਮੁਕਤ ਕਰ ਦਿੱਤਾ ਗਿਆ ਸੀ, ਅਤੇ 75 ਨੂੰ ਬਰੀ ਕਰ ਦਿੱਤਾ ਗਿਆ ਸੀ। ਇਸ ਮਾਮਲੇ ਵਿੱਚ ਕਈ ਮੋੜ ਦੇਖਣ ਨੂੰ ਮਿਲੇ ਹਨ। ਨਵੰਬਰ 2023 ਵਿੱਚ, ਇੱਕ ਅਦਾਲਤ ਨੇ 7 ਲੋਕਾਂ ਨੂੰ ਬਰੀ ਕਰ ਦਿੱਤਾ ਸੀ ਕਿਉਂਕਿ ਇਸਤਗਾਸਾ ਪੱਖ ਕਥਿਤ ਤੌਰ ’ਤੇ ਇਹ ਸਾਬਤ ਕਰਨ ਵਿੱਚ ਅਸਫਲ ਰਿਹਾ ਕਿ ਇਹ ਲੋਕ ਹਿੰਸਕ ਭੀੜ ਦਾ ਹਿੱਸਾ ਸਨ। ਵੀਡੀਓ ਰਿਕਾਰਡਿੰਗ ਦੇ ਸਬੂਤ ਹੋਣ ਦੇ ਬਾਵਜੂਦ, ਅਦਾਲਤ ਅਨੁਸਾਰ ਵੀਡੀਓ ਰਿਕਾਰਡਿੰਗ ਨੂੰ ਸਬੂਤ ਵਜੋਂ ਸਵੀਕਾਰ ਨਹੀਂ ਕੀਤਾ ਗਿਆ ਕਿਉਂਕਿ ਇਸ ਵਿੱਚ ਛੇੜ-ਛਾੜ ਹੋਈ ਸੀ। ਇੱਕ ਹੋਰ ਘਟਨਾ ਵਿੱਚ, ਇੱਕ ਅਦਾਲਤ ਨੇ ਦਿੱਲੀ ਪੁਲਿਸ ਦੀ ਜਾਂਚ ਨੂੰ ਨਕਾਰਿਆ ਤੇ ਝੂਠਾ ਦੱਸਿਆ।

ਇਸੇ ਤਰ੍ਹਾਂ, ਜੂਨ 2023 ਵਿੱਚ, ਦ ਹਿੰਦੂ ਨੇ ਰਿਪੋਰਟ ਦਿੱਤੀ ਕਿ ਕੜਕੜਡੂਮਾ ਅਦਾਲਤ ਨੇ 2020 ਦੇ ਦਿੱਲੀ ਦੰਗਿਆਂ ਨਾਲ ਸਬੰਧਿਤ ਦੋ ਵੱਖ-ਵੱਖ ਮਾਮਲਿਆਂ ਵਿੱਚ ਸਬੂਤਾਂ ਦੀ ਘਾਟ ਕਾਰਨ ਨੌਂ ਦਿਨਾਂ ਦੇ ਅੰਦਰ ਚਾਰ ਮੁਸਲਿਮ ਆਦਮੀਆਂ ਨੂੰ ਬਰੀ ਕਰ ਦਿੱਤਾ ਸੀ। ਦਿ ਹਿੰਦੂ ਦੇ ਅਨੁਸਾਰ, ਅਕਤੂਬਰ 2023 ਵਿੱਚ, ਅਦਾਲਤ ਨੇ ਇੱਕ ਵਾਰ ਫਿਰ ਪੁਲਿਸ ਕਮਿਸ਼ਨਰ ਨੂੰ ਚਾਰਜਸ਼ੀਟ ਦਾ ਖਰੜਾ ਤਿਆਰ ਕਰਨ ਵਾਲੇ ਜਾਂਚ ਅਧਿਕਾਰੀ (ਆਈਓ) ਦੇ ਵਿਵਹਾਰ ਦੀ ਜਾਂਚ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ। ਜੱਜ ਪੁਲਸਤਿਆ ਪ੍ਰਮਾਚਲਾ ਨੇ ਕਿਹਾ ਸੀ ਕਿ ਪਿਛਲੇ ਆਈਓ ਨੇ ਇਸ ਅਦਾਲਤ ਨੂੰ ਸੁਣੀਆਂ-ਸੁਣਾਈਆਂ ਗੱਲਾਂ ਦੇ ਆਧਾਰ ’ਤੇ ਜਾਂਚ ਰਿਪੋਰਟ ਪੇਸ਼ ਕਰਕੇ ਅਦਾਲਤ ਦਾ ਸਮਾਂ ਬਰਬਾਦ ਕੀਤਾ ਹੈ।

ਦਿ ਵਾਇਰ ਦੀ 2020 ਦੀ ਇੱਕ ਰਿਪੋਰਟ ਅਨੁਸਾਰ ਦਿੱਲੀ ਪੁਲਿਸ ਨੇ ਆਪਣੇ ਦਾਅਵੇ ਨੂੰ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਦਿੱਲੀ ਦੰਗੇ ਨਾਗਰਿਕਤਾ ਸੋਧ ਕਾਨੂੰਨ ਵਿਰੋਧੀ ਪ੍ਰਦਰਸ਼ਨਕਾਰੀਆਂ ਦੁਆਰਾ ਰਚੀ ਗਈ ਇੱਕ ਸਾਜ਼ਿਸ਼ ਸੀ। ਦਿੱਲੀ ਪੁਲਿਸ ਨੇ ਕਥਿਤ ਤੌਰ ’ਤੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ, ਵਿਸ਼ਵ ਪ੍ਰਸਿੱਧ ਅਰਥ ਸ਼ਾਸਤਰੀ ਜਯਤੀ ਘੋਸ਼, ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਬੁੱਧੀਜੀਵੀ ਅਪੂਰਵਾਨੰਦ ਦੇ ਨਾਲ-ਨਾਲ ਕਈ ਪ੍ਰਮੁੱਖ ਹਸਤੀਆਂ ਨੂੰ ਦੋਸ਼ੀ ਵਜੋਂ ਨਾਮਜ਼ਦ ਕੀਤਾ ਸੀ।

# ਨਿਊਯਾਰਕ ਅਤੇ ਸੈਨ ਫ਼ਰਾਂਸਿਸਕੋ ਸਮੇਤ 32 ਸ਼ਹਿਰ 2050 ਤੱਕ ਖ਼ਤਰੇ ਵਿੱਚ

ਇੱਕ ਨਵੇਂ ਅਧਿਐਨ ਤੋਂ ਪਤਾ ਲੱਗਾ ਹੈ ਕਿ ਨਿਊਯਾਰਕ, ਬੋਸਟਨ, ਮਿਆਮੀ ਅਤੇ ਸੈਨ ਫਰਾਂਸਿਸਕੋ ਸਮੇਤ 32 ਅਮਰੀਕੀ ਸ਼ਹਿਰ ਸਮੁੰਦਰ ਵਿੱਚ ਡੁੱਬ ਰਹੇ ਹਨ। ਇਨ੍ਹਾਂ ਸ਼ਹਿਰਾਂ ਨੂੰ 2050 ਤੱਕ ਲਗਾਤਾਰ ਹੜ੍ਹਾਂ ਦੇ ਖ਼ਤਰੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਕਾਰਨ ਇਨ੍ਹਾਂ ਸ਼ਹਿਰਾਂ ਦੀ ਪੰਜ ਲੱਖ ਤੋਂ ਵੱਧ ਆਬਾਦੀ ਪ੍ਰਭਾਵਿਤ ਹੋ ਸਕਦੀ ਹੈ। ਦੱਸਿਆ ਗਿਆ ਹੈ ਕਿ ਜੇਕਰ ਇਸ ਖ਼ਤਰੇ ਨੂੰ ਘੱਟ ਕਰਨ ਲਈ ਕੁਝ ਨਾ ਕੀਤਾ ਗਿਆ ਤਾਂ 2050 ਤੱਕ ਹੜ੍ਹਾਂ ਕਾਰਨ 107 ਬਿਲੀਅਨ ਡਾਲਰ ਦਾ ਨੁਕਸਾਨ ਹੋ ਸਕਦਾ ਹੈ। ਅਮਰੀਕਾ ਦੀ ਲਗਭਗ 30% ਆਬਾਦੀ ਤੱਟ ਦੇ ਨਾਲ-ਨਾਲ ਸ਼ਹਿਰਾਂ ਵਿੱਚ ਰਹਿੰਦੀ ਹੈ, ਜਿੱਥੇ 2050 ਤੱਕ ਸਮੁੰਦਰ ਦਾ ਪੱਧਰ 1 ਫੁੱਟ (0.3 ਮੀਟਰ) ਤੱਕ ਵਧਣ ਦੀ ਸੰਭਾਵਨਾ ਹੈ।

ਇਹ ਨਵਾਂ ਅਧਿਐਨ 5 ਮਾਰਚ ਨੂੰ ਨੇਚਰ ਜਰਨਲ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਸੀ ਜਿਸ ਵਿੱਚ ਸਮੁੰਦਰ ਦੇ ਵਧਦੇ ਪੱਧਰ ਅਤੇ ਡੁੱਬਦੀ ਜ਼ਮੀਨ ਦੇ ਦੋਹਰੇ ਖ਼ਤਰੇ ਨੂੰ ਦਰਸਾਇਆ ਗਿਆ ਹੈ।

20ਵੀਂ ਸਦੀ ਤੋਂ, ਜਲਵਾਯੂ ਪਰਿਵਰਤਨ ਕਾਰਨ ਗਲੇਸ਼ੀਅਰ ਪਿਘਲ ਗਏ ਹਨ ਅਤੇ ਸਮੁੰਦਰ ਦੇ ਪਾਣੀ ਗਰਮ ਹੋ ਰਹੇ ਹਨ। ਇਸ ਨਾਲ ਪਾਣੀ ਦਾ ਵਿਸਥਾਰ ਹੋ ਰਿਹਾ ਹੈ ਅਤੇ ਪਿਛਲੇ ਤਿੰਨ ਦਹਾਕਿਆਂ ਦੌਰਾਨ ਸਮੁੰਦਰ ਦਾ ਪੱਧਰ ਲਗਭਗ 0.13 ਇੰਚ (3.4 ਮਿਲੀਮੀਟਰ) ਪ੍ਰਤੀ ਸਾਲ ਵਧ ਰਿਹਾ ਹੈ। ਫਿਰ ਵੀ, ਇੱਕ ਹੀ ਸਮੇਂ, (ਬਾਕੀ ਸਫ਼ਾ 31 ’ਤੇ)

# ਭਾਰਤ ਦੀ ਰਾਜਨੀਤੀ ਵਿੱਚ ਸਿੱਖਾਂ ਦੀ ਸਥਿਤੀ ਕਮਜ਼ੋਰ

## ਅਕਾਲੀ ਦਲ ਨੂੰ ਸੰਗਠਿਤ ਹੋ ਕੇ ਖੇਤਰੀ ਤੇ ਪੰਥਕ ਰਾਜਨੀਤੀ ਉਭਾਰਨ ਦੀ ਲੋੜ

ਸਿੱਖ ਲੀਡਰਸ਼ਿਪ ਤੇ ਬੁੱਧੀਜੀਵੀ ਸੋਚਣ ਕਿ ਸਿੱਖਾਂ ਨੂੰ ਪੰਜਾਬ ਤੋਂ ਬਾਹਰ ਰਾਜ ਭਾਗ ਵਿੱਚ ਹਿੱਸੇਦਾਰ ਕਿਵੇਂ ਬਣਾਇਆ ਜਾਵੇ

ਦੇਸ਼ ਦੀ ਰਾਜਨੀਤੀ ਵਿੱਚ ਸਿੱਖਾਂ ਦੀ ਸਥਿਤੀ ਖ਼ਰਾਬ ਤੇ ਕਮਜ਼ੋਰ ਹੁੰਦੀ ਜਾ ਰਹੀ ਹੈ। ਇਸ ਵਾਰ ਭਾਜਪਾ ਨੇ ਅਜੇ ਤੱਕ ਕਿਸੇ ਵੀ ਰਾਜ ਵਿੱਚ ਕਿਸੇ ਵੀ ਸਿੱਖ ਨੂੰ ਲੋਕ ਸਭਾ ਦੀ ਟਿਕਟ ਨਹੀਂ ਦਿੱਤੀ, ਜਦੋਂ ਕਿ ਅਜਿਹਾ ਜਾਪਦਾ ਹੈ ਕਿ ਪੰਜਾਬ ਤੋਂ ਬਿਨਾਂ ਕਿਸੇ ਹੋਰ ਰਾਜ ਵਿੱਚ ਦੂਜੀਆਂ ਪਾਰਟੀਆਂ ਵਲੋਂ ਵੀ ਕਿਸੇ ਸਿੱਖ ਨੂੰ ਉਮੀਦਵਾਰ ਬਣਾਏ ਜਾਣ ਦੇ ਅਸਾਰ ਵੀ ਘੱਟ ਹਨ। ਕਾਂਗਰਸ ਸ਼ਾਇਦ ਪੰਜਾਬ ਤੋਂ ਬਾਹਰ ਸਿਰਫ਼ ਸਿਰਸਾ ਦੀ ਸੀਟ ਤੋਂ ਇਕ ਸਿੱਖ ਉਮੀਦਵਾਰ ਖੜ੍ਹਾ ਕਰੇ। ਜਦੋਂ ਕਿ ਪਹਿਲਾਂ ਸਿੱਖਾਂ ਨੂੰ ਬੰਗਾਲ ਤੇ ਹੋਰ ਸੂਬਿਆਂ ਵਿੱਚ ਰਾਸ਼ਟਰੀ ਪਾਰਟੀਆਂ ਉਮੀਦਵਾਰ ਬਣਾਉਂਦੀਆਂ ਹੁੰਦੀਆਂ ਸਨ ਤੇ ਉਹ ਜਿੱਤਦੇ ਵੀ ਰਹੇ ਹਨ। ਇਸ ਦਾ ਕਾਰਨ ਸਿੱਖ ਪੰਥ ਦਾ ਸੰਗਠਨ ਅਕਾਲੀ ਦਲ ਕਮਜ਼ੋਰ ਹੋਣਾ ਹੈ। ਬਾਕੀ ਪੰਜਾਬ ਤੋਂ ਬਾਹਰ ਵੱਖ ਵੱਖ ਪਾਰਟੀਆਂ ਵਿੱਚ ਖਿੰਡ ਕੇ ਆਪਣੀ ਹੋਂਦ ਬਰਕਰਾਰ ਨਾ ਰੱਖਣਾ ਹੈ। ਬਾਦਲ ਅਕਾਲੀ ਦਲ ਆਪਣੇ ਖੋ ਚੁੱਕੇ ਵੱਕਾਰ ਨੂੰ ਕਿਸ ਤਰ੍ਹਾਂ ਦੁਬਾਰਾ ਸਥਾਪਿਤ ਕਰੇਗਾ ? ਕੀ ਇਸ ਦੀ ਥਾਂ ਨਵੀਂ ਸਿੱਖ ਲੀਡਰਸ਼ਿਪ ਹੋਂਦ ਵਿੱਚ ਆ ਸਕੇਗੀ ਇਹ ਮਸਲਾ ਸਮੁੱਚੇ ਪੰਥ ਦੇ ਵੀ ਵਿਚਾਰਨਯੋਗ ਹੈ। ਇੱਕ ਗੱਲ ਸਪਸ਼ਟ ਹੈ ਕਿ ਅਜੋਕੇ ਕੌਮੀ ਪ੍ਰਸੰਗ ਵਿੱਚ ਸਿੱਖਾਂ



ਅਤੇ ਪੰਜਾਬ ਦੇ ਸਰਬਪੱਖੀ ਹਿਤਾਂ ਦੀ ਦੇਸ਼ ਅੰਦਰ ਸੁਰੱਖਿਆ ਅਤੇ ਪ੍ਰਤੀਨਿਧਤਾ ਲਈ ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਗੀ ਬਹੁਤ ਜ਼ਰੂਰੀ ਹੈ। ਦੇਸ਼ ਦੀ ਖੇਤਰੀ, ਭਾਸ਼ਾਈ, ਸੱਭਿਆਚਾਰਕ ਅਤੇ ਧਾਰਮਿਕ ਵੰਨ-ਸਵੰਨਤਾ ਅਤੇ ਸੂਬਿਆਂ ਦੇ ਰਾਜਸੀ ਅਧਿਕਾਰਾਂ ਦੀ ਰਖਵਾਲੀ ਲਈ ਖੇਤਰੀ ਤੇ ਪੰਥਕ ਰਾਜਨੀਤੀ ਨੂੰ ਉਭਾਰਨ ਦੀ ਲੋੜ ਹੈ ਅਤੇ ਇਸ ਪ੍ਰਸੰਗ ਵਿੱਚ ਸ਼੍ਰੋਮਣੀ ਅਕਾਲੀ ਦਲ ਹੀ ਇੱਕੋ-ਇੱਕ ਪਾਰਟੀ ਹੈ, ਜੋ ਆਪਣੇ ਸ਼ਾਨਾਮੱਤੇ ਇਤਿਹਾਸ, ਵਿਚਾਰਧਾਰਾ ਅਤੇ ਪਰੰਪਰਾ ਤੋਂ ਸੇਧ ਲੈ ਕੇ ਅਗਵਾਈ ਕਰ ਸਕਦਾ ਹੈ।

ਸਿੱਖ ਸਮਾਜ ਨੂੰ ਇਹ ਵੀ ਵਿਚਾਰਨ ਦੀ ਲੋੜ ਹੈ ਕਿ ਸਿੱਖ ਧਰਮ ਨੂੰ ਬਚਾਉਣ ਨੂੰ ਪਹਿਲ ਦੇਣੀ ਹੈ ਜਾਂ ਸਿੱਖ ਸਿਆਸੀ ਲੀਡਰਾਂ ਦੀ ਕੁਰਸੀ ਨੂੰ। (ਬਾਕੀ ਸਫ਼ਾ 31 ’ਤੇ)

# ਦਮਦਮੀ ਟਕਸਾਲ ਨੇ ਜੂਨ '84 ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀ ਯਾਦ 'ਚ ਸ਼ਹੀਦੀ ਗੈਲਰੀ ਦੀ ਕੀਤੀ ਸੰਪੂਰਨਤਾ

## ਦਮਦਮੀ ਟਕਸਾਲ ਸਿੱਖ ਕੌਮ ਦੀ ਚੜ੍ਹਦੀਕਲਾ ਲਈ ਅਜਿਹੇ ਕਾਰਜਾਂ ਨੂੰ ਕਰਦੀ ਰਹੇਗੀ-ਗਿ. ਹਰਨਾਮ ਸਿਘ ਖ਼ਾਲਸਾ

### ਜਥੇਦਾਰ ਰਘਬੀਰ ਸਿੰਘ ਵੱਲੋਂ ਸ਼ਹੀਦੀ ਗੈਲਰੀ ਦਾ ਉਦਘਾਟਨ



ਚੌਂਕ ਮਹਿਤਾ/ਏ.ਟੀ.ਨਿਊਜ਼ : ਜੂਨ 84 ਦੇ ਤੀਸਰੇ ਘੱਲੂਘਾਰੇ ਦੌਰਾਨ ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਹੇਠ ਸ਼ਹਾਦਤਾਂ ਦਾ ਜਾਮ ਪੀਣ ਵਾਲੇ ਸ਼ਹੀਦ ਭਾਈ ਅਮਰੀਕ ਸਿੰਘ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ, ਸ਼ਹੀਦ ਜਨਰਲ ਸਰਦਾਰ ਸੁਬੇਗ ਸਿੰਘ, ਸ਼ਹੀਦ ਬਾਬਾ ਠਾਹਰਾ ਸਿੰਘ ਤੇ ਘੱਲੂਘਾਰੇ ਹਫਤੇ ਦੇ ਅੰਦਰ ਸ਼ਹੀਦ ਹੋਣ ਵਾਲੇ ਸਮੂਹ ਸਿੰਘਾਂ-ਸਿੰਘਣੀਆਂ ਤੇ ਭੁਝੰਗੀਆਂ ਦੀ ਯਾਦ ਵਿੱਚ ਦਰਬਾਰ ਸਾਹਿਬ ਕੰਪਲੈਕਸ ਵਿੱਚ ਸਥਾਪਤ ਗੁਰਦੁਆਰਾ ਯਾਦਗਾਰ ਸ਼ਹੀਦਾਂ ਦੀ ਜ਼ਮੀਨਦੋਜ਼ ਹਾਲ 'ਚ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀ ਅਗਵਾਈ ਹੇਠ ਬਣ ਕੇ ਤਿਆਰ ਹੋਈ ਸ਼ਹੀਦੀ ਗੈਲਰੀ ਦੀ ਸੰਪੂਰਨਤਾ ਤੋਂ ਬਾਅਦ ਇਸ ਨੂੰ ਸਿੱਖ ਕੌਮ ਦੇ ਸਪੁਰਦ ਕਰ ਦਿੱਤਾ ਗਿਆ ਹੈ।

ਇਸ ਸ਼ਹੀਦੀ ਗੈਲਰੀ ਨੂੰ ਸਿੱਖ ਸੰਗਤਾਂ ਦੇ ਦਰਸ਼ਨਾਂ ਲਈ ਖੋਲ੍ਹੇ ਜਾਣ ਮੌਕੇ ਰੱਖੇ ਗਏ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪੁੱਜੇ ਗਿਆਨੀ ਰਘਬੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਗਿਆਨੀ ਸੁਲਤਾਨ ਸਿੰਘ ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ, ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਸ੍ਰੀ ਦਮਦਮਾ ਸਾਹਿਬ, ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਤੇ ਐਡਵੋਕੇਟ ਭਾਈ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਇਸ ਸ਼ਹੀਦੀ ਗੈਲਰੀ ਦਾ ਉਦਘਾਟਨ ਕੀਤਾ, ਜਿਸ ਮੌਕੇ ਬਾਬਾ ਧਰਮ ਸਿੰਘ ਯੂ.ਐੱਸ.ਏ., ਗਿਆਨੀ ਪਿੰਦਰਪਾਲ ਸਿੰਘ ਤੇ ਭਾਈ ਈਸ਼ਰ ਸਿੰਘ ਸਪੁੱਤਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਆਦਿ ਵੀ ਨਾਲ ਮੌਜੂਦ ਸਨ।

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼ਹੀਦੀ ਗੈਲਰੀ ਬਣਾਏ ਜਾਣ ਨੂੰ ਸਮੇਂ ਦੀ ਮੁੱਖ ਲੋੜ ਦੱਸਦਿਆ ਕਿਹਾ ਕਿ ਸਾਡੇ ਬੱਚਿਆਂ ਨੂੰ ਆਪਣੇ ਸ਼ਹੀਦਾਂ ਬਾਰੇ ਦੱਸਣਾ ਬਹੁਤ ਜ਼ਰੂਰੀ ਹੈ ਤੇ ਇਹ ਸ਼ਹੀਦੀ ਗੈਲਰੀ ਉਸ ਮਨੋਰਥ ਨੂੰ ਭਲੀਭਾਂਤ ਪੂਰਾ ਕਰਦੀ ਹੈ। ਉਨ੍ਹਾਂ ਕਿਹਾ ਕਿ ਦਮਦਮੀ ਟਕਸਾਲ ਨੇ ਇਸ ਗੈਲਰੀ ਨੂੰ ਤਿਆਰ ਕਰਕੇ ਤੀਸਰੇ ਘੱਲੂਘਾਰੇ ਦੇ ਅਮਿੱਟ ਇਤਿਹਾਸ ਨੂੰ ਮੁੜ ਸੁਰਜੀਤ ਕੀਤਾ ਹੈ।

ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਤੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਇਸ ਗੈਲਰੀ ਦੀ ਮਹੱਤਤਾ ਨੂੰ ਦਰਸ਼ਾਉਂਦਿਆਂ ਕਿਹਾ ਕਿ ਇਹ ਸ਼ਹੀਦੀ ਗੈਲਰੀ ਜੂਨ '84 ਦੇ ਸਮੂਹ ਸ਼ਹੀਦਾਂ ਨੂੰ ਵੱਡੀ ਸ਼ਰਧਾਂਜਲੀ ਹੋਵੇਗੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਬੋਧਨ ਕਰਦਿਆ ਕਿਹਾ ਕਿ ਜੂਨ '84 ਘੱਲੂਗਾਰੇ ਦੌਰਾਨ ਸ਼ਹੀਦ ਹੋਣ ਵਾਲੇ ਸਮੂਹ ਸਿੰਘਾਂ ਸਿੰਘਣੀਆਂ ਤੇ ਭੁਝੰਗੀਆਂ ਦੀ ਯਾਦ ਨੂੰ ਸਮਰਪਿਤ ਇਹ ਸ਼ਹੀਦੀ ਗੈਲਰੀ ਬਣਾਉਣਾ ਬਹੁਤ ਵੱਡਾ ਕਾਰਜ ਹੈ।

ਇਸ ਯਾਦਗਾਰੀ ਨੂੰ ਬਣਾਉਣ ਸਬੰਧੀ ਆਪਣੇ ਵਿਚਾਰ ਦੱਸਦੇ ਹੋਏ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਪੰਥ ਵੱਲੋਂ ਸਪੁਰਦ ਕੀਤੀ ਗਈ ਇਸ ਜ਼ਿੰਮੇਵਾਰੀ ਨੂੰ ਸੰਪੂਰਨ ਕਰਨ ਦੇ ਉਦੇਸ਼ ਨਾਲ ਜੂਨ '84 ਦੇ ਘੱਲੂਘਾਰੇ ਦੇ ਸਬੰਧੀ ਅੰਕੜਿਆਂ ਨੂੰ ਇਕੱਤਰ ਕਰਦਿਆਂ ਜੂਨ 1 ਤੋਂ 6 ਜੂਨ ਤੱਕ ਸ਼ਹੀਦ ਹੋਣ ਵਾਲੇ ਸਮੂਹ ਯੋਧਿਆਂ, ਪੰਥਕ ਆਗੂਆਂ ਤੇ ਸ਼ਰਧਾਲੂਆਂ ਦੇ ਨਾਵਾਂ ਇੱਕ ਸੂਚੀ ਤਿਆਰ ਕੀਤੀ ਗਈ ਸੀ। ਦਮਦਮੀ ਟਕਸਾਲ ਵੱਲੋ ਇੰਨ੍ਹਾਂ ਸਭਨਾਂ ਸ਼ਹੀਦਾਂ ਦੀਆਂ ਤਸਵੀਰਾਂ ਇਸ ਗੈਲਰੀ ਅੰਦਰ ਲਗਾਈਆਂ ਗਈਆਂ ਹਨ ਤੇ ਕੁਝ ਸ਼ਹੀਦਾਂ ਦੀਆਂ ਤਸਵੀਰਾਂ ਦੀ ਅਣਹੋਂਦ ਕਾਰਨ ਉਨ੍ਹਾਂ ਦੇ ਨਾਮ ਦਰਜ ਕੀਤੇ ਗਏ ਹਨ। ਇਸਦੇ ਨਾਲ ਹੀ ਘੱਲੂਘਾਰੇ ਦੌਰਾਨ ਢਹਿ ਢੇਰੀ ਹੋਏ ਸ੍ਰੀ ਅਕਾਲ ਤਖਤ ਸਾਹਿਬ ਦੇ ਵਿਸ਼ਾਲ ਮਾਡਲ ਨੂੰ ਇਸ ਗੈਲਰੀ 'ਚ ਸੁਸ਼ੋਭਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਸ਼ਹੀਦੀ ਗੈਲਰੀ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਸਬਕ ਹੋਵੇਗਾ ਕਿ ਕਿਵੇਂ ਸਾਡੀ ਕੌਮ ਨੇ ਸਰਕਾਰੀ ਹਕੂਮਤਾਂ ਦੇ ਜ਼ਬਰ ਜ਼ੁਲਮ ਨੂੰ ਆਪਣੇ ਪਿੰਡੇ 'ਤੇ ਹੰਢਾਇਆ ਸੀ ਤੇ ਕਿਵੇਂ ਸਾਡੀ ਕੌਮ ਦੇ ਯੌਧਿਆਂ ਨੇ ਡੱਟ ਕੇ ਇਸ ਜ਼ਬਰ ਜ਼ੁਲਮ ਦਾ ਸਾਹਮਣਾ ਕਰਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆ ਸਨ। ਉਨ੍ਹਾਂ ਕਿਹਾ ਕਿ ਇਸ ਸ਼ਹੀਦੀ ਯਾਦਗਾਰ ਨੂੰ ਬਣਾਉਣਾ ਦਮਦਮੀ ਟਕਸਾਲ ਲਈ ਇੱਕ ਚੁਣੌਤੀ ਵਾਂਗ ਸੀ ਪਰ ਅਕਾਲ ਪੁਰਖ ਦੀ ਆਪਾਰ ਕ੍ਰਿਪਾ ਸਦਕਾ ਉਹ ਇਸ ਕਾਰਜ ਨੂੰ ਸੰਪੂਰਨ ਕਰਨ 'ਚ ਸਫਲ ਰਹੇ ਤੇ ਭਵਿੱਖ ਵਿੱਚ ਵੀ ਦਮਦਮੀ ਟਕਸਾਲ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਅਜਿਹੇ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਕਰਦੀ ਰਹੇਗੀ। ਇਸ ਮੌਕੇ ਬਾਬਾ ਬੰਤਾ ਸਿੰਘ ਮੁੰਡਾਪਿੰਡ ਵਾਲੇ, ਭਾਈ ਜਸਪਾਲ ਸਿੰਘ ਚੇਅਰਮੈਨ ਸਿੱਖ ਸੁਪਰੀਮ ਕੌਂਸਲ ਮੁੰਬਈ, ਬੀਬੀ ਸਤਵੰਤ ਕੌਰ ਸਪੁਤਰੀ ਸ਼ਹੀਦ ਭਾਈ ਅਮਰੀਕ ਸਿੰਘ, ਭਾਈ ਬੇਅੰਤ ਸਿੰਘ ਭਰਾਤਾ ਸ਼ਹੀਦ ਜਨਰਲ ਸੁਬੇਗ ਸਿੰਘ, ਭਾਈ ਮਨਜੀਤ ਸਿੰਘ, ਭਾਈ ਗੁਰਬਖਸ਼ ਸਿੰਘ ਖਾਲਸਾ ਮੀਤ ਪ੍ਰਧਾਨ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਗੁਰਚਰਨ ਸਿੰਘ ਗਰੇਵਾਲ, ਭਾਈ ਅਮਰਜੀਤ ਸਿੰਘ ਚਾਵਲਾ, ਐਡਵੋਕੇਟ ਭਾਈ ਭਗਵੰਤ ਸਿੰਘ ਸਿਆਲਕਾ ਤੇ ਭਾਈ ਸਰਬਜੀਤ ਸਿੰਘ ਘੁਮਾਣ, ਭਾਈ ਅਜੈਬ ਸਿੰਘ ਅਭਿਆਸੀ, ਡਾ.ਇੰਦਰਜੀਤ ਸਿੰਘ ਗੋਗੋਆਣੀ, ਦੀਪ ਸਿੰਘ ਯੂ.ਐੱਸ.ਏ., ਗਿਆਨੀ ਜੀਵਾ ਸਿੰਘ, ਜਥੇਦਾਰ ਸੁਖਦੇਵ ਸਿੰਘ ਆਨੰਦਪੁਰ ਸਾਹਿਬ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੰਥਕ ਸਖਸ਼ੀਅਤਾਂ ਤੇ ਸੰਗਤਾਂ ਮੌਜੂਦ ਸਨ।

# ਨਸ਼ਿਆਂ ਕਾਰਨ ਮੌਤਾਂ ਦੇ ਮਾਮਲੇ 'ਚ ਭਾਰਤ 'ਚੋਂ ਪੰਜਾਬ ਸਭ ਤੋਂ ਅੱਗੇ

## ਨਸ਼ਾ ਤਸਕਰੀ ਵਿੱਚ ਦੇਸ਼ ਭਰ 'ਚੋਂ 9631 ਫੜੀਆਂ ਗਈਆਂ ਔਰਤਾਂ ਵਿਚੋਂ 3164 ਪੰਜਾਬਣਾਂ



ਪੰਜਾਬ ਸਰਕਾਰ ਦੇ ਦਾਅਵਿਆਂ ਦੇ ਬਾਵਜੂਦ ਨਸ਼ੇ ਦੀਆਂ ਸਪਲਾਈ ਚੇਨ ਦਾ ਕਾਇਮ ਰਹਿਣਾ ਤੇ ਨਸ਼ੇ ਉਪਲਬਧ ਹੋਣਾ ਚਿੰਤਾਜਨਕ ਵਿਸ਼ਾ ਹੈ।ਪੰਜਾਬ ਪੁਲਿਸ ਨੇ ਕਈ ਵਾਰ ਵੱਡੀ ਮਾਤਰਾ ਵਿੱਚ ਹੈਰੋਇਨ ਤੇ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਪਰ ਇਸ ਦੇ ਬਾਵਜੂਦ ਨਸ਼ਾ ਮੁਹੱਈਆ ਕਰਵਾਉਣ ਵਾਲੀਆਂ ਸਪਲਾਈ ਚੇਨਾਂ ਟੁੱਟੀਆਂ ਨਹੀਂ ਹਨ, ਜਿਸ ਕਾਰਨ ਹਰ ਰੋਜ਼ ਨੌਜਵਾਨ ਮੌਤ ਦੇ ਮੂੰਹ ਜਾ ਰਹੇ ਹਨ।

ਪੰਜਾਬ ਵਿੱਚ ਨਸ਼ੇ ਦੀ ਓਵਰਡੋਜ਼ ਕਾਰਨ ਚਾਲੂ ਹਫ਼ਤੇ ਦੌਰਾਨ ਅੱਧੀ ਦਰਜਨ ਤੋਂ ਵੱਧ ਨੌਜਵਾਨਾਂ ਨੇ ਆਪਣੀ ਜਾਨ ਗੁਆ ਲਈ ਹੈ।ਨਸ਼ਾ ਤਸਕਰੀ ਤੇ ਨਸ਼ੇ ਦੀ ਵੱਧ ਮਾਤਰਾ ਨਾਲ ਮੌਤਾਂ ਦੇ ਮਾਮਲੇ ਵਿੱਚ ਦੇਸ਼ ਭਰ ਵਿਚੋਂ ਪੰਜਾਬ ਮੂਹਰਲੀ ਕਤਾਰ ਵਿੱਚ ਸ਼ੁਮਾਰ ਹੋ ਗਿਆ ਹੈ।ਬੀ.ਐਸ.ਐਫ. ਦੀ ਇੱਕ ਰਿਪੋਰਟ ਅਨੁਸਾਰ ਪਾਕਿਸਤਾਨ ਨਾਲ ਲੱਗਦੀ 553 ਕਿਲੋਮੀਟਰ ਸਰਹੱਦ ਰਾਹੀਂ ਪੰਜਾਬ 'ਚ ਡਰੋਨਾਂ ਰਾਹੀਂ ਹੈਰੋਇਨ ਸੁੱਟੀ ਜਾਂਦੀ ਹੈ ਅਤੇ ਚੀਨ ਦੇ ਬਣੇ ਡੀ.ਜੇ. ਮੈਟਰਿਕਸ ਕਿਸਮ ਦੇ ਡਰੋਨ 2 ਤੋਂ 12 ਕਿੱਲੋ ਦਾ ਭਾਰ ਲੈ ਕੇ ਉੱਡ ਸਕਦੇ ਹਨ।

**ਨਸ਼ਾ ਤਸਕਰੀ ਵਿੱਚ ਬੱਚੇ ਤੇ ਔਰਤਾਂ ਸ਼ਾਮਲ**

ਨਸ਼ਾ ਤਸਕਰੀ ਵਿੱਚ ਔਰਤਾਂ ਅਤੇ ਬੱਚੇ ਵੀ ਕੁੱਦ ਪਏ ਹਨ।ਨਸ਼ਾ ਤਸਕਰੀ ਵਿੱਚ ਦੇਸ਼ ਭਰ ਵਿਚੋਂ 9631 ਫੜੀਆਂ ਗਈਆਂ ਔਰਤਾਂ ਵਿਚੋਂ 3164 (33 ਫ਼ੀਸਦੀ) ਔਰਤਾਂ ਪੰਜਾਬੀ ਦੱਸੀਆਂ ਜਾ ਰਹੀਆਂ ਹਨ। ਇਸੇ ਤਰ੍ਹਾਂ 78 ਨਾਬਾਲਗ ਬੱਚਿਆਂ ਨੂੰ ਵੀ ਹਿਰਾਸਤ ਵਿਚ ਲਿਆ ਗਿਆ ਹੈ।

ਨਸ਼ਿਆਂ ਦੇ ਦੈਂਤ ਨੇ ਸੂਬੇ ਦੇ ਲਗਭਗ 8.50 ਲੱਖ ਨੌਜਵਾਨਾਂ ਨੂੰ ਆਪਣੀ ਗ੍ਰਿਫ਼ਤ ਵਿੱਚ ਲਿਆ ਹੋਇਆ ਹੈ, ਜਿਨ੍ਹਾਂ ਦਾ ਇਲਾਜ ਪੰਜਾਬ ਦੇ ਵੱਖ-ਵੱਖ ਸਰਕਾਰੀ ਅਤੇ ਗੈਰ-ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਚੱਲ ਰਿਹਾ ਹੈ।

ਇਹ ਵੀ ਕਿ ਪਿਛਲੇ 4 ਸਾਲਾਂ ਵਿੱਚ ਨਸ਼ੇ ਦੀ ਵੱਧ ਮਾਤਰਾ ਨਾਲ ਮੌਤਾਂ ਹੋਣ ਦੀ ਦਰ 3 ਫ਼ੀਸਦੀ ਵਧੀ ਹੈ।ਸਰਕਾਰੀ ਦਾਅਵੇ ਅਨੁਸਾਰ 1 ਅਪੈ?ਲ, 2020 ਤੋਂ 31 ਮਾਰਚ, 2023 ਤੱਕ 266 ਮੌਤਾਂ ਨਸ਼ੇ ਦੀ ਵੱਧ ਮਾਤਰਾ ਕਾਰਨ ਹੋਈਆਂ ਹਨ, ਜਦਕਿ ਅਸਲ ਅੰਕੜੇ ਕਿਤੇ ਜ਼ਿਆਦਾ ਹਨ।ਚਾਲੂ ਹਫ਼ਤੇ ਦੌਰਾਨ ਪਿੰਡ ਵਢਾਲਾ ਭਿੱਟੇਵੱਡ ਦਾ ਨੌਜਵਾਨ ਵੀਰੂ, ਫਗਵਾੜਾ ਦਾ ਕੁਨਾਲ ਕੁਮਾਰ, ਅੰਮ੍ਰਿਤਸਰ ਦੇ ਥਾਣਾ ਕੰਬੋਅ ਅਧੀਨ ਪਿੰਡ ਉਠੀਆ ਦੇ ਜੈਦੀਪ ਸਿੰਘ (18), ਅਹੀਆਪੁਰ ਟਾਂਡਾਂ ਦੇ ਹਰਮੇਸ਼ ਲਾਲ ਅਤੇ ਬਠਿੰਡਾ ਦੇ ਲਾਲ ਸਿੰਘ ਨਗਰ ਦਾ ਇਕ ਨੌਜਵਾਨ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਦੇ ਮੂੰਹ ਜਾ ਪਏ ਹਨ।ਐਨ.ਡੀ.ਪੀ.ਐਸ. ਕੇਸਾਂ ਦੀ ਗੱਲ ਕਰੀਏ ਤਾਂ ਪੰਜਾਬ ਵਿੱਚ ਨਸ਼ਾ ਤਸਕਰੀ ਲਈ 1 ਲੱਖ ਦੀ ਆਬਾਦੀ ਪਿੱਛੇ ਜੋ ਕੇਸ ਦਰਜ ਹਨ, ਉਹ ਦੇਸ਼ ਵਿੱਚ ਸਭ ਤੋਂ ਜ਼ਿਆਦਾ ਹਨ।ਪੰਜਾਬ ਪੁਲਿਸ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਐਨ.ਡੀ.ਪੀ.ਐਸ. ਤਹਿਤ 23,482 ਮੁਕੱਦਮੇ ਤੇ 32006 ਨਸ਼ਾ ਤਸਕਰ/ ਸਪਲਾਇਰ ਗ੍ਰਿਫ਼ਤਾਰ ਕੀਤੇ ਗਏ ਹਨ ਅਤੇ 2582 ਭਗੌੜਿਆਂ ਨੂੰ ਵੀ ਦਬੋਚਿਆ ਗਿਆ ਹੈ। ਰਾਸ਼ਟਰੀ ਕ੍ਰਾਇਮ ਰਿਕਾਰਡ ਬਿਊਰੋ ਦੀ ਇੱਕ ਰਿਪੋਰਟ ਅਨੁਸਾਰ ਹਰ ਸਾਲ 7500 ਕਰੋੜ ਰੁਪਏ, ਦੀ ਹੈਰੋਇਨ ਅਤੇ ਕੋਕੀਨ ਦਾ ਕਾਰੋਬਾਰ ਪੰਜਾਬ ਵਿੱਚ ਕੀਤਾ ਜਾਂਦਾ ਹੈ। ਇਹ ਵੀ ਕਿ ਪੰਜਾਬ ਨੂੰ ਬਚਾਉਣ ਲਈ ਨਸ਼ਾ ਤਸਕਰਾਂ ਨੂੰ ਫੜਨ ਦੇ ਨਾਲ-ਨਾਲ ਡਰੋਨਾਂ ਦਾ ਅਗਾਊਂ ਪਤਾ ਲਗਾਉਣ ਅਤੇ ਉਨ੍ਹਾਂ ਨੂੰ ਡੇਗਣ ਦੀ ਤਕਨਾਲੋਜੀ ਹੋਰ ਵਿਕਸਤ ਕਰਨੀ ਚਾਹੀਦੀ ਹੈ।ਨਸ਼ਿਆਂ ਦੀ ਰੋਕਥਾਮ ਲਈ ਮੀਡੀਆ ਰਾਂਹੀ ਸੁਰਖੀਆਂ ਬਟੋਰਨ ਲਈ ਸੂਬਾ ਸਰਕਾਰ ਦੇ ਯਤਨ ਵੀ ਸਫਲ ਨਹੀ ਹੋ ਸਕੇ। ਨਸ਼ਾ ਸਮੱਗਲਰਾਂ ਨੂੰ ਫੜਣ ਦੀ ਬਜਾਏ ਪੰਜਾਬ ਪੁਲਿਸ ਨਸ਼ੇੜੀਆਂ ਨੂੰ ਹੀ ਫੜ ਕੇ ਪਰਚੇ ਦਰਜ ਕਰਦਿਆਂ ਸਰਕਾਰੇ ਦਰਬਾਰੇ ਆਪਣੇ ਨੰਬਰ ਬਣਾਉਣ ਵਿਚ ਲੱਗੀ ਰਹੀ ਜਦਕਿ ਹਕੀਕਤ ਇਸ ਤੋਂ ਕਾਫੀ ਦੂਰ ਸੀ। ਸੂਬੇ ਵਿੱਚ ਨਸ਼ਾ ਕੇਵਲ ਪਾਕਿਸਤਾਨ ਨਾਲ ਲੱਗਦੀ ਸਰਹੱਦ ਤੋਂ ਹੀ ਨਹੀਂ ਆਉਂਦਾ ਸਗੋਂ ਪਿਛਲੇ ਦੋ ਸਾਲਾਂ ਦੌਰਾਨ ਗੁਜਰਾਤ ਦੀ ਮੁੰਦਰਾ ਬੰਦਰਗਾਹ ਤੋਂ 6269 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਫੜੇ ਜਾ ਚੁੱਕੇ ਹਨ। ਇਸ ਸਬੰਧ ਵਿਚ ਕੁਝ ਗ੍ਰਿਫ਼ਤਾਰੀਆਂ ਹੋਈਆਂ ਹਨ ਅਤੇ ਬੰਦਰਗਾਹ ਰਾਹੀਂ ਨਸ਼ਿਆਂ ?ਦੀ ਤਸਕਰੀ ਦੇ ਤਾਰ ਪੰਜਾਬ ਨਾਲ ਵੀ ਜੁੜੇ ਹਨ ਪਰ ਲੋਕਾਂ ਦੇ ਮਨਾਂ ਵਿੱਚ ਇਹ ਪ੍ਰਭਾਵ ਹੈ ਕਿ 'ਅਸਲ ਮੁਲਜ਼ਮ' ਪਰਦੇ ਪਿੱਛੇ ਹੀ ਰਹਿ ਗਏ ਹਨ। ਰਾਜਨੀਤਿਕ ਨੇਤਾਵਾਂ ਤੇ ਪੁਲਿਸ ਤੱਕ ਪਹੁੰਚ ਰੱਖਣ ਵਾਲੇ ਲੋਕ ਹੀ ਨਸ਼ਾ ਸਮੱਗਲਿੰਗ ਤੇ ਸੱਟੇਬਾਜੀ ਦਾ ਵਪਾਰ ਕਰਦੇ ਹਨ।



ਤਖਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਨਸ਼ਾ ਛੁਡਾਊ ਕੇਂਦਰਾਂ ਵਿੱਚ ਇਲਾਜ ਅਧੀਨ ਨੌਜਵਾਨਾਂ ਨੂੰ ਸਵੈ-ਰੁਜ਼ਗਾਰ ਲਈ ਹੁਨਰਮੰਦ ਬਣਾਉਣ ਦੇ ਨਾਲ-ਨਾਲ ਮੁੜ ਵਸੇਬੇ ਦੇ ਪ੍ਰਬੰਧ ਕੀਤੇ ਜਾਣ।ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਕੇਂਦਰ ਤੇ ਸੂਬਾ ਸਰਕਾਰ ਨਸ਼ਿਆਂ ਖ਼ਿਲਾਫ਼ ਮਿਲ ਕੇ ਕੰਮ ਕਰੇ ਅਤੇ ਨਸ਼ਾ ਤਸਕਰਾਂ ਨੂੰ ਕਾਬੂ ਕਰਨ ਲਈ ਸੁਰੱਖਿਆ ਏਜੰਸੀਆਂ ਨੂੰ ਆਧੁਨਿਕ ਉਪਕਰਨ ਦਿੱਤੇ ਜਾਣ।ਉਨ੍ਹਾਂ ਇਹ ਵੀ ਕਿਹਾ ਕਿ ਨਸ਼ਾ ਤਸਕਰਾਂ ਨੂੰ ਮਿਸਾਲੀ ਸਜ਼ਾ ਦੇਣ ਲਈ ਫਾਸਟਟਰੈਕ ਅਦਾਲਤਾਂ ਸ਼ੁਰੂ ਕੀਤੀਆਂ ਜਾਣ।

# ਆਮ ਚੋਣਾਂ 'ਚ ਸਿਆਸੀ ਮਰਿਆਦਾ ਕਾਇਮ ਰੱਖਣ ਦੇ ਸੱਦੇ ਨਾਲ ਬਜਟ ਸੈਸ਼ਨ ਸਮਾਪਤ

## ਚੋਣ ਪ੍ਰਚਾਰ ਦੌਰਾਨ ਸਿਆਸੀ ਪਾਰਟੀਆਂ ਨਿੱਜੀ ਦੂਸ਼ਣਬਾਜ਼ੀ ਤੋਂ ਦੂਰ ਰਹਿਣ: ਮਾਨ

ਚੰਡੀਗੜ੍ਹ/ਏ.ਟੀ.ਨਿਊਜ਼ :- ਪੰਜਾਬ ਵਿਧਾਨ ਸਭਾ ਦਾ ਬਜਟ ਇਜਲਾਸ ਅੱਜ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅਗਾਮੀ ਲੋਕ ਸਭਾ ਚੋਣਾਂ 'ਚ ਸਭਨਾਂ ਰਾਜਸੀ ਪਾਰਟੀਆਂ ਨੂੰ ਸਿਆਸੀ ਸ਼ਿਸ਼ਟਾਚਾਰ ਕਾਇਮ ਰੱਖੇ ਜਾਣ ਦੇ ਸੱਦੇ ਨਾਲ ਸਮਾਪਤ ਹੋ ਗਿਆ। ਕੰਮਕਾਰ ਨਾ ਹੋਣ 'ਤੇ ਬਜਟ ਸੈਸ਼ਨ ਤਿੰਨ ਦਿਨ ਪਹਿਲਾਂ ਹੀ ਸਮਾਪਤ ਕਰ ਦਿੱਤਾ ਗਿਆ ਹੈ। ਵਿਰੋਧੀ ਧਿਰ ਨੇ ਵੀ ਐਤਕੀਂ ਬਜਟ ਸੈਸ਼ਨ ਦੇ ਦਿਨਾਂ 'ਚ ਕਟੌਤੀ ਨੂੰ ਲੈ ਕੇ ਕੋਈ ਰੌਲਾ ਰੱਪਾ ਨਹੀਂ ਪਾਇਆ। ਇਸ ਵਾਰ ਸੈਸ਼ਨ 'ਚ ਸਮਾਂ ਵਧੇਰੇ ਸੀ ਜਦੋਂ ਕਿ ਵਿਧਾਇਕਾਂ ਕੋਲ ਮੁੱਦਿਆਂ ਦੀ ਕਮੀ ਰੜਕੀ।

ਬਜਟ ਇਜਲਾਸ ਦੌਰਾਨ ਸੱਤਾਧਾਰੀ ਤੇ ਵਿਰੋਧੀ ਧਿਰ ਵਿਚਾਲੇ ਨਿੱਜੀ ਚਿੱਕੜ ਉਛਾਲੀ ਨੇ ਸਿਖ਼ਰਾਂ ਵੀ ਛੂਹੀਆਂ ਪਰ ਅੱਜ ਸਮਾਪਤੀ ਸੁਖਾਵੇਂ ਮਾਹੌਲ ਵਿੱਚ ਹੋਈ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਅੱਜ ਦੁਪਹਿਰ 12 ਵਜੇ ਬਜਟ ਸੈਸ਼ਨ ਅਣਮਿਥੇ ਸਮੇਂ ਲਈ ਉਠਾ ਦਿੱਤਾ। ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਆਪਣੇ ਸੰਜਮੀ ਭਾਸ਼ਨ 'ਚ ਅਗਾਮੀ ਲੋਕ ਚੋਣਾਂ 'ਚ ਸਿਆਸੀ ਨੈਤਿਕਤਾ ਤੇ ਮਰਿਆਦਾ ਕਾਇਮ ਰੱਖਣ ਦਾ ਸੱਦਾ ਦਿੱਤਾ। ਉਨ੍ਹਾਂ ਮਹਿਸੂਸ ਵੀ ਕੀਤਾ ਕਿ ਪਿਛਲੇ ਸਮੇਂ 'ਚ ਟਕਰਾਅ ਨਿੱਜੀ ਪੱਧਰ 'ਤੇ ਚਲਾ ਗਿਆ ਸੀ ਜਿਸ ਦਾ ਮਤਲਬ ਇਹ ਨਹੀਂ ਕਿ ਪੱਕੀਆਂ ਦੁਸ਼ਮਣੀਆਂ ਪੈ ਗਈਆਂ ਹਨ। ਮਾਨ ਨੇ ਕਿਹਾ ਕਿ ਅਗਾਮੀ ਚੋਣਾਂ ਦੌਰਾਨ ਸਿਆਸੀ ਧਿਰਾਂ ਨੂੰ ਨਿੱਜੀ ਤੋਹਮਤਾਂ 'ਚ ਨਹੀਂ ਪੈਣਾ ਚਾਹੀਦਾ ਅਤੇ ਭਾਸ਼ਣ ਸਿਆਸੀ ਕਾਰਗੁਜ਼ਾਰੀ ਦੇ ਆਧਾਰ 'ਤੇ ਕੇਂਦਰਤ ਹੋਣੇ ਚਾਹੀਦੇ ਹਨ। ਉਨ੍ਹਾਂ ਭਰੋਸਾ ਦਿਵਾਇਆ ਕਿ ਅਗਾਮੀ ਚੋਣਾਂ ਦੌਰਾਨ ਕਿਸੇ ਵੀ ਸਿਆਸੀ ਪਾਰਟੀ ਦੇ ਚੋਣ ਪ੍ਰੋਗਰਾਮਾਂ 'ਚ ਕੋਈ ਅੜਿੱਕਾ ਨਹੀਂ ਪੈਣ ਦਿੱਤਾ ਜਾਵੇਗਾ। ਉਨ੍ਹਾਂ ਸਦਭਾਵਨਾ ਵਜੋਂ ਸਰਬ ਪਾਰਟੀ ਮੀਟਿੰਗ ਬੁਲਾਏ ਜਾਣ ਦੀ ਗੱਲ ਵੀ ਰੱਖੀ। ਭਾਸ਼ਨ ਦੌਰਾਨ ਵਿਰੋਧੀ ਧਿਰਾਂ ਤਰਫ਼ੋਂ ਉਕਸਾਏ ਜਾਣ ਦੇ ਬਾਵਜੂਦ ਮੁੱਖ ਮੰਤਰੀ ਨੇ ਵਿਰੋਧੀ ਸ਼ਬਦਾਂ ਨੂੰ ਖੁੱਲ੍ਹੇ ਮਨ ਨਾਲ ਸਵੀਕਾਰਿਆ। ਮਾਨ ਨੇ ਸਮੂਹ ਸਿਆਸੀ ਪਾਰਟੀਆਂ ਨੂੰ ਅਪੀਲ ਕੀਤੀ ਕਿ ਉਹ ਵੋਟਰਾਂ ਦੇ ਫ਼ਿਰਕੂ ਆਧਾਰ 'ਤੇ ਧਰੁਵੀਕਰਨ 'ਚ ਸ਼ਾਮਲ ਨਾ ਹੋ ਕੇ ਫੁੱਟਪਾਊ ਰਾਜਨੀਤੀ



ਦੇ ਏਜੰਡੇ ਤੋਂ ਦੂਰ ਰਹਿਣ। ਉਨ੍ਹਾਂ ਨੇ ਪੰਜਾਬੀਆਂ ਨੂੰ ਅਗਾਮੀ ਚੋਣਾਂ 'ਚ ਵਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ। ਮੁੱਖ ਮੰਤਰੀ ਨੇ ਅੱਜ ਰਮਜ਼ਾਨ ਮਹੀਨੇ ਦੀ ਮੁਬਾਰਕਬਾਦ ਦਿੱਤੀ ਤੇ ਕੇਂਦਰ ਸਰਕਾਰ ਨੂੰ ਨਿਸ਼ਾਨੇ 'ਤੇ ਲਿਆ। ਉਨ੍ਹਾਂ ?ਕਿਹਾ ਕਿ ਕੇਂਦਰ ਸਰਕਾਰ ਵਿਕਾਸ ਕਾਰਜਾਂ ਅਤੇ ਪ੍ਰੋਗਰਾਮਾਂ ਦਾ ਸਿਆਸੀਕਰਨ ਕਰ ਰਹੀ ਹੈ ਤੇ ਇਨ੍ਹਾਂ ਪ੍ਰੋਗਰਾਮਾਂ 'ਚ ਪੰਜਾਬ ਸਰਕਾਰ ਨੂੰ ਨਜ਼ਰਅੰਦਾਜ਼ ਕਰ ਕੇ ਲੋਕਾਂ ਦੇ ਫ਼ਤਵੇ ਦਾ ਅਪਮਾਨ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਦੀ ਉੱਚ ਲੀਡਰਸ਼ਿਪ 'ਕੰਮਾਂ ਦਾ ਸਿਹਰਾ' ਲੈਣ ਲਈ ਅਜਿਹੇ ਹੋਛੇ ਉਧੇੜ-ਬੁਣ ਵਿੱਚ ਉਲਝੀ ਹੋਈ ਹੈ ਜਦੋਂ ਕਿ ਜ਼ਮੀਨੀ ਪੱਧਰ 'ਤੇ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਲਈ ਕੁਝ ਵੀ ਠੋਸ ਨਹੀਂ ਕੀਤਾ ਗਿਆ। ਹੁਣ ਜਦੋਂ ਚੋਣਾਂ ਨੇੜੇ ਆ ਰਹੀਆਂ ਹਨ ਤਾਂ ਲੋਕਾਂ ਨੂੰ ਗੁਮਰਾਹ ਕਰਨ ਲਈ ਕਈ ਹੱਥਕੰਡੇ ਵਰਤੇ ਜਾ ਰਹੇ ਹਨ। ਉਨ੍ਹਾਂ ਕਿਹਾ, "ਅੱਜ ਪ੍ਰਧਾਨ ਮੰਤਰੀ ਸੂਬੇ ਦੇ ਸੱਤ ਰੇਲਵੇ ਸਟੇਸ਼ਨਾਂ ਨੂੰ ਅਪਗ੍ਰੇਡ ਕਰਨ ਦਾ ਉਦਘਾਟਨ ਕਰ ਰਹੇ ਹਨ ਪਰ ਇਨ੍ਹਾਂ ਸਮਾਗਮਾਂ ਲਈ ਪੰਜਾਬ ਸਰਕਾਰ ਨੂੰ ਕੋਈ ਸੱਦਾ ਨਹੀਂ ਦਿੱਤਾ ਗਿਆ। ਮੋਦੀ ਸਰਕਾਰ ਪੰਜਾਬ ਵਿਰੋਧੀ 'ਖ਼ਬਤ' ਦਾ ਸ਼ਿਕਾਰ ਰਹੀ ਹੈ, ਜਿਸ ਕਾਰਨ ਉਹ ਸੂਬੇ ਨੂੰ ਬਰਬਾਦ ਕਰਨ 'ਤੇ ਤੁਲੀ ਹੋਈ ਹੈ।" ਮੁੱਖ ਮੰਤਰੀ ਨੇ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਵੀ ਕੀਤਾ ਕਿਹਾ ਕਿ ਵਪਾਰੀਆਂ ਅਤੇ ਉਦਯੋਗਪਤੀਆਂ ਦੇ ਲਟਕਦੇ ਮਸਲਿਆਂ ਨੂੰ ਹੱਲ ਕਰਨ ਲਈ ਸਰਕਾਰ-ਵਪਾਰ ਮਿਲਣੀਆਂ ਕਰਵਾ ਰਹੀ ਰਹੀ ਹੈ।

### 'ਵਿਸ਼ੇਸ਼ ਅਧਿਕਾਰ ਮਤੇ' ਉਤੇ ਵਿਚਾਰ ਕਰਨ ਤੋਂ ਨਾਂਹ

ਵਿਰੋਧੀ ਧਿਰ ਨੇ ਦਲਿਤ ਵਿਰੋਧੀ ਟਿੱਪਣੀ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਖ਼ਿਲਾਫ਼ ਸਪੀਕਰ ਤੋਂ 'ਵਿਸ਼ੇਸ਼ ਅਧਿਕਾਰ ਮਤਾ' ਲਿਆਉਣ ਦੀ ਮੰਗ ਕੀਤੀ ਗਈ, ਜਿਸ ਨੂੰ ਵਿਚਾਰਨ ਤੋਂ ਨਾਂਹ ਕਰ ਦਿੱਤੀ ਗਈ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸਪੱਸ਼ਟ ਕੀਤਾ ਕਿ ਪੰਜਾਬ ਵਿਧਾਨ ਸਭਾ ਕਾਰਜਵਿਧੀ ਅਤੇ ਕਾਰਜ ਸੰਚਾਲਨ ਨਿਯਮਾਵਲੀ ਦੇ ਨਿਯਮ 253 ਤਹਿਤ 'ਵਿਸ਼ੇਸ਼ ਅਧਿਕਾਰ ਮਤੇ' ਬਾਰੇ ਸਕੱਤਰ ਨੂੰ ਨੋਟਿਸ ਦੇਣਾ ਹੁੰਦਾ ਹੈ ਜੋ ਦਿੱਤਾ ਨਹੀਂ ਗਿਆ ਹੈ।

### ਵਿਰੋਧੀ ਧਿਰ ਵੱਲੋਂ ਸੀਏਏ ਦੇ ਮੁੱਦੇ 'ਤੇ ਰੌਲਾ

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਵੱਲੋਂ ਸਿਆਸੀ ਨੈਤਿਕਤਾ ਕਾਇਮ ਰੱਖੇ ਜਾਣ ਦੇ ਸੱਦੇ 'ਤੇ ਹੁੰਗਾਰਾ ਭਰਦਿਆਂ ਸਦਨ ਵਿੱਚ ਨਾਗਰਿਕਤਾ ਸੋਧ ਐਕਟ (ਸੀਏਏ) ਦਾ ਮਾਮਲਾ ਚੁੱਕਿਆ। ਉਨ੍ਹਾਂ ਰਮਜ਼ਾਨ ਦੀ ਵਧਾਈ ਦਿੰਦਿਆਂ ਪੰਜਾਬ ਸਰਕਾਰ ਤੋਂ ਉਸ ਦਾ ਨਾਗਰਿਕਤਾ ਸੋਧ ਐਕਟ 'ਤੇ ਸਟੈਂਡ ਪੁੱਛਿਆ। ਬਾਜਵਾ ਨੇ ਕਿਹਾ ਕਿ ਕੇਂਦਰ ਦੇ ਇਸ ਕਦਮ ਨੂੰ ਅਮਰਿੰਦਰ ਸਰਕਾਰ ਸਮੇਂ ਸਦਨ ਵਿੱਚ ਮਤਾ ਪਾਸ ਕਰਕੇ ਰੱਦ ਕੀਤਾ ਸੀ। ਬਾਜਵਾ ਨੇ ਕਿਹਾ, "ਜਿਵੇਂ ਨਰਿੰਦਰ ਮੋਦੀ ਦੀ ਸਰਕਾਰ ਸਿਆਸੀ ਲਾਹੇ ਖ਼ਾਤਰ ਪ੍ਰਾਜੈਕਟਾਂ ਦਾ ਸਿਆਸੀਕਰਨ ਕਰ ਰਹੀ ਹੈ, ਉਸੇ ਤਰ੍ਹਾਂ ਸੂਬਾ ਸਰਕਾਰ ਦੇ ਵਜ਼ੀਰ ਵੀ ਉਸੇ ਰਾਹ 'ਤੇ ਹਨ।

# ਪੰਜਾਬ 'ਚ ਕੇਂਦਰੀ ਬਲਾਂ ਦੀਆਂ 25 ਕੰਪਨੀਆਂ ਤਾਇਨਾਤ

ਚੰਡੀਗੜ੍ਹ/ਏ.ਟੀ.ਨਿਊਜ਼ : ਆਗਾਮੀ ਲੋਕ ਸਭਾ ਚੋਣਾਂ 2024 ਸੁਤੰਤਰ, ਨਿਰਪੱਖ ਅਤੇ ਸਾਂਤੀਪੂਰਨ ਢੰਗ ਨਾਲ ਕਰਵਾਉਣਾ ਯਕੀਨੀ ਬਣਾਉਣ ਅਤੇ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਨ ਲਈ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ (ਸੀ. ਏ. ਪੀ. ਐੱਫ.) ਦੀਆਂ 25 ਕੰਪਨੀਆਂ ਪੰਜਾਬ ਰਾਜ 'ਚ ਪਹੁੰਚ ਚੁੱਕੀਆਂ ਹਨ। ਇਨ੍ਹਾਂ 25 ਕੰਪਨੀਆਂ 'ਚ ਕੇਂਦਰੀ ਰਿਜ਼ਰਵਡ ਪੁਲਿਸ ਬਲਾਂ (ਸੀ. ਆਰ. ਪੀ. ਐੱਫ.) ਦੀਆਂ ਪੰਜ ਕੰਪਨੀਆਂ, ਸੀਮਾ ਸੁਰੱਖਿਆ ਬਲ (ਬੀ. ਐੱਸ. ਐੱਫ਼.) ਦੀਆਂ 15 ਕੰਪਨੀਆਂ ਅਤੇ ਇੰਡੋ-ਤਿੱਬਤੀ ਬਾਰਡਰ ਪੁਲਿਸ



(ਆਈ.ਟੀ.ਬੀ.ਪੀ.) ਦੀਆਂ ਪੰਜ ਕੰਪਨੀਆਂ ਸ਼ਾਮਲ ਹਨ। ਹੋਰ ਵੇਰਵਿਆਂ ਬਾਰੇ ਜਾਣਕਾਰੀ ਦਿੰਦਿਆਂ ਸਪੈਸ਼ਲ ਡਾਇਰੈਕਟਰ ਜਨਰਲ ਆਫ ਪੁਲਿਸ (ਸਪੈਸ਼ਲ ਡੀ.ਜੀ.ਪੀ.) ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਕਿਹਾ ਕਿ ਆਮ ਲੋਕਾਂ 'ਚ ਵਿਸ਼ਵਾਸ ਪੈਦਾ ਕਰਨ ਦੇ ਨਾਲ-ਨਾਲ ਸੰਵੇਦਨਸ਼ੀਲ ਅਤੇ ਅਤਿ-ਸੰਵੇਦਨਸ਼ੀਲ ਖ਼ੇਤਰਾਂ 'ਚ ਦਬਦਬਾ ਬਣਾਉਣ ਲਈ ਸੂਬੇ ਦੇ ਸੰਵੇਦਨਸ਼ੀਲ ਜ਼ਿਲ੍ਹਿਆਂ 'ਚ ਇਨ੍ਹਾਂ ਸੁਰੱਖਿਆ ਬਲਾਂ ਨੂੰ ਤਾਇਨਾਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੰਵੇਦਨਸ਼ੀਲ ਖੇਤਰਾਂ ਦੀ ਮੈਪਿੰਗ ਵੀ ਕੀਤੀ ਜਾ ਰਹੀ ਹੈ ਤਾਂ ਜੋ ਆਮ ਚੋਣਾਂ ਤੋਂ ਪਹਿਲਾਂ ਕਿਸੇ ਵੀ ਅਣਸੁਖਾਵੀਂ ਸਥਿਤੀ ਤੋਂ ਬਚਾਅ ਲਈ ਹੋਰ ਬਲਾਂ ਨੂੰ ਤਾਇਨਾਤ ਕੀਤਾ ਜਾ ਸਕੇ।

ਸਪੈਸ਼ਲ ਡੀ.ਜੀ.ਪੀ. ਵੱਲੋਂ ਸਾਰੇ ਸੀ.ਪੀਜ਼./ਐੱਸ.ਐੱਸ.ਪੀਜ਼. ਨੂੰ ਆਪਣੇ-ਆਪਣੇ ਅਧਿਕਾਰ ਖੇਤਰਾਂ 'ਚ ਸਮਾਜ ਵਿਰੋਧੀ ਅਨਸਰਾਂ 'ਤੇ ਬਾਜ ਅੱਖ ਰੱਖਣ ਅਤੇ ਆਮ ਲੋਕਾਂ 'ਚ ਵਿਸ਼ਵਾਸ ਪੈਦਾ ਕਰਨ ਲਈ ਫਲੈਗ ਮਾਰਚ ਕੱਢਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਦੀ ਅਗਵਾਈ ਹੇਠ ਪੰਜਾਬ ਪੁਲਸ ਸੂਬੇ 'ਚ ਸੁਤੰਤਰ, ਨਿਰਪੱਖ ਅਤੇ ਸ਼ਾਂਤੀਪੂਰਵਕ ਚੋਣਾਂ ਕਰਵਾਉਣ ਲਈ ਵਚਨਬੱਧ ਹੈ।

# ਖੇਤੀ ਨੂੰ ਬਚਾਉਣਾ ਸਮੇਂ ਦੀ ਮੁੱਖ ਲੋੜ: ਸੰਤ ਸੀਚੇਵਾਲ

ਲੋਹੀਆਂ ਖ਼ਾਸ/ਏ.ਟੀ.ਨਿਊਜ਼ :ਵਾਤਾਵਰਣ ਪ੍ਰੇਮੀ ਅਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਸਾਨਾਂ ਨੂੰ ਦੇਸ਼ ਦੀ ਰੀੜ੍ਹ ਦੀ ਹੱਡੀ ਦੱਸਦਿਆਂ ਕਿਹਾ ਕਿ ਖੇਤੀ ਨੂੰ ਬਚਾਉਣਾ ਸਮੇਂ ਦੀ ਮੁੱਖ ਲੋੜ ਬਣ ਗਈ ਹੈ। ਪਿੰਡ ਗੱਟਾ ਮੁੰਡੀ ਕਾਸੂ ਵਿੱਚ ਹੜ੍ਹ ਪ੍ਰਭਾਵਿਤ ਇਲਾਕੇ ਅਤੇ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਪੱਧਰਾ ਕਰਨ ਦੀ ਚੱਲ ਰਹੀ ਮੁਹਿੰਮ ਦੀ ਦੇਖ-ਰੇਖ ਵਿੱਚ ਸੰਤ ਬਲਬੀਰ ਸਿੰਘ ਸੀਚੇਵਾਲ ਕਈ ਦਿਨਾਂ ਤੋਂ ਲੱਗੇ ਹੋਏ ਹਨ। ਹੜ੍ਹ ਪ੍ਰਭਾਵਿਤ ਇਲਾਕੇ ਦੇ ਲੋਕਾਂ ਵੱਲੋਂ ਸਾਂਝੇ ਤੌਰ 'ਤੇ ਅਕਾਲ ਪੁਰਖ ਦੇ ਸ਼ੁਕਰਾਨੇ ਲਈ ਸ਼ੁਰੂ ਕੀਤੇ ਗਏ ਸ੍ਰੀ ਆਖੰਡ ਪਾਠ ਸਾਹਿਬ ਦੀ ਲੜੀ ਤਹਿਤ ਬੀਤੇ ਦਿਨ 2 ਹੋਰ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਹੜ੍ਹਾਂ ਦੌਰਾਨ ਕੀਤੀ ਗਈ ਸੇਵਾ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਨੌਜਵਾਨਾਂ ਦਾ ਸੰਤ ਸੀਚੇਵਾਲ ਵੱਲੋਂ ਸਨਮਾਨ ਕੀਤਾ ਗਿਆ।

ਇਸ ਮੌਕੇ ਵੱਡੀ ਗਿਣਤੀ 'ਚ ਉਨ੍ਹਾਂ ਪਿੰਡਾਂ ਤੋਂ ਸੰਗਤਾਂ ਇਸ ਸਮਾਗਮ 'ਚ ਹਾਜ਼ਰ ਸਨ, ਜਿਹੜੇ ਪਿੰਡ 8 ਮਹੀਨੇ ਪਹਿਲਾਂ ਹੜ੍ਹਾਂ ਦੌਰਾਨ ਪੂਰੀ ਤਰ੍ਹਾਂ ਨਾਲ



ਪਾਣੀ ਨਾਲ ਘਿਰੇ ਹੋਏ ਸਨ। ਇਸ ਮੌਕੇ ਸੰਤ ਸੀਚੇਵਾਲ ਨੇ ਕਿਹਾ ਕਿ ਪੰਜਾਬ ਦੀ ਕਿਸਾਨੀ ਨਵੀਆਂ ਚੁਣੌਤੀਆਂ ਵਿਚੋਂ ਦੀ ਲੰਘ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਵੇਲੇ ਦੇਸ਼ ਦੇ 310 ਜ਼ਿਲ੍ਹੇ ਜਲਵਾਯੂ ਪਰਿਵਰਤਨ ਦੀ ਮਾਰ ਹੇਠ ਆਏ ਹੋਏ ਹਨ, ਜਿਨ੍ਹਾਂ ਵਿਚੋਂ 9 ਜ਼ਿਲ੍ਹੇ ਪੰਜਾਬ ਦੇ ਹਨ। ਜਲੰਧਰ ਜ਼ਿਲ੍ਹਾ ਜਲਵਾਯੂ ਪਰਿਵਰਤਨ ਦੀ ਸਭ ਤੋਂ ਵੱਧ ਮਾਰ ਹੇਠ ਆਇਆ ਹੋਇਆ। ਉਨ੍ਹਾਂ ਕਿਸਾਨਾਂ ਨੂੰ ਕਿਹਾ ਕਿ ਬਦਲੇ ਹੋਏ ਹਾਲਾਤ 'ਚ ਆ ਰਹੀਆਂ ਚੁਣੌਤੀਆਂ ਲਈ ਤਿਆਰ ਰਹਿਣ। ਹੁਣ ਜਦੋਂ ਮਾਰਚ ਮਹੀਨੇ ਦਾ ਦੂਜਾ ਹਫਤਾ ਸ਼ੁਰੂ ਹੋ ਚੁੱਕਾ ਹੈ ਤਾਂ ਅਜੇ ਵੀ ਠੰਢ ਜਨ-ਜੀਵਨ ਨੂੰ ਪ੍ਰਭਾਵਿਤ ਕਰ ਰਹੀ ਹੈ ਜਦਕਿ ਇਸ ਵੇਲੇ ਨਿਸਰ ਰਹੀਆਂ ਕਣਕਾਂ ਲਈ ਹਲਕਾ ਗਰਮ ਮੌਸਮ ਦਾ ਹੋਣਾ ਬਹੁਤ ਜ਼ਰੂਰੀ ਹੈ।

# ਬੇਅਦਬੀ ਮਾਮਲੇ 'ਚ ਰਾਮ ਰਹੀਮ ਨੂੰ ਹਾਈਕੋਰਟ ਤੋਂ ਮਿਲੀ ਰਾਹਤ

## ਚੱਲ ਰਹੀ ਸੁਣਵਾਈ 'ਤੇ ਲਗਾਈ ਰੋਕ

ਚੰਡੀਗੜ੍ਹ/ਏ.ਟੀ.ਨਿਊਜ਼: ਡੇਰਾ ਸੌਦਾ ਮੁਖੀ ਰਾਮ ਰਹੀਮ ਨੂੰ ਪੰਜਾਬ ਹਰਿਆਣਾ ਹਾਈਕੋਰਟ ਤੋਂ ਵੱਡੀ ਰਾਹਤ ਮਿਲੀ ਹੈ। ਇਹ ਰਾਹਤ ਫਰੀਦਕੋਟ ਜ਼ਿਲ੍ਹੇ ਵਿੱਚ 2015 ਵਿੱਚ ਵਾਪਰੇ ਬੇਅਦਬੀ ਕਾਂਡ ਵਿੱਚ ਦਿੱਤੀ ਗਈ ਹੈ। ਹਾਈ ਕੋਰਟ ਨੇ ਡੇਰਾ ਮੁਖੀ ਖ਼ਿਲਾਫ਼ ਅਦਾਲਤ ਵਿੱਚ ਚੱਲ ਰਹੀ ਕਾਰਵਾਈ 'ਤੇ ਰੋਕ ਲਾ ਦਿੱਤੀ ਹੈ। ਹਾਈਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਮੰਗ ਕੀਤੀ ਗਈ ਸੀ ਕਿ ਬੇਅਦਬੀ ਮਾਮਲੇ ਵਿੱਚ ਸੌਦਾ ਸਾਧ ਬਾਰੇ ਦਰਜ ਤਿੰਨ ਮਾਮਲਿਆਂ ਦੀ ਜਾਂਚ ਪੰਜਾਬ ਸਰਕਾਰ ਦੀ ਐੱਸ.ਆਈ.ਟੀ ਦੀ ਬਜਾਏ ਸੀ.ਬੀ.ਆਈ. ਤੋਂ ਕਰਵਾਈ ਜਾਵੇ। ਹਾਲ ਹੀ ਵਿਚ ਸਾਰੀਆਂ ਧਿਰਾਂ ਨੂੰ ਸੁਣਨ ਤੋਂ ਬਾਅਦ ਹਾਈਕੋਰਟ 'ਚ ਅਦਾਲਤ ਨੇ ਫੈਸਲਾ ਰਾਖਵਾਂ ਰੱਖ ਲਿਆ ਸੀ।

ਪਟੀਸ਼ਨਰ ਨੇ ਦੱਸਿਆ ਹੈ ਕਿ ਪੰਜਾਬ ਸਰਕਾਰ ਨੇ ਬੇਅਦਬੀ ਮਾਮਲੇ ਵਿੱਚ ਦਰਜ ਐਫ.ਆਈ.ਆਰ. ਦੀ ਨਵੰਬਰ 2015 ਵਿੱਚ ਸੀ.ਬੀ.ਆਈ. ਜਾਂਚ ਦੇ ਹੁਕਮ ਦਿੱਤੇ ਸਨ ਪਰ ਬਾਅਦ ਵਿੱਚ ਪੰਜਾਬ ਵਿੱਚ ਸਰਕਾਰ ਬਦਲਣ ਨਾਲ ਅਗਸਤ 2018 ਵਿੱਚ ਇਸ ਮਾਮਲੇ ਦੀ ਸੀਬੀਆਈ ਜਾਂਚ ਦੇ ਹੁਕਮ ਵਾਪਸ ਲੈ ਲਏ ਗਏ ਸਨ।

ਪਟੀਸ਼ਨਕਰਤਾ ਨੇ ਦਾਇਰ ਪਟੀਸ਼ਨ ਵਿੱਚ ਕਿਹਾ ਹੈ ਕਿ ਰਾਜ ਸਰਕਾਰ ਨੇ ਬੇਅਦਬੀ



ਮਾਮਲੇ 'ਚ ਦਰਜ ਐੱਫ.ਆਈ.ਆਰ. ਦੀ ਨਵੰਬਰ 2015 'ਚ ਸੀ.ਬੀ.ਆਈ. ਜਾਂਚ ਦੇ ਹੁਕਮ ਦਿੱਤੇ ਸਨ ਪਰ ਸੂਬੇ 'ਚ ਸੱਤਾ ਪਰਿਵਰਤਨ ਕਾਰਨ ਇਸ ਮਾਮਲੇ ਦੀ ਜਾਂਚ ਇੱਕ ਗਠਿਤ ਕਰਕੇ ਕਰਵਾਈ ਗਈ ਸੀ। ਰਿਟਾਇਰਡ ਜਸਟਿਸ ਰਣਜੀਤ ਸਿੰਘ ਦੀ ਪ੍ਰਧਾਨਗੀ ਹੇਠ ਜਾਂਚ ਕਮਿਸ਼ਨ ਬਣਾ ਕੇ ਜਾਂਚ ਸ਼ੁਰੂ ਕੀਤੀ ਗਈ ਅਤੇ ਬਾਅਦ ਵਿੱਚ ਅਗਸਤ 2018 ਵਿੱਚ ਪੰਜਾਬ ਸਰਕਾਰ ਨੇ ਵਿਧਾਨ ਸਭਾ ਵਿੱਚ ਮਤਾ ਪਾਸ ਕਰਕੇ ਮਾਮਲੇ ਦੀ ਸੀ.ਬੀ.ਆਈ. ਜਾਂਚ ਦੇ ਹੁਕਮ ਵਾਪਸ ਲੈ ਲਏ।

ਡੇਰਾ ਮੁਖੀ ਦਾ ਕਹਿਣਾ ਹੈ ਕਿ ਇਸ ਮਾਮਲੇ ਦੇ ਇੱਕ ਮੁਲਜ਼ਮ ਦੇ ਬਿਆਨਾਂ ਤੋਂ ਬਾਅਦ ਪਿਛਲੇ ਸਾਲ ਉਸ ਨੂੰ ਇਸ ਕੇਸ ਵਿੱਚ ਨਾਮਜ਼ਦ ਕੀਤਾ ਗਿਆ ਸੀ ਅਤੇ ਫਿਰ ਉਸ ਦੇ ਪ੍ਰੋਡਕਸ਼ਨ ਵਾਰੰਟ ਜਾਰੀ ਕੀਤੇ ਗਏ ਸਨ। ਇਸ ਨੂੰ ਰੱਦ ਕਰਦੇ ਹੋਏ ਹਾਈਕੋਰਟ ਨੇ ਐਸ.ਆਈ.ਟੀ. ਨੂੰ ਸੁਨਾਰੀਆ ਜੇਲ੍ਹ ਵਿੱਚ ਜਾ ਕੇ ਪੁੱਛਗਿੱਛ ਕਰਨ ਦੇ ਹੁਕਮ ਦਿੱਤੇ ਸਨ ਅਤੇ ਐਸ.ਆਈ.ਟੀ. ਪਹਿਲਾਂ ਹੀ ਉਸ ਤੋਂ ਪੁੱਛਗਿੱਛ ਕਰ ਚੁੱਕੀ ਹੈ।

ਅਜਿਹੇ ਵਿੱਚ ਸੌਦਾ ਸਾਧ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਮਾਮਲੇ ਵਿੱਚ ਜਾਣ ਬੁੱਝ ਕੇ ਫਸਾਇਆ ਜਾ ਰਿਹਾ ਹੈ, ਅਜਿਹੇ ਵਿੱਚ ਸਰਕਾਰ ਨੇ ਬੇਅਦਬੀ ਮਾਮਲੇ ਨਾਲ ਸਬੰਧਤ ਐੱਫ.ਆਈ.ਆਰ. ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਦੇ ਹੁਕਮਾਂ ਨੂੰ ਰੱਦ ਕਰ ਦਿੱਤਾ ਹੈ, ਉਨ੍ਹਾਂ ਹੁਕਮਾਂ ਨੂੰ ਰੱਦ ਕੀਤਾ ਜਾਵੇ ਅਤੇ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਹੋਣੀ ਚਾਹੀਦੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

13 ਮਾਰਚ ਤੋਂ 19 ਮਾਰਚ, 2024

## ਇੰਡੀਆ-ਚੀਨ ਸਰਹੱਦ ਦਾ ਵਿਵਾਦ

ਇੰਡੀਆ ਤੇ ਚੀਨ ਦੀ ਹੱਦਬੰਦੀ ਕਦੇ ਵੀ ਸਾਫ ਨਹੀਂ ਹੋਈ। ਚੀਨ ਤਿੱਬਤ ਨੂੰ ਆਪਣਾ ਸੱਜਾ ਹੱਥ ਮੰਨਦਾ ਹੈ ਅਤੇ ਲੱਦਾਖ, ਨੇਪਾਲ, ਸਿੱਕਿਮ, ਭੂਟਾਨ ਤੇ ਅਰੁਨਾਚਲ ਪ੍ਰਦੇਸ਼ ਨੂੰ ਇਸ ਹੱਥ ਦੀਆਂ 5 ਉਂਗਲਾਂ ਮੰਨਦਾ ਹੈ। ਇਸ ਲਈ ਇਨ੍ਹਾਂ ਸਾਰਿਆਂ ਇਲਾਕਿਆਂ ’ਤੇ ਚੀਨ ਆਪਣਾ ਹੱਕ ਸਮਝਦਾ ਆਇਆ ਹੈ।

ਚੀਨ ਅਰੁਨਾਚਲ ਪ੍ਰਦੇਸ਼ ਨੂੰ ਆਪਣਾ ਇਲਾਕਾ ਮੰਨਦਾ ਹੈ। ਇਸ ਦਾ ਪੁਰਾਣਾ ਨਾਮ ਨੌਰਥ ਈਸਟ ਫਰੰਟੀਅਰ ਏਜੰਸੀ (ਐਨ.ਈ.ਐਫ਼.ਏ.) ਸੀ। ਸੰਨ 1914 ਵਿੱਚ ਸ਼ਿਮਲਾ ਵਿੱਚ ਇੱਕ ਕਾਨਫਰੰਸ ਹੋਈ, ਜਿਸ ਵਿੱਚ ਚੀਨ, ਤਿੱਬਤ ਅਤੇ ਬ੍ਰਿਟਿਸ਼ ਇੰਡੀਆ ਸ਼ਾਮਿਲ ਹੋਏ। ਇਸ ਵਿੱਚ ਬ੍ਰਿਟਿਸ਼ ਇੰਡੀਅਨ ਨੁਮਾਇੰਦੇ ਹੈਨਰੀ ਮੈਕਮੋਹਨ ਨੇ ਇੱਕ ਸਰਹੱਦ ਸੁਝਾਈ ਸੀ ਜਿਸ ਨੂੰ ‘ਮੈਕਮੋਹਨ ਰੇਖਾ’ ਨਾਲ ਜਾਣਿਆ ਜਾਂਦਾ ਹੈ। ਚੀਨ ਨੇ ਇਸ ਸੁਝਾਅ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ ਪਰ ਇੰਡੀਆ ਅਜੇ ਵੀ ਇਸੇ ਰੇਖਾ ਨੂੰ ਸਹੀ ਸਰਹੱਦ ਮੰਨਦਾ ਹੈ।

ਲੱਦਾਖ ਦੀ ਹੱਦਬੰਦੀ ਵੀ ਸਾਫ ਨਹੀਂ ਹੈ। ਬ੍ਰਿਟਿਸ਼ ਇੰਡੀਆ ਨੇ ਸਰਹੱਦ ਦੇ ਦੋ ਵੱਖੋ-ਵੱਖ ਸੁਝਾਅ ਦਿੱਤੇ ਸਨ, ਪਹਿਲਾ ‘ਜੌਨਸਨ ਰੇਖਾ’ ਜਿਸ ਅਨੁਸਾਰ ਅਕਸਾਈ-ਚੀਨ ਇੰਡੀਆ ਦਾ ਹਿੱਸਾ ਹੈ। ਦੂਜਾ ‘ਮੈਕਡੋਨਾਲਡ ਰੇਖਾ’ ਜਿਸ ਅਨੁਸਾਰ ਅਕਸਾਈ-ਚੀਨ, ਚੀਨ ਦਾ ਹਿੱਸਾ ਹੈ। ਇੰਡੀਆ ‘ਜੌਨਸਨ ਰੇਖਾ’ ਨੂੰ ਸਹੀ ਸਰਹੱਦ ਮੰਨਦਾ ਹੈ ਤੇ ਚੀਨ ‘ਮੈਕਡੋਨਾਲਡ ਰੇਖਾ’ ਨੂੰ।

1975 ਵਿੱਚ ਇੰਡੀਆ ਸਿੱਕਿਮ ’ਤੇ ਕਬਜਾ ਕਰ ਲੈਂਦਾ ਹੈ। ਚੀਨ ਸਿੱਕਿਮ ਨੂੰ ਇੰਡੀਆ ਦਾ ਹਿੱਸਾ 2006 ਵਿੱਚ ਮੰਨਣ ਲੱਗਿਆ ਹੈ। ਸੰਨ 1949 ਵਿੱਚ ਚੀਨੀ ਕ੍ਰਾਂਤੀ ਤੋਂ ਬਾਅਦ ਮਾਓ ਜੇਡੰਗ ਦੀ ਅਗਵਾਈ ਵਿੱਚ ਚੀਨ ਨੂੰ ‘ਪੀਪਲਜ਼ ਰੀਪਬਲਿਕ ਆਫ਼ ਚਾਇਨਾ’ ਘੋਸ਼ਿਤ ਕੀਤਾ ਗਿਆ। ਇੰਡੀਆ ਉਨ੍ਹਾਂ ਪਹਿਲੇ ਦੇਸ਼ਾਂ ਵਿੱਚੋਂ ਸੀ ਜਿਨ੍ਹਾਂ ਨੇ ਇਸ ਨਵੇਂ ਚੀਨ ਨੂੰ ਮਾਨਤਾ ਦਿੱਤੀ ਸੀ। ਫਿਰ 1951 ਵਿੱਚ ਚੀਨ ਤਿੱਬਤ ’ਤੇ ਕਬਜ਼ਾ ਕਰ ਲੈਂਦਾ ਹੈ। ਸਤੰਬਰ 1962 ਵਿੱਚ ਚੀਨ ‘ਮੈਕਮੋਹਨ ਰੇਖਾ’ ਟੱਪ ਕੇ ਐਨ.ਈ.ਐਫ਼.ਏ. (ਅਰੁਣਾਚਲ ਪ੍ਰਦੇਸ਼) ਵਿੱਚ ਦਾਖਿਲ ਹੋ ਜਾਂਦਾ ਹੈ ਅਤੇ ਅਕਤੂਬਰ ਵਿੱਚ ਲੱਦਾਖ ’ਤੇ ਵੀ ਹਮਲਾ ਕਰਦਾ ਹੈ। ਕਰੀਬ ਇੱਕ ਮਹੀਨੇ ਤਕ ਚੱਲੀ ਇਸ ਜੰਗ ਵਿੱਚ ਚੀਨ ਅਕਸਾਈ-ਚੀਨ ’ਤੇ ਕਬਜ਼ਾ ਕਰ ਲੈਂਦਾ ਹੈ। ਇੰਡੀਆ-ਚੀਨ ਵਿੱਚ ਬਣੀ ਇਸ ਨਵੀਂ ਸਰਹੱਦ ਨੂੰ ਲਾਈਨ ਆਫ ਐਕੂਚਲ ਕੰਟਰੋਲ (ਐਲ.ਏ.ਸੀ.) ਕਿਹਾ ਜਾਂਦਾ ਹੈ।

2013 ਵਿੱਚ ਚੀਨ ਦੀ ਫੌਜ ਕਰੀਬ 18 ਕਿ.ਮੀ. ਇੰਡੀਆ ਦੀ ਸੀਮਾ ਵਿੱਚ ਆ ਗਈ ਸੀ। ਚੀਨ ਨੇ ਕਈ ਮਹੀਨਿਆਂ ਤਕ ਇੰਡੀਅਨ ਫੌਜ ਨੂੰ ਦੇਪਸੰਗ ਪਲੇਨ ਦੇ ਕਈ ਪੈਟਰੋਲਿੰਗ ਪੁਆਇੰਟਸ (972 ਵਰਗ.ਕਿਮੀ.) ਤਕ ਪਹੁੰਚ ਨਹੀਂ ਸੀ ਦਿੱਤੀ।

ਚੀਨ ਨੂੰ ਇੰਡੀਆ ਵੱਲੋਂ ਐਲ.ਏ.ਸੀ. ਦੇ ਨੇੜੇ ਸੜਕਾਂ ਬਣਾਉਣ ’ਤੇ ਇਤਰਾਜ਼ ਹੈ, ਖਾਸ ਕਰ ਕੇ 255 ਕਿ.ਮੀ. ਦਾਰਬੁਕ-ਸ਼ਿਉਕ-ਦੌਲਤ ਬੇਗ ਓਲਡੀ ਸੜਕ। ਇਸ ਸੜਕ ਨਾਲ ਐਲ.ਏ.ਸੀ. ਦੇ ਕੋਲ ਇੰਡੀਆ ਦਾ ਬੁਨਿਆਦੀ ਢਾਂਚਾ ਚੀਨ ਦੇ ਬਰਾਬਰ ਦਾ ਹੋ ਜਾਏਗਾ ਅਤੇ ਕਰਾਕੋਰਮ ਦੇ ਕੋਲ ਏਅਰਫੀਲਡ ਤੱਕ ਹਰ ਮੌਸਮ ’ਚ ਪਹੁੰਚ ਬਣੀ ਰਹੇਗੀ। ਇੰਡੀਆ ਦੀ ਵੱਡੀ ਚਿੰਤਾ ਇਹ ਹੈ ਕਿ ਚੀਨ ਨੇ ਗਲਵਾਨ ਘਾਟੀ ’ਤੇ ਆਪਣਾ ਦਾਅਵਾ ਜਤਾਇਆ ਹੈ ਪਰ ਇੰਡੀਆ ਨੂੰ ਲੱਗਦਾ ਸੀ ਕਿ ਇਹ ਮਸਲਾ ਹੱਲ ਹੋ ਚੁੱਕਿਆ ਹੈ। 2016 ਵਿੱਚ ਚੀਨ ਨੇ ਇੰਡੀਆ ਦੀ ਨਿਊਕਲੀਅਰ ਸਪਲਾਈਜ਼ ਗਰੁੱਪ (ਐਨ.ਐਸ. ਜੀ.) ਦਾ ਮੈਂਬਰ ਬਣਨ ਦੀ ਅਰਜ਼ੀ ਠੁਕਰਾ ਦਿੱਤੀ ਸੀ। ਐਨ.ਐਸ.ਜੀ. 48 ਮੁਲਕਾਂ ਦਾ ਸੰਗਠਨ ਹੈ ਜੋ ਦੁਨੀਆਂ ਵਿੱਚ ਪਰਮਾਣੂ ਹਥਿਆਰ ਬਣਾਉਣ ਵਿੱਚ ਵਰਤੇ ਜਾਣ ਵਾਲੇ ਕੱਚੇ ਮਾਲ ਦੇ ਆਯਾਤ-ਨਿਰਯਾਤ ਨੂੰ ਨਿਯੰਤਰਿਤ ਕਰਦਾ ਹੈ। ਇੰਡੀਆ ਨੂੰ ਚੀਨ ਦੇ ਚਾਈਨਾ ਪਾਕਿਸਤਾਨ ਇੱਕੋਨੋਮਿਕ ਕੋਰੀਡੋਰ (ਸੀ.ਪੀ.ਈ.ਸੀ.) ’ਤੇ ਇਤਰਾਜ਼ ਹੈ। ਸੀ.ਪੀ.ਈ.ਸੀ. ਦਾ ਉਦੇਸ਼ ਚੀਨ ਦੇ ਸ਼ਿਨਜੀਆਨ ਸੂਬੇ ਨੂੰ ਪਾਕਿਸਤਾਨ ਦੇ ਦੱਖਣੀ-ਪੱਛਮੀ ਸ਼ਹਿਰ ਗਵਾਦਰ ਨਾਲ ਸੜਕ ਰਾਹੀਂ ਜੋੜਨਾ ਹੈ। ਇੰਡੀਆ ਦਾ ਕਹਿਣਾ ਹੈ ਕਿ ਸੀ.ਪੀ.ਈ.ਸੀ. ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਚੋਂ ਲੰਘਦਾ ਹੈ ਜਿਸ ’ਤੇ ਇੰਡੀਆ ਦਾ ਅਧਿਕਾਰ ਹੈ। ਇੰਡੀਆ ਅਤੇ ਚੀਨ ਵੱਲੋਂ ਇੱਕ ਦੂਜੇ ਨੂੰ ਘੇਰਨ ਲਈ ਵੱਖ-ਵੱਖ ਮੁਲਕਾਂ ਵਿੱਚ ਆਪਣੀਆਂ ਬੰਦਰਗਾਹਾਂ ਬਣਾਈਆਂ ਜਾ ਰਹੀਆਂ ਹਨ, ਕਈ ਮੁਲਕਾਂ ਨਾਲ ਸਮਝੌਤੇ ਕੀਤੇ ਜਾ ਰਹੇ ਹਨ। ਉਦਾਹਰਨ ਦੇ ਤੌਰ ’ਤੇ ਸਟਰਿੰਗ ਆਫ ਪੀਅਰਲਸ ਅਤੇ ਨੈਕਲੇਸ ਆਫ਼ ਡਾਈਮੌਂਡ ਆਦਿ।

ਇੰਡੀਆ ਅਤੇ ਚੀਨ ਦੇ ਹੁਣ ਦੇ ਹਲਾਤ ਇਹ ਹਨ ਕਿ ਲਾਈਨ ਆਫ ਐਕੂਚਲ ਕੰਟਰੋਲ (ਐਲ.ਏ.ਸੀ.) ਨੂੰ ਅਜੇ ਵੀ ਸਹੀ ਤਰ੍ਹਾਂ ਪਰਿਭਾਸ਼ਿਤ ਨਹੀਂ ਕੀਤਾ ਗਿਆ ਅਤੇ ਨਾ ਹੀ ਇੰਡੀਆ ਨੇ ਐਲ.ਏ.ਸੀ.ਦੀ ਆਪਣੀ ਧਾਰਨਾ ਜਨਤਕ ਕੀਤੀ ਹੈ। ਸਰਹੱਦ ’ਤੇ ਤਣਾਅ ਬਣਿਆ ਹੋਇਆ ਹੈ।

1962 ਤੋਂ ਬਾਅਦ ਇੰਡੀਆ ਨੇ ਅਕਸਾਈ-ਚੀਨ ਨੂੰ ਵਾਪਿਸ ਲੈਣ ਲਈ ਕੋਈ ਕਦਮ ਨਹੀਂ ਚੁੱਕਿਆ ਅਤੇ ਨਾ ਹੀ 2020 ਵਿੱਚ ਚੀਨੀ ਫੌਜ ਦੇ ਅੱਗੇ ਵਧਣ ਤੋਂ ਬਾਅਦ ਇੰਡੀਆ ਵੱਲੋਂ ਚੀਨੀ ਫੌਜ ਨੂੰ ਵਾਪਸ ਭੇਜਣ ਦੀ ਕੋਈ ਕੋਸ਼ਿਸ਼ ਕੀਤੀ ਗਈ। ਇਸ ਨਾਲ ਐਲ.ਏ.ਸੀ. ਪੱਛਮ ਵੱਲ ਨੂੰ ਖਿਸਕਦੀ ਜਾ ਰਹੀ ਹੈ। ਇੰਡੀਆ ਵੱਲੋਂ ਲੱਦਾਖ ਦਾ ਬਣਾਇਆ ਨਕਸ਼ਾ ਇੱਕ ਕਾਲਪਨਿਕ ਨਕਸ਼ਾ ਹੈ ਕਿਉਂਕਿ ਉਹ ਜ਼ਮੀਨੀ ਹਕੀਕਤਾਂ ਨੂੰ ਨਹੀਂ ਦਰਸ਼ਾਉਂਦਾ।

ਹੁਣ ਇੰਡੀਆ ਲਈ ਚਿੰਤਾ ਦਾ ਵਿਸ਼ਾ ਇਹ ਹੈ ਕਿ ਅੱਗੇ ਦਿੱਸਦੇ ਭਵਿੱਖ ਵਿੱਚ ਚੀਨ ਦਾ ਪਲੜਾ ਭਾਰਾ ਹੀ ਰਹਿਣ ਦੀ ਸੰਭਾਵਨਾ ਸਾਫ ਦਿਖਾਈ ਦੇ ਰਹੀ ਹੈ। ਹਕੀਕਤ ਇਹ ਹੈ ਕਿ ਇੰਡੀਆ ਆਪਣੇ ਬਹੁਤੇ ਫੌਜੀ ਉਪਕਰਨਾਂ ਲਈ ਰੂਸ ’ਤੇ ਨਿਰਭਰ ਕਰਦਾ ਹੈ ਜਦਕਿ ਰੂਸ ਆਪਣੀ ਆਰਥਿਕ ਸਥਿਰਤਾ ਲਈ ਚੀਨ ’ਤੇ ਨਿਰਭਰ ਹੁੰਦਾ ਜਾ ਰਿਹਾ ਹੈ। ਇਸ ਲਈ ਜੇ ਇੰਡੀਆ-ਚੀਨ ਜੰਗ ਵੱਲ ਵਧਦੇ ਹਨ ਤਾਂ ਰੂਸ ਬਹੁਤੀ ਸਹਾਇਤਾ ਨਹੀਂ ਕਰ ਪਾਏਗਾ। ਅਮਰੀਕਾ ਤੇ ਇੰਗਲੈਂਡ ਦਾ ਜ਼ੋਰ ਇਸ ਵੇਲ਼ੇ ਇਜ਼ਰਾਈਲ ਤੇ ਯੂਕਰੇਨ ਨੂੰ ਹਥਿਆਰ ਸਪਲਾਈ ਕਰਨ ਵਿੱਚ ਲੱਗਾ ਹੋਇਆ ਹੈ। ਜੇ ਇੰਡੀਆ-ਚੀਨ ਜੰਗ ਹੁੰਦੀ ਹੈ ਤਾਂ ਅਮਰੀਕਾ ਵੀ ਇੰਡੀਆ ਦੀਆਂ ਫੌਰੀ ਜਰੂਰਤਾਂ ਪੂਰੀਆਂ ਨਹੀਂ ਕਰ ਪਾਵੇਗਾ। ਇਹਨਾਂ ਤੇਜੀ ਨਾਲ ਬਦਲ ਰਹੇ ਹਲਾਤਾਂ ਵਿੱਚ ਇਸ ਮਸਲੇ ਨਾਲ ਨਜਿੱਠਣਾ ਇੰਡੀਆ ਲਈ ਆਪਣੇ ਆਪ ਵਿੱਚ ਇੱਕ ਵੱਡੀ ਚੁਣੌਤੀ ਹੈ।

**-ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਕਾਰਪੋਰੇਟ ਨੀਤੀਆਂ ਵਿਰੁੱਧ ਸੰਸਾਰ ’ਚ ਫ਼ੈਲੇ ਕਿਸਾਨ ਅੰਦੋਲਨ

**ਤਰਲੋਚਨ ਮੁਠੱਡਾ**




ਭਾਰਤ ਤੋਂ ਇਲਾਵਾ ਯੂਰੋਪ ਦੇ ਬਹੁਤ ਸਾਰੇ ਮੁਲਕਾਂ ਵਿੱਚ ਕਿਸਾਨ ਸੰਘਰਸ਼ ਦੇ ਮੈਦਾਨ ਵਿੱਚ ਹਨ। ਬੁਲਗਾਰੀਆ, ਜਰਮਨੀ, ਇਟਲੀ, ਨੀਦਰਲੈਂਡ, ਹੰਗਰੀ, ਪੋਲੈਂਡ, ਰੋਮਾਨੀਆ, ਸਪੇਨ, ਪੁਰਤਗਾਲ, ਗਰੀਸ ਅਤੇ ਫ਼ਰਾਂਸ ਦੇ ਕਿਸਾਨਾਂ ਵੱਲੋਂ ਟਰੈਕਟਰਾਂ ਨਾਲ ਮੋਟਰਵੇਅ ਅਤੇ ਮੁੱਖ ਮਾਰਗ ਜਾਮ ਕਰਨ ਤੋਂ ਬਾਅਦ ਵੇਲਜ਼ (ਯੂਕੇ) ਦੇ ਕਿਸਾਨ ਵੀ ਸੜਕਾਂ ’ਤੇ ਉੱਤਰ ਆਏ ਹਨ। ਅੰਦੋਲਨ ਕਰ ਰਹੇ ਕਿਸਾਨਾਂ ਦੇ ਗੁੱਸੇ ਅਤੇ ਫ਼ਿਕਰ ਦੇ ਕਾਰਨ ਤਕਰੀਬਨ ਮਿਲਦੇ ਜੁਲਦੇ ਹਨ; ਜਿਵੇਂ ਸਰਕਾਰਾਂ ਦੀਆਂ ਕਾਰਪੋਰੇਟ ਪੱਖੀ ਨੀਤੀਆਂ, ਡੀਜ਼ਲ ਤੇ ਮਸ਼ੀਨਰੀ ’ਤੇ ਸਬਸੀਡੀਆਂ ਵਿੱਚ ਕਟੌਤੀ, ਲਾਗਤ ਵਿੱਚ ਵਾਧਾ, ਕਰਜ਼ਾ, ਫ਼ਸਲਾਂ ਦੇ ਮੁੱਲ ਵਿੱਚ ਗਿਰਾਵਟ, ਵੱਡੀਆਂ ਕੰਪਨੀਆਂ ਨੂੰ ਖੁੱਲ੍ਹੀ ਛੋਟ, ਦੂਜੇ ਮੁਲਕਾਂ ਤੋਂ ਸਸਤੇ ਅਨਾਜ ਦੀ ਖਰੀਦ ਅਤੇ ਸਥਾਨਕ ਕਿਸਾਨਾਂ ਦੀਆਂ ਫ਼ਸਲਾਂ ਨਾ ਖਰੀਦਣਾ ਆਦਿ ਹਨ। ਇਨ੍ਹਾਂ ਕਿਸਾਨਾਂ ਦੇ ਰੋਸ ਵਿਖਾਵੇ ਕਰਨ ਦੇ ਤਰੀਕੇ ਵੀ ਲੱਗਭੱਗ ਇੱਕੋ ਜਿਹੇ ਹਨ; ਜਿਵੇਂ ਰਾਜਧਾਨੀ ਜਾਂ ਵੱਡੇ ਸ਼ਹਿਰਾਂ ਨੂੰ ਜਾਂਦੀਆਂ ਮੁੱਖ ਸੜਕਾਂ ਉੱਪਰ ਟਰੈਕਟਰਾਂ ਦੇ ਲੰਮੇ ਕਾਫ਼ਲੇ, ਕਿਸਾਨੀ ਝੰਡੇ ਤੇ ਨਾਅਰਿਆਂ ਵਾਲੇ ਬੈਨਰ, ਪਾਰਲੀਮੈਂਟਾਂ ਦਾ ਘਰਾਓ, ਹਾਈਵੇਅ ਦੇ ਆਲੇ ਦੁਆਲੇ ਟੈਂਟ ਆਦਿ ਲਗਾਏ ਜਾ ਰਹੇ ਹਨ। ਯੂਰੋਪੀਅਨ ਪਾਰਲੀਮੈਂਟ ’ਤੇ ਕਿਸਾਨਾਂ ਨੇ ਆਂਡਿਆਂ ਦੀ ਵਰਖਾ ਕੀਤੀ। ਕੁਝ ਹੋਰ ਮੁਲਕਾਂ ਵਿੱਚ ਸਰਕਾਰੀ ਇਮਾਰਤਾਂ ’ਤੇ ਦੁੱਧ ਅਤੇ ਪਸ਼ੂਆਂ ਦੇ ਮਲ-ਮੂਤਰ ਦਾ ਛਿੜਕਾਓ ਕੀਤਾ ਗਿਆ। ਸੜਕਾਂ ’ਤੇ ਗੋਹੇ ਅਤੇ ਪਰਾਲੀ ਦੇ ਢੇਰ ਲਗਾਏ ਗਏ। ਫ਼ਿਰ ਵੀ ਕਿਸੇ ਮੁਲਕ ਦੀ ਸਰਕਾਰ ਨੇ ਭਾਰਤ ਦੀ ਸਰਕਾਰ ਵਾਂਗ ਸੜਕਾਂ ’ਤੇ ਕਿੱਲ, ਕੰਧਾਂ, ਟੋਏ, ਬੈਰੀਕੇਡ ਤੇ ਕੰਡਿਆਲੀਆਂ ਤਾਰਾਂ ਨਹੀਂ ਲਾਈਆਂ ਅਤੇ ਨਾ ਹੀ ਡਰੋਨ ਨਾਲ ਹੰਝੂ ਗੈਸ ਦੇ ਗੋਲੇ ਦਾਗੇ।

ਫ਼ਰਵਰੀ ਦੇ ਸ਼ੁਰੂ ਵਿੱਚ ਯੂਰੋਪੀਅਨ ਯੂਨੀਅਨ ਦੇ ਮੁੱਖ ਸ਼ਹਿਰ ਬ੍ਰਸਲਜ਼ ਵਿੱਚ ਕਿਸਾਨਾਂ ਨੇ ਪਾਰਲੀਮੈਂਟ ਦੇ ਬਾਹਰ ਵੱਡਾ ਪ੍ਰਦਰਸ਼ਨ ਕੀਤਾ ਜਿਥੇ ਯੂਰੋਪੀਅਨ ਲੀਡਰ ਯੂਕਰੇਨ ਬਾਰੇ ਗੱਲਬਾਤ ਕਰਨ ਲਈ ਇਕੱਠੇ ਹੋਏ ਸਨ। ਉਨ੍ਹਾਂ ਇਮਾਰਤ ਉੱਪਰ ਆਂਡੇ ਸੁੱਟ ਕੇ, ਹੌਰਨ ਵਜਾ ਕੇ ਅਤੇ ਸੜਕਾਂ ’ਤੇ ਵੱਡੇ ਧੂਣੇ ਲਗਾ ਕੇ ਰੋਸ ਪ੍ਰਗਟਾਵਾ ਕੀਤਾ। ਇਸ ਹਫ਼ਤੇ ਗਰੀਸ, ਜਰਮਨੀ, ਪੁਰਤਗਾਲ, ਪੋਲੈਂਡ ਅਤੇ ਫ਼ਰਾਂਸ ਦੇ ਕਿਸਾਨਾਂ ਨੇ ਵੀ ਟਰੈਕਟਰਾਂ ਨਾਲ ਵੱਡੇ ਰੋਸ ਮੁਜ਼ਾਹਰੇ ਕੀਤੇ। ਕਿਸਾਨਾਂ ਦਾ ਮੁੱਖ ਮੁੱਦਾ ਆਪਣਾ ਕਿੱਤਾ ਬਚਾਉਣਾ ਹੈ ਜੋ ਯੂਰੋਪੀਅਨ ਯੂਨੀਅਨ ਦੀਆਂ ਜਲਵਾਯੂ ਅਤੇ ਟਰੇਡ ਸਬੰਧੀ ਨਵੀਆਂ ਨੀਤੀਆਂ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਪੱਛਮੀ ਮੁਲਕਾਂ ਦੀ ਖੇਤੀਬਾੜੀ, ਸਬਸਿਡੀ ਉਤੇ ਬਹੁਤ ਨਿਰਭਰ ਕਰਦੀ ਹੈ। ਜਰਮਨੀ ਵਿੱਚ ਖੇਤੀ ਵਾਸਤੇ ਵਰਤੇ ਜਾਂਦੇ ਡੀਜ਼ਲ ਅਤੇ ਸਬਸਿਡੀ ਵਿੱਚ ਕੀਤੀ ਵੱਡੀ ਕਟੌਤੀ ਨੇ ਬਲਦੀ ’ਤੇ ਤੇਲ ਦਾ ਕੰਮ ਕੀਤਾ। ਕਿਸਾਨਾਂ ਦਾ ਫ਼ਿਕਰ ਹੈ ਕਿ ਇਸ ਨਾਲ ਉਹ ਹੋਰ ਕਰਜ਼ਈ ਹੋ ਜਾਣਗੇ।

ਦੂਜੇ ਯੂਰੋਪੀਅਨ ਮੁਲਕਾਂ ਵਿੱਚ ਕਿਸਾਨ ਅੰਦੋਲਨ ਦਾ ਕਾਰਨ ਜਲਵਾਯੂ ਸਬੰਧੀ ਨਵੀਆਂ ਯੂਰੋਪੀਅਨ ਯੂਨੀਅਨ ਨੀਤੀਆਂ ਵੀ ਹਨ ਜਿਨ੍ਹਾਂ ਦਾ ਮਕਸਦ 2050 ਤੱਕ ਮਿਥੇ ਟੀਚਿਆਂ ਦੀ ਪੂਰਤੀ ਕਰਨਾ ਹੈ। ਇਨ੍ਹਾਂ ਮੁਤਾਬਕ ਕਿਸਾਨਾਂ ਨੂੰ ਆਪਣੀ ਉਪਜਾਊ ਭੂਮੀ ਦਾ 4% ਹਿੱਸਾ ਗੈਰ-ਉਤਪਾਦਕ (ਰੁੱਖ ਆਦਿ) ਲਈ, 25% ਭੂਮੀ ਜੈਵਿਕ (ਆਰਗੈਨਿਕ) ਖੇਤੀ ਲਈ ਰਾਖਵੀਂ, ਫ਼ਸਲੀ ਵੰਨ-ਸਵੰਨਤਾ, ਖਾਦਾਂ ਦੀ ਵਰਤੋਂ ਵਿੱਚ 20% ਕਟੌਤੀ, ਪਾਣੀ ਦੀ ਸੀਮਤ ਵਰਤੋਂ ਅਤੇ ਜ਼ਹਿਰੀਲੀਆਂ ਦਵਾਈਆਂ ਅਤੇ ਸਪਰੇਆਂ ਵਿੱਚ 2030 ਤੱਕ 50% ਕਟੌਤੀ ਕਰਨੀ ਹੋਵੇਗੀ। ਇੰਗਲੈਂਡ ਦੀ ਲੈਂਕਾਸਟਰ ਯੂਨੀਵਰਸਿਟੀ ਦੇ ਸੀਨੀਅਰ ਅਰਥ ਸ਼ਾਸਤਰੀ ਰਿਨੌਡ ਫ਼ੌਕਾਰਟ ਮੁਤਾਬਕ ਜਲਵਾਯੂ ਸਬੰਧੀ ਟੀਚੇ ਪੂਰੇ ਕਰਨ ਲਈ ਬਣਾਈ ਯੂਰੋਪੀਅਨ ਗਰੀਨ ਡੀਲ ਹੀ ਯੂਰੋਪ ਦੇ ਕਿਸਾਨਾਂ ਵਿੱਚ ਤਣਾਅ ਦਾ ਮੁੱਖ ਕਾਰਨ ਹੈ। ਇਸ ਨੀਤੀ ਤਹਿਤ ਹੀ ਜਰਮਨੀ ਨੇ ਕਾਰਬਨਡਾਇਆਕਸਾਈਡ ਘਟਾਉਣ ਲਈ ਟਰੈਕਟਰਾਂ ਦੇ ਡੀਜ਼ਲ ਉੱਪਰ ਟੈਕਸ ਵਿੱਚ ਵੱਡਾ ਵਾਧਾ ਕੀਤਾ ਅਤੇ ਨੀਦਰਲੈਂਡ ਨੇ ਨਾਈਟਰੋਜਨ ਉਤਪਾਦ ਘਟਾਉਣ ਲਈ ਟੈਕਸਾਂ ਵਿੱਚ ਵਾਧਾ ਕੀਤਾ ਜਿਸ ਦਾ ਸਿੱਧਾ ਅਸਰ ਮੁਰਗੀਆਂ ਅਤੇ ਸੂਰ ਪਾਲਕਾਂ ’ਤੇ ਪਿਆ।

ਪੋਲੈਂਡ ਦੇ ਅੰਦੋਲਨ ਨੇ ਬਹੁ-ਕੌਮੀ ਕਾਰਪੋਰੇਟ ਕੰਪਨੀਆਂ ਵੱਲੋਂ ਯੂਕਰੇਨ ਦੀ ਜੰਗ ਦੇ ਓਹਲੇ ਕਿਸਾਨਾਂ ਅਤੇ ਖਪਤਕਾਰਾਂ ਦੀ ਅੰਨ੍ਹੀ ਲੁੱਟ ਦਾ ਵੀ ਪਰਦਾਫ਼ਾਸ਼ ਕੀਤਾ ਹੈ। ਰੂਸ ਵੱਲੋਂ ਯੂਕਰੇਨ ਦੇ ਸਮੁੰਦਰੀ ਮਾਰਗ (ਬਲੈਕ ਸੀ) ਰਾਹੀਂ ਵਪਾਰ ਦੇ ਰਸਤੇ ਰੋਕਣ ਤੋਂ ਬਾਅਦ ਉੱਥੋਂ ਦੇ ਕਿਸਾਨ ਸਦਮੇ ਵਿੱਚ ਹਨ। ਇਸ ਸਥਿਤੀ ਦਾ ਲਾਹਾ ਲੈ ਕੇ ਯੂਰੋਪ ਦੀਆਂ ਕੰਪਨੀਆਂ ਯੂਕਰੇਨ ਦੇ ਕਿਸਾਨਾਂ ਤੋਂ ਅਨਾਜ ਕੌਡੀਆਂ ਦੇ ਭਾਅ ਖਰੀਦ ਰਹੀਆਂ ਹਨ। ਪੋਲੈਂਡ ਦੇ ਕਿਸਾਨਾਂ ਦੀਆਂ ਫ਼ਸਲਾਂ ਖਰੀਦੀਆਂ ਨਹੀਂ ਜਾ ਰਹੀਆਂ ਜਾਂ ਉਨ੍ਹਾਂ ਨੂੰ ਸਸਤੇ ਰੇਟ ’ਤੇ ਵੇਚਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਜੋ ਕਿਸਾਨ ਸਾਲ ਪਹਿਲਾਂ ਯੂਕਰੇਨ ਤੋਂ ਪੋਲੈਂਡ ਆ ਰਹੇ ਸ਼ਰਨਾਰਥੀਆਂ ਦਾ ਖਾਧ ਪਦਾਰਥਾਂ ਅਤੇ ਵਰਤੋਂ ਦੇ ਹੋਰ ਜ਼ਰੂਰੀ ਸਮਾਨ ਨਾਲ ਸਵਾਗਤ ਕਰ ਰਹੇ ਸਨ, ਹੁਣ ਉਹ ਯੂਕਰੇਨ ਨਾਲ ਲੱਗਦੇ ਸੜਕੀ ਮਾਰਗ ਟਰੈਕਟਰਾਂ ਰਾਹੀਂ ਡੱਕ ਰਹੇ ਹਨ ਤਾਂ ਜੋ ਟਰੱਕਾਂ ਦੁਆਰਾ ਅਨਾਜ ਪੋਲੈਂਡ ਨਾ ਲਿਆਂਦਾ ਜਾ ਸਕੇ। ਇਥੇ ਸਵਾਲ ਕੀਤਾ ਰਿਹਾ ਹੈ ਕਿ ਇੱਕ ਪਾਸੇ ਤਾਂ ਜੰਗ ਨਾਲ ਸਦਮੇ ਦਾ ਮਾਹੌਲ ਤਿਆਰ ਕਰ ਕੇ ਕਿਸਾਨਾਂ ਤੋਂ ਸਸਤਾ ਅਨਾਜ ਖਰੀਦਿਆ ਜਾ ਰਿਹਾ ਹੈ; ਦੂਜੇ ਪਾਸੇ ਪਿਛਲੇ ਦੋ ਸਾਲਾਂ ਵਿੱਚ ਯੂਰੋਪ, ਯੂਕੇ, ਕੈਨੇਡਾ, ਅਮਰੀਕਾ ਅਤੇ ਹੋਰ ਮੁਲਕਾਂ ਵਿੱਚ ਗਰੌਸਰੀ ਦੀਆਂ ਕੀਮਤਾਂ ਲੱਗਭੱਗ ਦੁੱਗਣੀਆਂ ਹੋ ਗਈਆਂ ਹਨ। ਸ਼ਾਇਦ ਇਸੇ ਕਰ ਕੇ ਯੂਰੋਪ ਵਿੱਚ ‘ਨੋ ਫ਼ਾਰਮਰਜ਼ ਨੋ ਫ਼ੂਡ’ ਦੇ ਨਾਅਰੇ ਦੇ ਨਾਲ ਨਾਲ ਯੂਰੋਪੀਅਨ ਯੂਨੀਅਨ ਦੀਆਂ ਨਵੀਆਂ ਨੀਤੀਆਂ ਅਤੇ ਯੂਕਰੇਨ ਰੂਸ ਜੰਗ ਨੂੰ ‘ਪਰੌਫ਼ਿਟ ਨੌਟ ਪੀਪਲਜ਼’ ਕਿਹਾ ਜਾ ਰਿਹਾ ਹੈ; ਭਾਵ, ਜੰਗ ਅਤੇ ਸੰਸਾਰ ਵਪਾਰ ਸੰਸਥਾ ਦੇ ਦਬਾਅ ਹੇਠ ਬਣਾਈਆਂ ਨਵੀਆਂ ਨੀਤੀਆਂ ਬਹੁ-ਕੌਮੀ ਕੰਪਨੀਆਂ ਦੇ ਮੁਨਾਫ਼ੇ ਦੇ ਹੱਕ ਵਿੱਚ ਭੁਗਤ ਰਹੀਆਂ ਹਨ।

ਪੌਲੀਟੀਕੋ ਸੰਸਥਾ ਦੇ ਅਧਿਐਨ ਅਤੇ ਯੂਰੋਸਟੈਟ ਦੁਆਰਾ ਪ੍ਰਕਾਸਿ ?ਤ ਤੱਥਾਂ ਮੁਤਾਬਕ 14 ਮੁਲਕਾਂ- ਬੁਲਗਾਰੀਆ, ਲਿਥੂਆਨੀਆ, ਸਲੋਵਾਕੀਆ, ਇਸਟੋਨੀਆ, ਚੈੱਕ ਰਿਪਬਲਿਕ, ਜਰਮਨੀ, ਅਸਟਰੀਆ, ਡੈਨਮਾਰਕ, ਰੋਮਾਨੀਆ, ਫ਼ਿਨਲੈਂਡ, ਸਲੋਵੇਨੀਆ, ਮਾਲਟਾ, ਪੁਰਤਗਾਲ ਅਤੇ ਗਰੀਸ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਫ਼ਸਲਾਂ ਦੀ ਖਰੀਦ ਕੀਮਤ ਵਿੱਚ 5% ਤੋਂ 30% ਤੱਕ ਗਿਰਾਵਟ ਆਈ ਹੈ। ਖੇਤੀ ਮਸ਼ੀਨਰੀ, ਖਾਦਾਂ, ਸਪਰੇਆਂ, ਬਿਜਲੀ, ਟੈਕਸਾਂ ਆਦਿ ਵਿੱਚ ਲਗਾਤਾਰ ਹੋ ਰਿਹਾ ਵਾਧਾ, ਸਬਸਿਡੀਆਂ ਵਿੱਚ ਕਟੌਤੀ ਅਤੇ ਯੂਰੋਪੀਅਨ ਗਰੀਨ ਡੀਲ ਨੇ ਕਿਸਾਨਾਂ ਦਾ ਲੱਕ ਤੋੜ ਦਿੱਤਾ ਹੈ। ਇਸ ਤੋਂ ਇਲਾਵਾ ਵਾਤਾਵਰਨ ਵਿੱਚ ਲਗਾਤਾਰ ਹੋ ਰਹੀ ਤਬਦੀਲੀ ਦੀ ਮਾਰ ਵੀ ਕਿਸਾਨਾਂ ’ਤੇ ਪੈ ਰਹੀ ਹੈ।

ਯੂਰੋਪ ਦੇ ਇਸ ਅੰਦੋਲਨ ਨੂੰ ਭਾਰਤ ਨਾਲ ਮੇਲਿਆ ਜਾਵੇ ਤਾਂ ਮੰਗਾਂ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਸਮਾਨਤਾਵਾਂ ਹਨ। 2020-21 ਦੇ ਅੰਦੋਲਨ ਵਿੱਚ ਸੈਂਕੜੇ ਮੌਤਾਂ ਹੋਈਆਂ, ਲਖੀਮਪੁਰ ਖੇੜੀ ਵਿੱਚ ਕਿਸਾਨਾਂ ਨੂੰ ਕਾਰ ਹੇਠ ਦੇ ਕੇ ਕੁਚਲਿਆ, ਠੰਢੀਆਂ ਰਾਤਾਂ ਕਿਸਾਨਾਂ ਨੇ ਟਰਾਲੀਆਂ ਤੇ ਤੰਬੂਆਂ ਵਿੱਚ ਕੱਟੀਆਂ, ਅਨੇਕ ਅੰਦੋਲਨਕਾਰੀਆਂ ਉੱਪਰ ਕੇਸ ਪਾਏ, ਜੇਲ੍ਹਾਂ ਵਿੱਚ ਵੀ ਸੁੱਟੇ ਗਏ ਪਰ ਕਿਸਾਨਾਂ ਨੇ ਪੁਲੀਸ ਵਾਲਿਆਂ ਨੂੰ ਲੰਗਰ ਵੀ ਛਕਾਇਆ। ਇਸ ਸਾਲ ਕੇਂਦਰ ਦੇ ਇਸ਼ਾਰੇ ਉੱਪਰ ਹਰਿਆਣਾ ਸਰਕਾਰ ਨੇ ਪੰਜਾਬ ਤੋਂ ਦਿੱਲੀ ਜਾਣ ਵਾਲੇ ਰਸਤਿਆਂ ’ਤੇ ਬੈਰੀਕੇਡ, ਕੰਡਿਆਲੀਆਂ ਤਾਰਾਂ, ਕੰਧਾਂ, ਕਿੱਲ ਅਤੇ ਟੋਏ ਬਣਾਏ। ਪੁਲੀਸ ਅਤੇ ਫ਼ੌਜੀ ਦਲ ਤਾਇਨਾਤ ਕੀਤੇ। ਪਾਣੀ ਦੀ ਬੁਛਾੜਾਂ ਤੋਂ ਬਿਨਾਂ ਹੰਝੂ ਗੈਸ ਦੇ ਗੋਲੇ, ਡਰੋਨਾਂ ਦੀ ਵਰਤੋਂ, ਰਬੜ ਦੀਆਂ ਗੋਲੀਆਂ ਦੀ ਵਰਤੋਂ ਕੀਤੀ ਗਈ। ਪੁਲੀਸ ਦੀ ਗੋਲੀ ਨਾਲ ਇੱਕ ਨੌਜਵਾਨ ਕਿਸਾਨ ਦੀ ਮੌਤ ਹੋ ਗਈ। ਕਸ਼ਮੀਰ ਵਾਂਗੂ ਹਰਿਆਣਾ ਦੀ ਹੱਦ ’ਤੇ ਵੀ ਪੁਲੀਸ ਨੇ ਪੈਲੇਟ ਗੰਨਾਂ ਦੀ ਵਰਤੋਂ ਕੀਤੀ ਗਈ ਜਿਸ ਨੇ ਬਹੁਤ ਸਾਰੇ ਕਿਸਾਨਾਂ ਦੀਆਂ ਅੱਖਾਂ ਦਾ ਨੁਕਸਾਨ ਕੀਤਾ। ਇਸ ਸਾਲ ਯੂਰੋਪੀਅਨ ਅੰਦੋਲਨ ਦੌਰਾਨ ਫ਼ਰਾਂਸ ਦੇ ਸ਼ਹਿਰ ਤੋਊਲੂਸ ਵਿੱਚ ਇੱਕ ਕਿਸਾਨ ਔਰਤ ਅਲੈਗਜਾਂਦਰਾ ਸੋਨਾਕ ਅਤੇ ਉਸ ਦੀ 12 ਸਾਲਾ ਧੀ ਦੀ ਤੇਜ਼ ਆ ਰਹੀ ਕਾਰ ਹੇਠ ਆ ਕੇ ਮੌਤ ਹੋ ਗਈ। ਮੌਤ ਤੋਂ ਇਕ ਦਿਨ ਪਹਿਲਾਂ ਰੇਡੀਓ ਨਾਲ ਇੰਟਰਵਿਊ ਵਿੱਚ ਸੋਨਾਕ ਨੇ ਕਿਹਾ ਸੀ ਕਿ ਉਹ ਆਪਣਾ ਕਿੱਤਾ ਬਚਾਉਣ ਅਤੇ ਆਪਣੀ ਧੀ ਦੇ ਭਵਿੱਖ ਨੂੰ ਸਰੱਖਿਅਤ ਕਰਨ ਲਈ ਇਸ ਅੰਦੋਲਨ ਵਿੱਚ ਸ਼ਾਮਲ ਹੋਈ ਹੈ। ਪੈਰਿਸ ਦੇ ਬਾਹਰ ਕਿਸਾਨਾਂ ਨੇ ਫ਼ਰੈਂਚ ਪੁਲਿਸ ਨੂੰ ਤਾਜ਼ੇ ਬਣੇ ਕੇਕ ਖਾਣ ਨੂੰ ਦਿੱਤੇ ਅਤੇ ਅੰਤਾਂ ਦੀ ਸਰਦੀ ਤੋਂ ਬਚਣ ਲਈ ਪੁਲਿਸ ਅਤੇ ਕਿਸਾਨ ਇੱਕੋ ਥਾਂ ਧੂਣੀਆਂ ਸੇਕਦੇ ਵੀ ਦੇਖੇ ਗਏ।

ਯੂਰੋਪ ਵਿੱਚ ਜੰਗਲ ਦੀ ਅੱਗ ਵਾਂਗ ਫ਼ੈਲ ਰਹੇ ਕਿਸਾਨ ਅੰਦੋਲਨ ਨੇ ਯੂਰੋਪੀਅਨ ਲੀਡਰਾਂ ਦੀ ਨੀਂਦ ਉਡਾ ਦਿੱਤੀ ਹੈ। ਇਹ ਸੰਘਰਸ਼ ਦੀ ਦੇਣ ਹੈ ਕਿ ਜਰਮਨੀ ਨੇ ਡੀਜ਼ਲ ਸਬਸਿਡੀ ਦੀ ਕਟੌਤੀ ’ਤੇ ਰੋਕ ਲਗਾ ਦਿੱਤੀ ਹੈ। ਫ਼ਰਾਂਸ ਨੇ ਡੀਜ਼ਲ ’ਤੇ ਵਧਾਇਆ ਟੈਕਸ ਵਾਪਸ ਲੈ ਲਿਆ ਹੈ, ਨਵੀਆਂ ਨੀਤੀਆਂ ਲਾਗੂ ਕਰਨ ਨੂੰ ਅਣਮਿਥੇ ਸਮੇਂ ਲਈ ਅੱਗੇ ਪਾ ਦਿੱਤਾ ਹੈ ਅਤੇ ਕਿਸਾਨਾਂ ਨੂੰ 150 ਮਿਲੀਅਨ ਯੂਰੋ ਦੀ ਮਦਦ ਕਰਨ ਦਾ ਵਾਅਦਾ ਕੀਤਾ ਹੈ। ਕਿਸਾਨ ਯੂਨੀਅਨਾਂ ਨੂੰ ਕਿਹਾ ਜਾ ਰਿਹਾ ਹੈ ਕਿ ਉਹ ਰੋਸ ਮੁਜ਼ਾਹਰੇ ਮੁਲਤਵੀ ਕਰ ਦੇਣ। ਯੂਰੋਪੀਅਨ ਕਮਿਸ਼ਨ ਨੇ ਵੀ ਯੂਕਰੇਨ ਤੋਂ ਦਰਾਮਦ ਹੋਣ ਵਾਲੇ ਅਨਾਜ ਦੀ ਸੀਮਾ ਤੈਅ ਕਰਨ ਅਤੇ ਯੂਰੋਪੀਅਨ ਯੂਨੀਅਨ ਸਬਸਿਡੀ 2024 ਵਿੱਚ ਜਾਰੀ ਰੱਖਣ ਦਾ ਪ੍ਰਸਤਾਵ ਰੱਖਿਆ ਹੈ।

(ਬਾਕੀ ਸਫ਼ਾ 31 ’ਤੇ)



ਰਣਜੀਤ ਸਿੰਘ ਕੁਕੀ

# ਕਿਸਾਨ ਅੰਦੋਲਨ 2 .0

ਹਿਊਮਨ ਰਾਈਟਸ ਵਾਚ ਨੇ ਕਿਹਾ ਕਿ ਭਾਰਤੀ ਸੱਤਾਧਾਰੀ ਧਿਰ ਕਿਸਾਨਾਂ ਨੂੰ ਸ਼ਾਂਤੀਪੂਰਨ ਵਿਰੋਧ ਪ੍ਰਦਰਸ਼ਨ ਕਰਨ ਤੋਂ ਰੋਕਣ ਲਈ ਧਮਕੀਆਂ, ਬਹੁਤ ਜ਼ਿਆਦਾ ਤਾਕਤ ਅਤੇ ਇੰਟਰਨੈਟ ਬੰਦ ਦੀ ਵਰਤੋਂ ਕਰ ਰਹੀ ਹੈ। ਫਰਵਰੀ 2024 ਦੇ ਅੱਧ ਤੋਂ, ਪੰਜਾਬ ਅਤੇ ਹਰਿਆਣਾ ਰਾਜਾਂ ਦੇ ਕਿਸਾਨ ਆਪਣੀਆਂ ਉਪਜਾਂ ਦੀਆਂ ਉੱਚੀਆਂ ਕੀਮਤਾਂ ਦੀ ਮੰਗ ਕਰ ਰਹੇ ਹਨ ਅਤੇ ਆਪਣੀਆਂ ਮੰਗਾਂ ਨੂੰ ਉਠਾਉਣ ਲਈ ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਤੋਂ ਬਾਹਰ ਇਕੱਠੇ ਹੋਏ ਹਨ। ਵਿਰੋਧ ਪ੍ਰਦਰਸ਼ਨਾਂ ਨੇ ਇੱਕ ਸਾਲ ਲੰਬੇ ਅੰਦੋਲਨ ਨੂੰ ਮੁੜ ਸੁਰਜੀਤ ਕੀਤਾ ਜੋ 2021 ਵਿੱਚ ਹਜ਼ਾਰਾਂ ਕਿਸਾਨਾਂ ਨੇ ਨਵੀਂ ਦਿੱਲੀ ਦੇ ਬਾਹਰ ਡੇਰੇ ਲਗਾਉਣ ਅਤੇ ਨਵੇਂ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰਨ ਤੋਂ ਬਾਅਦ ਖਤਮ ਕੀਤਾ। ਕਿਸਾਨਾਂ ਦੀਆਂ ਮੌਜੂਦਾ ਮੰਗਾਂ ਵਿੱਚ 23 ਫਸਲਾਂ ਦੀ ਵਿਸਤ੍ਰਿਤ ਸੂਚੀ ਸ਼ਾਮਲ ਹੈ ਜੋ ਸਰਕਾਰ ਘੱਟੋ-ਘੱਟ ਗਾਰੰਟੀਸ਼ੁਦਾ ਮੁੱਲ 'ਤੇ ਖਰੀਦੇਗੀ। ਪ੍ਰਦਰਸ਼ਨਕਾਰੀਆਂ ਨੂੰ ਸ਼ਹਿਰ ਵਿੱਚ ਦਾਖਲ ਹੋਣ ਤੋਂ ਰੋਕਣ ਲਈ, ਅਧਿਕਾਰੀਆਂ ਨੇ ਸੀਮਿੰਟ ਬਲਾਕਾਂ, ਧਾਤ ਦੇ ਕੰਟੇਨਰਾਂ ਅਤੇ ਕੰਡਿਆਲੀਆਂ ਤਾਰਾਂ ਨਾਲ ਹਾਈਵੇਅ ਨੂੰ ਬੈਰੀਕੇਡ ਕੀਤਾ ਹੈ। ਕਿਸਾਨਾਂ ਅਤੇ ਸਰਕਾਰ ਵਿਚਾਲੇ ਗੱਲਬਾਤ ਰੁਕ ਗਈ ਹੈ।

ਹਿਊਮਨ ਰਾਈਟਸ ਵਾਚ ਦੀ ਏਸ਼ੀਆ ਡਾਇਰੈਕਟਰ ਈਲੇਨ ਪੀਅਰਸਨ ਨੇ ਕਿਹਾ, ਭਾਰਤੀ ਅਧਿਕਾਰੀਆਂ ਦੀ ਜ਼ਿਮੇਵਾਰੀ ਹੈ ਕਿ ਉਹ ਸ਼ਾਂਤੀਪੂਰਨ ਵਿਰੋਧ ਦੇ ਅਧਿਕਾਰ ਨੂੰ ਬਰਕਰਾਰ ਰੱਖਣ, ਜੋ ਵੀ ਹਿੱਸਾ ਲੈ ਰਿਹਾ ਹੈ ਅਤੇ ਜੋ ਵੀ ਮੁੱਦਾ ਹੈ। ਸ਼ਾਂਤਮਈ ਢੰਗ ਨਾਲ ਆਪਣੇ ਵਿਚਾਰ ਪ੍ਰਗਟ ਕਰਨ ਦੇ ਅਧਿਕਾਰ ਤੋਂ ਇਨਕਾਰ ਕਰਨ ਲਈ ਅਧਿਕਾਰੀਆਂ ਦੁਆਰਾ ਕਿਸਾਨਾਂ ਦੇ ਵਿਰੁੱਧ ਧਮਕੀ ਜਾਂ ਤਾਕਤ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਭਾਰਤ ਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੀ ਸਰਕਾਰ ਨੇ ਵਾਰ-ਵਾਰ ਸ਼ਾਂਤਮਈ ਪ੍ਰਦਰਸ਼ਨਾਂ 'ਤੇ ਕਾਰਵਾਈ ਕੀਤੀ ਹੈ ਅਤੇ ਸਰਕਾਰੀ ਨੀਤੀਆਂ ਦੇ ਆਲੋਚਕਾਂ ਨੂੰ ਗ੍ਰਿਫਤਾਰ ਕੀਤਾ ਹੈ। ਕਿਸਾਨਾਂ ਦੇ ਰੋਸ ਦੇ ਜਵਾਬ ਵਿੱਚ ਸਰਕਾਰ ਨੂੰ ਗੱਲਬਾਤ ਦੀ ਅਪੀਲ ਕੀਤੀ ਹੈ। ਹਾਲਾਂਕਿ, ਅਧਿਕਾਰੀਆਂ ਨੇ ਪ੍ਰਦਰਸ਼ਨਕਾਰੀਆਂ ਦੇ ਪਾਸਪੋਰਟ ਅਤੇ ਵੀਜ਼ੇ ਰੱਦ ਕਰਨ ਦੀ ਧਮਕੀ ਦਿੱਤੀ ਹੈ, ਇੱਕ ਪੁਲਿਸ ਅਧਿਕਾਰੀ ਨੇ ਕਿਹਾ, ਅਸੀਂ ਉਨ੍ਹਾਂ ਦੀ ਪਛਾਣ ਸੀਸੀਟੀਵੀ ਅਤੇ ਡਰੋਨ ਕੈਮਰਿਆਂ ਨਾਲ ਕੀਤੀ ਹੈ। ਅਸੀਂ ਗ੍ਰਹਿ ਮੰਤਰਾਲੇ ਅਤੇ ਦੂਤਾਵਾਸ ਨੂੰ ਉਨ੍ਹਾਂ ਦੇ ਵੀਜ਼ੇ ਅਤੇ ਪਾਸਪੋਰਟ ਰੱਦ ਕਰਨ ਦੀ ਬੇਨਤੀ ਕਰਾਂਗੇ।

ਅਧਿਕਾਰੀਆਂ ਨੇ ਇਕੱਠਾਂ ਅਤੇ ਮੈਡੀਕਲ ਕੈਂਪਾਂ ਨੂੰ ਖਿੰਡਾਉਣ ਲਈ ਡਰੋਨ ਵੀ ਤਾਇਨਾਤ ਕੀਤੇ ਅਤੇ ਅੱਥਰੂ ਗੈਸ ਦੇ ਗੋਲਿਆਂ ਦੀ ਵਰਤੋਂ ਕੀਤੀ। ਉਨ੍ਹਾਂ ਨੇ ਭੀੜ ਨੂੰ ਕਾਬੂ ਕਰਨ ਲਈ ਧਾਤੂ ਦੀਆਂ ਗੋਲੀਆਂ ਨਾਲ ਭਰੀਆਂ ਗੋਲੀਆਂ ਚਲਾਈਆਂ, ਜੋ ਅੰਨ੍ਹੇਪਣ ਅਤੇ ਹੋਰ ਗੰਭੀਰ ਸੱਟਾਂ ਦਾ ਕਾਰਨ ਬਣ ਸਕਦੀਆਂ ਹਨ। 21 ਫਰਵਰੀ ਨੂੰ ਪੰਜਾਬ ਅਤੇ ਹਰਿਆਣਾ ਰਾਜਾਂ ਦੀ ਸਰਹੱਦ ਨਾਲ ਲੱਗਦੇ ਇਲਾਕੇ ਵਿੱਚ ਪੁਲਿਸ ਵੱਲੋਂ ਪ੍ਰਦਰਸ਼ਨ ਕਰ ਰਹੇ ਕਿਸਾਨਾਂ 'ਤੇ ਵਾਰ-ਵਾਰ ਗੋਲੀਬਾਰੀ ਕਰਨ ਤੋਂ ਬਾਅਦ 24 ਸਾਲਾ ਕਿਸਾਨ ਸ਼ੁਭਕਰਨ ਸਿੰਘ ਦੀ ਸਿਰ ਵਿੱਚ ਗੋਲੀ ਲੱਗਣ ਨਾਲ ਮੌਤ ਹੋ ਗਈ ਸੀ। ਹਰਿਆਣਾ ਸਰਕਾਰ ਨੇ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਵਿੱਚ ਵਿਘਨ ਪਾਉਣ ਦੀ ਸਪੱਸ਼ਟ ਕੋਸ਼ਿਸ਼ ਵਿੱਚ ਸੱਤ ਜ਼ਿਲ੍ਹਿਆਂ ਵਿੱਚ ਇੰਟਰਨੈਟ ਸੇਵਾਵਾਂ 'ਤੇ ਅਸਥਾਈ ਪਾਬੰਦੀਆਂ ਲਗਾ ਦਿੱਤੀਆਂ, ਇਹ ਇੱਕ ਚਾਲ ਹੈ ਜੋ ਭਾਰਤ ਸਰਕਾਰ ਅਕਸਰ ਰਾਜਨੀਤਿਕ ਉਦੇਸ਼ਾਂ ਲਈ ਵਰਤਦੀ ਹੈ। ਐਕਸ (ਪਹਿਲਾਂ ਟਵਿੱਟਰ) 'ਤੇ ਗਲੋਬਲ




ਗਵਰਨਮੈਂਟ ਅਫੇਅਰਜ਼ ਟੀਮ ਨੇ ਕਿਹਾ ਕਿ ਭਾਰਤ ਸਰਕਾਰ ਨੇ 21 ਫਰਵਰੀ ਨੂੰ ਕਾਰਜਕਾਰੀ ਆਦੇਸ਼ ਜਾਰੀ ਕੀਤੇ, ਜਿਸ ਵਿੱਚ ਉਹਨਾਂ ਨੂੰ ਖਾਸ ਖਾਤਿਆਂ ਨੂੰ ਬੰਦ ਕਰਨ ਲਈ ਕਿਹਾ ਗਿਆ ਸੀ। ਇਹਨਾਂ ਵਿੱਚੋਂ ਜ਼ਿਆਦਾਤਰ ਖਾਤੇ, ਜਿਨ੍ਹਾਂ ਵਿੱਚ ਫੇਸਬੁੱਕ 'ਤੇ ਪਾਬੰਦੀ ਲਗਾਈ ਗਈ ਸੀ, ਵਿਰੋਧ ਪ੍ਰਦਰਸ਼ਨਾਂ ਦੀ ਰਿਪੋਰਟ ਕਰਨ ਵਾਲੇ ਪੱਤਰਕਾਰਾਂ, ਕਿਸਾਨਾਂ ਦੇ ਐਕਸ਼ਨ ਦਾ ਸਮਰਥਨ ਕਰਦੇ ਹੋਏ ਕਿਸਾਨ ਯੂਨੀਅਨ ਦੇ ਆਗੂ ਤੇ ਹੋਰਾਂ ਨਾਲ ਸਬੰਧਤ ਹਨ।

ਭਾਰਤ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਾਨੂੰਨ ਦੇ ਤਹਿਤ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਇੰਟਰਨੈਟ-ਆਧਾਰਿਤ ਪਾਬੰਦੀਆਂ ਕਾਨੂੰਨ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਹਨ ਅਤੇ ਇੱਕ ਖਾਸ ਸੁਰੱਖਿਆ ਲਈ ਇੱਕ ਜ਼ਰੂਰੀ ਅਤੇ ਅਨੁਪਾਤਕ ਜਵਾਬ ਹਨ। ਜੁਲਾਈ 2016 ਵਿੱਚ, ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਨੇ ਜਾਣਬੁੱਝ ਕੇ ਔਨਲਾਈਨ ਜਾਣਕਾਰੀ ਤੱਕ ਪਹੁੰਚ ਜਾਂ ਪ੍ਰਸਾਰਣ ਨੂੰ ਰੋਕਣ ਜਾਂ ਵਿਘਨ ਪਾਉਣ ਦੇ ਉਪਾਵਾਂ ਦੀ ਨਿੰਦਾ ਕੀਤੀ। ਭਾਜਪਾ ਸਮਰਥਕਾਂ ਨੇ ਵਿਰੋਧ ਕਰ ਰਹੇ ਕਿਸਾਨਾਂ, ਬਹੁਤ ਸਾਰੇ ਸਿੱਖ ਘੱਟਗਿਣਤੀ ਭਾਈਚਾਰੇ ਦੇ ਲੋਕਾਂ ਨੂੰ 'ਵੱਖਵਾਦੀ' ਵਜੋਂ ਬਿਆਨ ਕਰਨ ਲਈ ਸੋਸ਼ਲ ਮੀਡੀਆ ਦੀ ਵਰਤੋਂ ਕੀਤੀ ਹੈ, ਜੋ ਇੱਕ ਖਤਰਨਾਕ ਇਲਜ਼ਾਮ ਹੈ।

ਪੱਛਮੀ ਬੰਗਾਲ ਰਾਜ ਵਿੱਚ, ਇੱਕ ਭਾਜਪਾ ਆਗੂ ਨੇ ਇੱਕ ਸਿੱਖ ਪੁਲਿਸ ਅਧਿਕਾਰੀ ਵਿਰੁੱਧ ਅਜਿਹੀ ਹੀ ਗਾਲੀ-ਗਲੋਚ ਦੀ ਵਰਤੋਂ ਕੀਤੀ, ਜਿਸ ਦੀ ਪੁਲਿਸ ਅਧਿਕਾਰੀਆਂ ਦੁਆਰਾ ਸਖ਼ਤ ਨਿੰਦਾ ਕੀਤੀ ਗਈ ਅਤੇ ਸਿੱਖ ਭਾਈਚਾਰੇ ਵੱਲੋਂ ਵਿਰੋਧ ਪ੍ਰਦਰਸ਼ਨ ਕੀਤਾ ਗਿਆ। ਹਿਊਮਨ ਰਾਈਟਸ ਵਾਚ ਨੇ ਕਿਹਾ ਕਿ ਅਧਿਕਾਰੀ ਭਾਜਪਾ ਦੇ ਨੇਤਾਵਾਂ ਅਤੇ ਸਮਰਥਕਾਂ ਨੂੰ ਜਵਾਬਦੇਹ ਬਣਾਉਣ ਵਿੱਚ ਵਾਰ-ਵਾਰ ਅਸਫਲ ਰਹੇ ਹਨ ਜੋ ਧਾਰਮਿਕ ਘੱਟ ਗਿਣਤੀ ਭਾਈਚਾਰਿਆਂ ਵਿਰੁੱਧ ਹਿੰਸਾ ਨੂੰ ਭੜਕਾਉਂਦੇਹਨ, ਜਿਸ ਨਾਲ ਫਿਰਕੂ ਵੰਡ ਮਨੁੱਖੀ ਅਧਿਕਾਰਾਂ ਦੇ ਸੰਕਟ ਵੱਲ ਵਧ ਸਕਦੀ ਹੈ।

ਹਿਊਮਨ ਰਾਈਟਸ ਵਾਚ ਨੇ ਕਿਹਾ ਕਿ ਭਾਰਤ ਸਰਕਾਰ ਨੂੰ ਜਨਤਕ ਤੌਰ 'ਤੇ ਸੁਰੱਖਿਆ ਬਲਾਂ ਨੂੰ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਦੁਆਰਾ ਬਲ ਅਤੇ ਹਥਿਆਰਾਂ ਦੀ ਵਰਤੋਂ ਬਾਰੇ ਸੰਯੁਕਤ ਰਾਸ਼ਟਰ ਦੇ ਬੁਨਿਆਦੀ ਸਿਧਾਂਤਾਂ ਦੀ ਪਾਲਣਾ ਕਰਨ ਲਈ ਨਿਰਦੇਸ਼ ਦੇਣਾ ਚਾਹੀਦਾ ਹੈ ਅਤੇ ਇਹ ਯਕੀਨੀ ਬਣਾਉਣ ਲਈ ਹੋਰ ਸਾਰੇ ਜ਼ਰੂਰੀ ਕਦਮ ਚੁੱਕਣੇ ਚਾਹੀਦੇ ਹਨ ਕਿ ਸੁਰੱਖਿਆ ਬਲ ਸੰਜਮ ਨਾਲ ਕੰਮ ਕਰਨ।

ਵਿਰੋਧ ਪ੍ਰਦਰਸ਼ਨ ਕਰਨ ਵਾਲੇ ਆਯੋਜਕਾਂ ਨੂੰ ਆਪਣੇ ਸਮਰਥਕਾਂ ਨੂੰ ਜਨਤਾ ਦੇ ਮੈਂਬਰਾਂ ਅਤੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਹਿੰਸਾ ਵਿੱਚ ਸ਼ਾਮਲ ਹੋਣ ਤੋਂ ਰੋਕਣ ਲਈ ਕਦਮ ਚੁੱਕਣੇ ਚਾਹੀਦੇ ਹਨ।ਕਾਨੂੰਨ ਲਾਗੂ ਕਰਨ ਵਿੱਚ 'ਘੱਟ-ਘਾਤਕ ਹਥਿਆਰਾਂ' ਬਾਰੇ 2020 ਸੰਯੁਕਤ ਰਾਸ਼ਟਰ ਮਾਰਗਦਰਸ਼ਨ ਕਹਿੰਦਾ ਹੈ, ਇੱਕੋ ਸਮੇਂ 'ਤੇ ਫਾਇਰ ਕੀਤੇ ਗਏ ਕਈ ਪ੍ਰੋਜੈਕਟਾਈਲ ਗਲਤ ਹਨ ਅਤੇ, ਆਮ ਤੌਰ 'ਤੇ, ਉਹਨਾਂ ਦੀ ਵਰਤੋਂ ਲੋੜ ਅਤੇ ਅਨੁਪਾਤ ਦੇ ਸਿਧਾਂਤਾਂ ਦੀ ਪਾਲਣਾ ਨਹੀਂ ਕਰ ਸਕਦੀ ਹੈ। ਧਾਤ ਦੀਆਂ ਗੋਲੀਆਂ, ਜਿਵੇਂ ਕਿ ਸ਼ਾਟ ਗਨ ਤੋਂ ਚਲਾਈਆਂ ਗਈਆਂ ਗੋਲੀਆਂ, ਕਦੇ ਵੀ ਨਹੀਂ ਵਰਤੀਆਂ ਜਾਣੀਆਂ ਚਾਹੀਦੀਆਂ ਹਨ। ਪੀਅਰਸਨ ਨੇ ਕਿਹਾ, ਜਿਵੇਂ ਭਾਰਤ ਚੋਣਾਂ ਵੱਲ ਵਧ ਰਿਹਾ ਹੈ, ਭਾਜਪਾ ਦੀ ਅਗਵਾਈ ਵਾਲੀ ਸਰਕਾਰ ਲਈ ਇਹ ਮਹੱਤਵਪੂਰਨ ਹੈ ਕਿ ਉਹ ਸਿਆਸੀ ਹਿੰਸਾ ਨੂੰ ਵਧਾਉਣ ਦੀ ਬਜਾਏ ਘੱਟ ਤੋਂ ਘੱਟ ਕਰਨ ਲਈ ਕੰਮ ਕਰੇ, ਮਨੁੱਖੀ ਅਧਿਕਾਰਾਂ ਅਤੇ ਲੋਕਤੰਤਰ ਪ੍ਰਤੀ ਸੱਚੀ ਵਚਨਬੱਧਤਾ ਦਾ ਮਤਲਬ ਵਿਰੋਧ, ਸ਼ਾਂਤੀਪੂਰਨ ਪ੍ਰਦਰਸ਼ਨ ਅਤੇ ਰਾਜਨੀਤਿਕ ਅਸਹਿਮਤੀ ਲਈ ਜਗ੍ਹਾ ਪ੍ਰਦਾਨ ਕਰਨਾ ਹੈ।

# ਸੋਸ਼ਲ ਮੀਡੀਆ ਦਾ ਲੋੜ ਤੋਂ ਵੱਧ ਰੁਝਾਨ ਹੈ ਖ਼ਤਰਨਾਕ

ਇੰਦਰਪ੍ਰੀਤ ਕੌਰ

ਸੋਸ਼ਲ ਮੀਡੀਆ ਇਨਸਾਨ ਦੀ ਜ਼ਿੰਦਗੀ 'ਚ ਬੁਹਤ ਵੱਡਾ ਰੋਲ ਅਦਾ ਕਰਦਾ ਹੈ। ਇਹ ਅਜਿਹਾ ਪਲੇਟਫਾਰਮ ਹੈ, ਜਿਸ ਤੋਂ ਅਸੀਂ ਕੋਈ ਵੀ ਸੂਚਨਾ ਪ੍ਰਾਪਤ ਕਰ ਸਕਦੇ ਹਾਂ ਤੇ ਨੌਜਵਾਨ ਕਈ ਤਰ੍ਹਾਂ ਦੇ ਮੌਕੇ ਪ੍ਰਾਪਤ ਕਰ ਸਕਦੇ ਹਨ। ਇਹ ਵਿਦਿਆਰਥੀਆਂ ਲਈ ਗਿਆਨ ਦਾ ਸਾਧਨ ਹੈ। ਇਹ ਅਜਿਹਾ ਪਲੇਟਫਾਰਮ ਹੈ, ਜਿਸ ਨੂੰ ਨਵੇਂ ਤਰੀਕਿਆਂ ਨਾਲ ਵਿੱਦਿਆ ਦੇ ਪ੍ਰਸਾਰ ਲਈ ਵਰਤਿਆ ਜਾਂਦਾ ਹੈ। ਫੇਸਬੁੱਕ, ਇੰਸਟਾਗ੍ਰਾਮ, ਟਵਿੱਟਰ ਆਦਿ ਰਾਹੀਂ ਅਜੋਕੇ ਵਿਦਿਆਰਥੀ ਕਾਫ਼ੀ ਗਿਆਨ ਪ੍ਰਾਪਤ ਕਰਦੇ ਹਨ, ਜਿਸ ਨਾਲ ਉਨ੍ਹਾਂ ਨੂੰ ਕੁਝ ਨਾ ਕੁਝ ਨਵਾਂ ਸਿੱਖਣ ਦਾ ਮੌਕਾ ਮਿਲਦਾ ਰਹਿੰਦਾ ਹੈ।




ਕਈ ਵਿਦਿਆਰਥੀ ਹਰ ਰੋਜ਼ ਕਈ-ਕਈ ਘੰਟੇ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹਨ। ਬਹੁਤੇ ਮਾਪੇ ਇਸ ਪ੍ਰਤੀ ਚਿੰਤਤ ਵੀ ਹਨ ਕਿ ਉਨ੍ਹਾਂ ਦੇ ਬੱਚੇ ਸਾਰਾ-ਸਾਰਾ ਦਿਨ ਮੋਬਾਈਲਾਂ ਨਾਲ ਚਿੰਬੜੇ ਰਹਿੰਦੇ ਹਨ ਤੇ ਪੜ੍ਹਾਈ ਵੱਲ ਘੱਟ ਧਿਆਨ ਦਿੰਦੇ ਹਨ। ਜੇ ਅਸੀਂ ਗੱਲ ਕਰੀਏ ਸੋਸ਼ਲ ਮੀਡੀਆ ਦੇ ਪ੍ਰਭਾਵਾਂ ਦੀ ਤਾਂ ਸਾਡਾ ਸਭ ਤੋਂ ਪਹਿਲਾਂ ਪ੍ਰਸ਼ਨ ਇਹੀ ਹੈ ਕਿ ਵਿਦਿਆਰਥੀਆਂ ਨੂੰ ਸੋਸ਼ਲ ਮੀਡੀਆ ਇੰਨਾ ਪਸੰਦ ਕਿਉਂ ਹੈ? ਕਿਉਂ ਵਿਦਿਆਰਥੀ ਇਸ ਪਿੱਛੇ ਇੰਨੇ ਪਾਗਲ ਹੋਏ ਰਹਿੰਦੇ ਹਨ? ਕੀ ਉਹ ਇਸ ਤੋਂ ਬਿਨਾਂ ਰਹਿ ਨਹੀਂ ਸਕਦੇ, ਤਾਂ ਇਸ ਦੇ ਉੱਤਰ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਸੋਸ਼ਲ ਮੀਡੀਆ ਅੱਜ ਦੇ ਵਿਦਿਆਰਥੀਆਂ ਦੀ ਉਹ ਪਛਾਣ ਹੈ, ਜਿਸ ਜ਼ਰੀਏ ਉਹ ਜੋ ਚਾਹੁਣ, ਕਰ ਸਕਦੇ ਹਨ। ਇਸ ਜ਼ਰੀਏ ਉਹ ਆਪਣੇ ਨਵੇਂ ਦੋਸਤ ਬਣਾਉਂਦੇ ਹਨ। ਕਈਆਂ ਨੂੰ ਉਹ ਚੰਗੀ ਤਰ੍ਹਾਂ ਜਾਣਦੇ ਵੀ ਨਹੀਂ ਹੁੰਦੇ ਪਰ ਫਿਰ ਵੀ ਫੇਸਬੁਕ ਜਾਂ ਇੰਸਟਾਗ੍ਰਾਮ ਰਾਹੀਂ ਉਹ ਉਨ੍ਹਾਂ ਦੇ ਕਾਫ਼ੀ ਨਜ਼ਦੀਕ ਆ ਜਾਂਦੇ ਹਨ।

95 ਫ਼ੀਸਦੀ ਨੌਜਵਾਨ ਸੋਸ਼ਲ ਮੀਡੀਆ ਦੀ ਵਰਤੋਂ ਕਰ ਰਹੇ ਹਨ ਕਿਉਂਕਿ ਅੱਜ ਦੇ ਸਮੇਂ ਤਕਨਾਲੋਜੀ ਨੇ ਇਨੀ ਤਰੱਕੀ ਕੀਤੀ ਹੈ ਕਿ ਸੰਚਾਰ ਦੇ ਸਾਧਨ ਬਹੁਤ ਵਿਕਸਤ ਹੋ ਗਏ ਹਨ। ਇਨ੍ਹਾਂ ਰਾਹੀਂ ਅਸੀਂ ਕਿਸੇ ਵੀ ਸਮੇਂ ਆਪਸੀ ਗੱਲਬਾਤ ਕਰ ਸਕਦੇ ਹਾਂ, ਵਿਚਾਰ-ਵਟਾਂਦਰਾ ਕਰ ਸਕਦੇ ਹਾਂ। ਦੇਖਿਆ ਜਾਵੇ ਤਾਂ ਬੇਸ਼ੱਕ ਸੋਸ਼ਲ ਮੀਡੀਆ ਨੌਜਵਾਨਾਂ 'ਤੇ ਬਹੁਤ ਵਧੀਆ ਪ੍ਰਭਾਵ ਪਾ ਰਿਹਾ ਹੈ ਤੇ ਕਈ ਲੋਕ ਇਸ ਰਾਹੀਂ ਰੁਜ਼ਗਾਰ ਦੇ ਮੌਕੇ ਵੀ ਪ੍ਰਾਪਤ ਕਰ ਰਹੇ ਹਨ। ਸਾਡੀ ਭਾਸ਼ਣ ਕਲਾ ਵੀ ਵਿਕਸਤ ਹੋ ਰਹੀ ਹੈ ਤੇ ਅਸੀਂ ਆਪਣੀ ਗੱਲ ਕਿਸੇ ਦੂਸਰੇ ਨੂੰ ਆਸਾਨੀ ਨਾਲ ਕਹਿ ਸਕਦੇ ਹਾਂ। ਕੋਈ ਵੀ ਆਪਣਾ ਵਿਚਾਰ ਦੂਜਿਆਂ ਸਾਹਮਣੇ ਪ੍ਰਗਟ ਕਰ ਸਕਦੇ ਹਾਂ। ਅੱਜ ਇਸ ਤੋਂ ਦੂਰ ਰਹਿਣਾ ਸਾਨੂੰ ਆਪਣੇ ਅਸੰਭਵ ਜਿਹਾ ਜਾਪਦਾ ਹੈ।




ਕਈ ਵਿਦਿਆਰਥੀ ਇਸ ਦੀ ਵਰਤੋਂ ਬਹੁਤ ਜ਼ਿਆਦਾ ਕਰਨ ਕਰਕੇ ਡਿਪਰੈਸ਼ਨ ਦਾ ਸ਼ਿਕਾਰ ਹੋ ਰਹੇ ਹਨ। ਉਹ ਇੱਥੇ ਤਰ੍ਹਾਂ-ਤਰ੍ਹਾਂ ਦੀਆਂ ਵੀਡੀਓਜ਼ ਦੇਖਦੇ ਤੇ ਖ਼ੁਦ ਨੂੰ ਉਨ੍ਹਾਂ ਵਰਗਾ ਬਣਾਉਣ ਦੀ ਸੋਚਣ ਲੱਗਦੇ ਹਨ। ਬਹੁਤ ਸਾਰੇ ਬੱਚੇ ਸੌਣ ਤੋਂ ਪਹਿਲਾਂ ਇਸ ਦੀ ਵਰਤੋਂ ਕਰਦੇ ਹਨ, ਜਿਸ ਕਰਕੇ ਉਹ ਪੂਰੀ ਨੀਂਦ ਵੀ ਨਹੀਂ ਲੈਂਦੇ। ਇਹੀ ਵਜ੍ਹਾ ਹੈ ਕਿ ਉਹ ਕਈ ਬਿਮਾਰੀਆਂ ਦੀ ਗ੍ਰਿਫ਼ਤ 'ਚ ਆ ਰਹੇ ਹਨ। ਸਾਰਾ ਸਮਾਂ ਮੋਬਾਈਲ 'ਤੇ ਲੱਗੇ ਰਹਿਣ ਕਰਕੇ ਉਹ ਕਿਸੇ ਦੂਸਰੇ ਬੰਦੇ ਨਾਲ ਗੱਲ ਕਰਨ ਨੂੰ ਤਿਆਰ ਨਹੀਂ ਹੁੰਦੇ, ਜਿਸ ਕਾਰਨ ਉਹ ਚਿੜਚਿੜਾ ਹੋ ਜਾਂਦਾ ਹੈ। ਇਹੀ ਵਜ੍ਹਾ ਹੈ ਕਿ ਸਾਡੇ ਆਪਸੀ ਰਿਸ਼ਤੇ ਵੀ ਖ਼ਤਮ ਹੋ ਰਹੇ ਹਨ। ਵਿਦਿਆਰਥੀਆਂ ਦੀ ਲਿਖਣ ਦੀ ਯੋਗਤਾ ਘਟਦੀ ਜਾ ਰਹੀ ਹੈ ਕਿਉਂਕਿ ਉਨ੍ਹਾਂ ਨੂੰ ਸਾਰੀ ਜਾਣਕਾਰੀ ਬਣੀ ਬਣਾਈ ਸੋਸ਼ਲ ਮੀਡੀਆ ਤੋਂ ਹੀ ਪ੍ਰਾਪਤ ਹੋ ਜਾਂਦੀ ਹੈ, ਉਹ ਉਸੇ ਨੂੰ ਸੁਣ ਲੈਂਦੇ ਹਨ।

ਇਸ 'ਚ ਕੋਈ ਸ਼ੱਕ ਨਹੀਂ ਕਿ ਇਸ ਦੇ ਹਾਂ-ਪੱਖੀ ਪੱਖ ਵੀ ਹਨ। ਇਸ ਨੂੰ ਵਿਦਿਆਰਥੀ ਆਪਣੀ ਸਿੱਖਿਆ ਲਈ ਵਰਤੋ 'ਚ ਲਿਆ ਸਕਦੇ ਹਨ। ਉਨ੍ਹਾਂ ਵਿਚ ਭਾਸ਼ਣ ਕਲਾ ਵਿਕਸਤ ਹੁੰਦੀ ਹੈ। ਨੌਜਵਾਨਾਂ ਨੂੰ ਆਨਲਾਈਨ ਨੌਕਰੀਆਂ ਮੁਹੱਈਆ ਹੋ ਸਕਦੀਆਂ ਹਨ। ਦੂਜੇ ਪਾਸੇ ਇਕ ਅਧਿਐਨ ਰਾਹੀਂ ਇਹ ਵੀ ਸਿੱਧ ਹੋਇਆ ਕਿ ਇਹ ਇਸ ਨੇ ਨਾਂਹ-ਪੱਖੀ ਪ੍ਰਭਾਵ ਵੀ ਪਾਏ ਹਨ। ਵਿਦਿਆਰਥੀ ਇਸ ਪ੍ਰਤੀ ਬਹੁਤ ਆਕਰਸ਼ਿਤ ਹੋ ਰਹੇ ਹਨ ਤੇ ਸੋਸ਼ਲ ਮੀਡੀਆ ਉਨ੍ਹਾਂ ਦੀ ਆਦਤ ਬਣ ਗਿਆ ਹੈ। ਇਸ ਬਿਨਾਂ ਉਹ ਖ਼ੁਦ ਨੂੰ ਅਧੂਰਾ ਮਹਿਸੂਸ ਕਰਦੇ ਹਨ। ਇਸ ਦੀ ਆਦਤ ਕਾਰਨ ਉਹ ਪੜ੍ਹਾਈ ਤੋਂ ਅਵੇਸਲੇ ਹੋਣ ਲੱਗੇ ਹਨ, ਜੋ ਸੱਚਮੁੱਚ ਸਾਡੇ ਲਈ ਚਿੰਤਾ ਦਾ ਕਾਰਨ ਹੈ।

ਇਸ ਦਾ ਸਿੱਖਿਆ 'ਤੇ ਬੁਰਾ ਪ੍ਰਭਾਵ ਵੀ ਪੈ ਰਿਹਾ ਹੈ। ਸਿੱਖਿਆ ਹਰ ਇਕ ਦੀ ਜ਼ਿੰਦਗੀ ਦਾ ਜ਼ਰੂਰੀ ਹਿੱਸਾ ਹੈ। ਹਰ ਵਿਦਿਆਰਥੀ ਲਈ ਸਭ ਤੋਂ ਪਹਿਲਾਂ ਸਿੱਖਿਆ ਜ਼ਰੂਰੀ ਹੈ, ਜਿਸ ਰਾਹੀਂ ਅਸੀਂ ਜ਼ਿੰਦਗੀ 'ਚ ਅੱਗੇ ਵੱਧ ਸਕਦੇ ਹਾਂ। ਜੇ ਅਸੀਂ ਪੜ੍ਹਾਂਗੇ ਨਹੀਂ, ਤਾਂ ਰੁਜ਼ਗਾਰ ਦੇ ਮੌਕੇ ਨਹੀਂ ਮਿਲਣਗੇ ਤੇ ਅਸੀਂ ਜ਼ਿੰਦਗੀ ਵਿਚ ਪਿੱਛੇ ਰਹਿ ਜਾਵਾਂਗੇ। ਤਕਨਾਲੋਜੀ ਸਾਡੀਆਂ ਸਹੂਲਤਾਂ ਲਈ ਵਿਕਸਤ ਹੋਈ ਹੈ ਪਰ ਇਸ ਦੀ ਜ਼ਰੂਰਤ ਤੋਂ ਵੱਧ ਆਦਤ ਖ਼ਤਰਨਾਕ ਵੀ ਹੋ ਸਕਦੀ ਹੈ। ਫੇਸਬੁੱਕ-ਇੰਸਟਾਗ੍ਰਾਮ ਤੋਂ ਅੱਜ ਦੇ ਵਿਦਿਆਰਥੀ ਜ਼ਿਆਦਾ ਪ੍ਰਭਾਵਿਤ ਹੋ ਰਹੇ ਹਨ।

ਬੱਚਿਆਂ ਦੀ ਸਿਹਤ 'ਤੇ ਇਸ ਦਾ ਬੁਰਾ ਅਸਰ ਪੈਂਦਾ ਹ। ਉਹ ਸਮੇਂ ਸਿਰ ਖਾਣਾ ਨਹੀਂ ਖਾਂਦੇ। ਕਈ-ਕਈ ਘੰਟੇ ਇਸੇ 'ਤੇ ਰੁੱਝੇ ਰਹਿੰਦੇ ਹਨ। ਸਮੇਂ ਸਿਰ ਖਾਣਾ ਨਾ ਖਾਣ ਕਰਕੇ ਉਹ ਸੁਸਤ ਹੋ ਜਾਂਦੇ ਹਨ। ਉਨ੍ਹਾਂ ਦੀ ਸਰੀਰਕ ਕਿਰਿਆ ਘਟ ਰਹੀ ਹੈ। ਆਖ਼ਰ ਇਹੀ ਕਹਿ ਸਕਦੇ ਹਾਂ ਕਿ ਸੋਸ਼ਲ ਮੀਡੀਆ ਬਿਨਾਂ ਸ਼ੱਕ ਨੌਜਵਾਨਾਂ ਲਈ ਬਹੁਤ ਵਧੀਆ ਸਾਧਨ ਹੈ, ਜੇ ਜ਼ਰੂਰਤ ਲਈ ਹੀ ਇਸ ਦੀ ਵਰਤੋਂ ਕੀਤੀ ਜਾਵੇ। ਇਸ 'ਤੇ ਇੰਨੀ ਨਿਰਭਰਤਾ ਨਹੀਂ ਹੋਣੀ ਚਾਹੀਦੀ ਕਿ ਅਸੀਂ ਇਸ ਦੀ ਗ੍ਰਿਫ਼ਤ 'ਚ ਆ ਜਾਈਏ ਤੇ ਖ਼ੁਦ ਮਿਹਨਤ ਕਰਨ ਦੀ ਕੋਸ਼ਿਸ਼ ਨਾ ਕਰੀਏ। ਇਸ ਲਈ ਇਸ ਦੀ ਵਰਤੋ ਜ਼ਰੂਰ ਕਰੋ ਪਰ ਇਸ ਨੂੰ ਖ਼ੁਦ 'ਤੇ ਹਾਵੀ ਨਾ ਹੋਣ ਦਿਓ।

# ਬੱਚੇ ਨੂੰ ਮਾਂ ਬੋਲੀ ਨਾਲ ਜੋੜਨਾ ਕਿਉਂ ਜ਼ਰੂਰੀ?

ਦਵਿੰਦਰ ਕੌਰ ਖੁਸ਼ ਧਾਲੀਵਾਲ



ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਤੇਜ਼ ਦਿਮਾਗ਼ ਅਤੇ ਸਰਵਪੱਖੀ ਸ਼ਖ਼ਸੀਅਤ ਦੇ ਮਾਲਕ ਬਣਨ ਤਾਂ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਮਾਂ ਬੋਲੀ ਚੰਗੇ ਢੰਗ ਨਾਲ ਸਿਖਾਓ। ਉਨ੍ਹਾਂ ਦਾ ਸ਼ਬਦ ਭੰਡਾਰ ਅਮੀਰ ਕਰਨ ਲਈ ਸੁਚੇਤ ਕੋਸ਼ਿਸ਼ਾਂ ਕਰੋ। ਬੱਚੇ ਇਸ ਦੁਨਿਆਵੀ ਪਸਾਰੇ ਨੂੰ ਸਮਝਣ ਅਤੇ ਇਸ ਵਿਚਲੀਆਂ ਚੀਜ਼ਾਂ ਬਾਰੇ ਜਾਣਕਾਰੀ ਤੋਂ ਵਿਹੂਣੇ ਹੁੰਦੇ ਹਨ। ਕੁਝ ਸਮਾਂ ਪਹਿਲਾਂ ਹੀ ਤਾਂ ਉਹ ਇਸ ਸੰਸਾਰ 'ਚ ਆਏ ਹਨ, ਇਨ੍ਹਾਂ ਨਵੇਂ ਮਨੁੱਖਾਂ ਨੂੰ ਇਸ ਅਨੰਤ ਵਿਸਥਾਰ ਬਾਰੇ ਜਾਣਨ ਲਈ ਬਾਲਗਾਂ ਵੱਲੋਂ ਮਦਦ ਦੀ ਲੋੜ ਹੁੰਦੀ ਹੈ। ਜੇ ਅਸੀਂ ਬੱਚੇ ਨੂੰ ਵੱਖੋ-ਵੱਖਰੇ ਜਜ਼ਬਾਤਾਂ ਅਤੇ ਭਾਵਨਾਵਾਂ ਦਾ ਪ੍ਰਗਟਾਵਾ ਕਰਨ, ਵੱਖੋ-ਵੱਖਰੀਆਂ ਚੀਜ਼ਾਂ, ਪ੍ਰਜਾਤੀਆਂ ਅਤੇ ਸਮੁੱਚੇ ਜਗਤ ਪਸਾਰੇ ਨੂੰ ਸਮਝਣ ਲਈ ਸ਼ਬਦਾਂ ਤੋਂ ਜਾਣੂ ਨਹੀਂ ਕਰਵਾਉਂਦੇਤਾਂ ਅਸੀਂ ਮਨੁੱਖਤਾ ਦੀ ਨਵੀਂ ਪੀੜ੍ਹੀ ਨਾਲ ਬੇਇਮਾਨੀ ਕਰ ਰਹੇ ਹਾਂ।

ਜ਼ਰਾ ਸੋਚੋ! ਜੇ ਸਾਡੇ ਕੋਲ ਆਪਣੇ ਮਨ ਦੀ ਕੋਈ ਗੱਲ ਕਹਿਣ ਲਈ ਸਹੀ ਸ਼ਬਦ ਨਾ ਹੋਣ ਤਾਂ ਅਸੀਂ ਕਿੰਨੀ ਔਖ ਮਹਿਸੂਸ ਕਰਦੇ ਹਾਂ, ਤਾਂ ਉਹ ਨਵੇਂ ਮਨੁੱਖ ਤਾਂ ਹੋਰ ਵੱਧ ਔਖ ਝੱਲਦੇ ਹੋਣਗੇ ਕਿਉਂਕਿ ਬਚਪਨ ਹੀ ਉਹ ਸਮਾਂ ਹੁੰਦਾ ਹੈ ਜਦੋਂ ਸਿੱਖਣ ਦੀ ਪ੍ਰਕਿਰਿਆ ਬਹੁਤ ਤੀਬਰ ਹੁੰਦੀ ਹੈ, ਸ਼ਬਦਾਂ ਤੋਂ ਵਿਹੂਣਾ ਬਚਪਨ ਬੱਚੇ ਦੇ ਬੌਧਿਕ ਵਿਕਾਸ ਨੂੰ ਮੱਠਾ ਕਰ ਦਿੰਦਾ ਹੈ। ਦੁਨੀਆ ਭਰ 'ਚ ਹੋਏ ਤਜਰਬੇ ਦੱਸਦੇ ਹਨ ਕਿ ਜੋ ਬੱਚੇ ਆਪਣੀ ਮਾਂ ਬੋਲੀ 'ਚ ਮੁਹਾਰਤ ਹਾਸਲ ਕਰਦੇ ਹਨ ਉਨ੍ਹਾਂ ਲਈ ਕੋਈ ਹੋਰ ਭਾਸ਼ਾ ਸਿੱਖਣਾ ਜਾਂ ਕਿਸੇ ਵੀ ਹੋਰ ਵਿਸ਼ੇ 'ਚ ਮੁਹਾਰਤ ਹਾਸਲ ਕਰਨਾ ਸੌਖਾ ਹੋ ਜਾਂਦਾ ਹੈ।

ਬੱਚੇ ਦੇ ਵਿਕਾਸ ਵਿੱਚ ਹੈਰਾਨੀਜਨਕ ਤਬਦੀਲੀ ਉਦੋਂ ਸੰਭਵ ਹੁੰਦੀ ਹੈ ਜਦੋਂ ਉਹ ਸ਼ਬਦ ਸਿੱਖਦਾ ਹੈ। ਮੰਨ ਲਓ ਬੱਚਾ ਕਿਲਕਾਰੀਆਂ ਮਾਰਦਾ ਹੈ, ਬੁਲਬੁਲੇ ਛੱਡਦਾ ਹੈ, ਭਾਂਤ-ਸੁਭਾਂਤੇ ਰੌਲੇ ਪਾਉਂਦਾ ਹੈ ਅਤੇ ਫੇਰ ਅਚਾਨਕ ਉਸ ਦੀਆਂ ਚੀਕਾਂ ਅਰਥ ਭਰਪੂਰ ਹੋ ਜਾਂਦੀਆਂ ਹਨ। ਹੁਣ ਬੱਚਾ ਉਨ੍ਹਾਂ ਆਵਾਜ਼ਾਂ ਨੂੰ ਦੂਜਿਆਂ ਨਾਲ ਰਾਬਤਾ ਕਰਨ ਲਈ ਵਰਤਣ ਦੀ ਕੋਸ਼ਿਸ਼ ਕਰਦਾ ਹੈ। ਕੁਝ ਸਮਾਂ ਪਿੱਛੋਂ ਉਹ ਅੰਤਾਂ ਦੀ ਮਹੱਤਵਪੂਰਨ ਗੱਲ ਸਮਝਣ ਲੱਗਦਾ ਹੈ ਕਿ ਹਰ ਚੀਜ਼ ਦਾ ਆਪਣਾ ਨਾਂ ਹੁੰਦਾ ਹੈ। ਇਹ ਮਹੱਤਵਪੂਰਨ ਪਲ ਨਾ ਸਿਰਫ਼ ਸ਼ਬਦ ਨੂੰ ਨਿਸ਼ਾਨ ਵਜੋਂ ਸਮਝਣ 'ਚ ਅਗਵਾਈ ਕਰਦਾ ਹੈ, ਸਗੋਂ ਭਾਵ ਵਜੋਂ ਵੀ ਉਸ ਦੀ ਸੋਚਣੀ ਨੂੰ ਤਿੱਖਾ ਕਰਦਾ ਹੈ।

ਭਾਸ਼ਾ ਦੇ ਵਿਕਾਸ ਦਾ ਅਧਿਐਨ ਕਰਨ ਵਾਲੇ ਮਾਹਰਾਂ ਅਨੁਸਾਰ ਬੱਚੇ ਉਦੋਂ ਬਹੁਤ ਚੌਕੰਨੇ ਤੇ ਚੌਕਸ ਹੁੰਦੇ ਹਨ ਜਦੋਂ ਉਹ ਬੋਲਚਾਲ ਕਰਨੀ ਸਿੱਖਦੇ ਹਨ। ਜ਼ਿੰਦਗੀ ਦੇ ਪਹਿਲੇ ਮਹੀਨਿਆਂ ਤੇ ਸਾਲਾਂ ਵਿੱਚ ਭਾਸ਼ਾ 'ਤੇ ਪਕੜ ਭਾਵ ਖ਼ਾਸ ਆਦਰਸ਼ਕ ਰੂਪ ਦੀ ਮੁਹਾਰਤ ਪ੍ਰਮੁੱਖ ਮਹੱਤਤਾ ਵਾਲੀ ਗੱਲ ਹੈ ਕਿਉਂ ਜੋ ਪਹਿਲਾਂ ਸ਼ਬਦ ਹੀ ਬੱਚੇ ਦੀ ਮਦਦ ਕਰਦੇ ਹਨ। ਉਹ ਵੱਖ ਵੱਖ ਵਸਤਾਂ ਦੇ ਕਿਰਿਆਸ਼ੀਲ ਮੰਤਵ ਨੂੰ ਨਿਖੇੜਨ ਵਿੱਚ ਵੀ ਉਸ ਦੇ ਸਹਾਈ ਹੁੰਦੇ ਹਨ। ਬੱਚੇ ਦੇ ਜੀਵਨ ਦੇ ਮੁੱਢਲੇ ਮਹੀਨਿਆਂ ਤੇ ਸਾਲਾਂ ਦੌਰਾਨ ਉਸ ਦਾ ਬੌਧਿਕ ਵਿਕਾਸ, ਉਹ ਢੰਗ ਜਿਸ ਨਾਲ ਉਸ ਦੀ ਬੌਧਿਕ ਸੂਝ ਪੈਦਾ ਹੁੰਦੀ ਹੈ ਅਤੇ ਉਸ ਦੀ ਨਿੱਜੀ ਯਾਦਦਾਸ਼ਤ ਹੋਂਦ ਵਿੱਚ ਆਉਂਦੀ ਹੈ। ਉਹ ਨੁਕਤਾ ਜਿੱਥੋਂ ਕਿ ਉਹ ਆਪੇ ਬਾਰੇ ਯਾਦਦਾਸ਼ਤਾਂ ਰੱਖਣੀਆਂ ਸ਼ੁਰੂ ਕਰਦਾ ਹੈ, ਇਨ੍ਹਾਂ ਸਭਨਾਂ ਦਾ ਅੰਦਰੂਨੀ ਰੂਪ 'ਚ ਭਾਸ਼ਾ ਨਾਲ ਸਬੰਧ ਹੈ। ਬੱਚੇ ਲਈ ਇੱਕ ਵਿਸ਼ੇ ਵਜੋਂ ਭਾਸ਼ਾ ਦਾ ਵਰਨਣ ਤੇ ਪੇਸ਼ਕਾਰੀ ਲਈ ਖ਼ਾਸ ਕਿਸਮ ਦੀਆਂ ਸਰਗਰਮੀਆਂ ਭਾਲੀਆਂ ਜਾਣੀਆਂ ਚਾਹੀਦੀਆਂ ਹਨ ਜੋ ਬੱਚੇ ਨੂੰ ਇਸ ਯੋਗ ਬਣਾਉਣ ਕਿ ਉਹ ਭਾਸ਼ਾ ਦੇ ਲੱਛਣਾ ਦੀ ਭਾਲ ਕਰਨੀ ਅਰੰਭ ਕਰ ਸਕੇ ਜੋ ਕਿ ਗੱਲਬਾਤ ਦੀ ਤਜਰਬੇ-ਸਿੱਧ ਮਸ਼ਕ 'ਚ ਅਣਗੌਲੇ ਰਹਿ ਜਾਂਦੇ ਹਨ।

ਭਾਸ਼ਾ ਜਾਂ ਸ਼ਬਦਾਂ ਦਾ ਮਤਲਬ ਸਿਰਫ਼ ਕਿਸੇ ਸ਼ਬਦ ਜਾਂ ਵਸਤੂ ਤੋਂ ਰੁਬਰੂ ਕਰਵਾਉਣਾ ਹੀ ਨਹੀਂ ਹੁੰਦਾ ਸਗੋਂ ਇਸ ਦਾ ਸਬੰਧ ਚੇਤਨਾ ਨਾਲ ਹੁੰਦਾ ਹੈ। ਜੇਕਰ ਭਾਸ਼ਾ ਸਿਰਫ਼ ਸ਼ਾਬਦਿਕ ਅਰਥਾਂ ਤੱਕ ਸੀਮਤ ਹੋਵੇ ਤਾਂ ਇਹ ਸੱਖਣੀ ਹੈ। ਸ਼ਬਦ ਨਾ ਸਿਰਫ਼ ਇੱਕ ਮੰਤਵ ਪ੍ਰਗਟ ਕਰਦਾ ਹੈ ਸਗੋਂ ਕੁਝ ਸੀਮਾਵਾਂ ਅੰਦਰ ਇਹ ਵੀ ਪ੍ਰਤੀਬਿੰਬਤ ਕਰਦਾ ਹੈ ਕਿ ਇਸ ਮੰਤਵ ਨੂੰ ਲੋਕ ਕਿਵੇਂ ਸਮਝਦੇ ਤੇ ਚਿਤਵਦੇ ਹਨ। ਸ਼ਬਦਾਂ ਦੇ ਦੋ ਪੱਖ ਹੁੰਦੇ ਹਨ, ਇੱਕ ਦਾ ਸਬੰਧ ਬਾਹਰੀ ਸੰਸਾਰ ਨਾਲ ਹੁੰਦਾ ਹੈ ਤੇ ਦੂਜੇ ਦਾ ਇਨ੍ਹਾਂ ਨੂੰ ਸਮਝਣ ਵਾਲੇ ਬੰਦੇ ਨਾਲ। ਬੌਧਿਕ ਵਿਕਾਸ ਦਾ ਤੈਅ ਕੀਤੇ ਜਾਣਾ ਇਨ੍ਹਾਂ ਦੋਹਾਂ ਪੱਖਾਂ ਦੀ ਮੁਹਾਰਤ ਤੋਂ ਨਿਸ਼ਚਿਤ ਹੁੰਦਾ ਹੈ। ਉਦਾਹਰਨ ਵਜੋਂ ਪਹਾੜ ਬਾਰੇ ਕਵਿਤਾ ਲਿਖਣ ਨੂੰ ਲੈਂਦੇ ਹਾਂ। ਉਂਝ ਸ਼ਬਦਕੋਸ਼ ਅਨੁਸਾਰ ਪਹਾੜ ਦਾ ਅਰਥ ਹੈ- ਧਰਤੀ ਦੇ ਤਲ ਦਾ ਕੁਦਰਤੀ ਉਭਾਰ, ਜਿਸ ਦਾ ਬਹੁਤ ਵੱਡਾ ਆਕਾਰ ਹੋਵੇ ਅਤੇ ਆਮ ਤੌਰ 'ਤੇ ਢਲਵੇਂ ਪਾਸੇ ਹੋਣ, ਇਹ ਪਹਾੜੀਆਂ ਤੋਂ ਵੱਧ ਉੱਚਾਈ ਵਾਲਾ ਹੋਵੇ। ਪਰ ਕਵਿਤਾ ਦੇ ਅਰਥਾਂ 'ਚ ਪਹਾੜ ਇੱਕ ਬਿਪਤਾ, ਇੱਕ ਬੋਝ ਹੈ, ਜਿਨ੍ਹਾਂ ਅਰਥਾਂ 'ਚ ਲੇਖਕ ਇਸ ਸ਼ਬਦ ਦੀ ਵਰਤੋਂ ਕਰਦਾ ਹੈ। ਆਪਾਂ ਆਮ ਬੋਲੀ 'ਚ ਕਹਿ ਦਿੰਦੇ ਹਾਂ ਕਿ ਉਸ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ, ਪਹਾੜ ਵਰਗੀ ਜ਼ਿੰਦਗੀ ਕੱਟਣੀ ਔਖੀ ਹੈ, ਪਹਾੜ ਜਿੱਡੀ ਰਾਤ ਮਸਾਂ ਲੰਘੀ ਆਦਿ। ਜੇਕਰ ਬੱਚਾ ਪਹਾੜ ਦਾ ਅਰਥ ਸਿਰਫ਼ ਧਰਤੀ ਦਾ ਇੱਕ ਟੁਕੜਾ ਹੀ ਸਮਝੇ ਤਾਂ ਇਸ ਦਾ ਅਰਥ ਹੈ ਉਸ ਦੀ ਚੇਤਨਾ ਦੇ ਵਿਕਾਸ 'ਚ ਰੁਕਾਵਟ ਹੈ।

ਅੱਜ ਕੱਲ੍ਹ ਸਾਡੇ ਆਲੇ-ਦੁਆਲੇ ਇੱਕ ਆਮ ਵਰਤਾਰਾ ਹੈ: ਹੱਥ ਧੋ ਲੈ- ਹੈਂਡ ਵਾਸ਼ ਕਰ ਲੋ, ਮੂੰਹ ਪੂੰਝ ਲੈ- ਫੇਸ ਕਲੀਨ ਕਰ ਲੋ, ਤਿਆਰ ਹੋ ਜਾਓ- ਰੈਡੀ ਹੋ ਜਾਈਏ, ਇਸ ਤਰ੍ਹਾਂ ਦਾ ਭਾਸ਼ਾਈ ਮਿਲਗੋਭਾ ਬੱਚੇ ਦੇ ਬੌਧਿਕ ਵਿਕਾਸ 'ਚ ਰੁਕਾਵਟ ਪਾਉਂਦਾ ਹੈ। ਉਸ ਦੀ ਨਾ ਤਾਂ ਆਪਣੀ ਭਾਸ਼ਾ 'ਤੇ ਪਕੜ ਬਣਦੀ ਹੈ ਤੇ ਨਾ ਹੀ ਦੂਜੀ ਭਾਸ਼ਾ ਸਿੱਖ ਸਕਦਾ ਹੈ। ਉਹ ਕਵਿਤਾਵਾਂ, ਕਹਾਣੀਆਂ ਨਹੀਂ ਸਮਝ ਸਕਦਾ, ਉਹ ਕਲਪਨਾਵਾਂ ਨਹੀਂ ਕਰ ਸਕਦਾ, ਉਹ ਆਮ ਗੱਲਬਾਤ 'ਚ ਵਰਤੇ ਜਾਂਦੇ ਬਿੰਬਾਂ ਤੋਂ ਅਣਜਾਣ ਰਹਿ ਜਾਂਦਾ ਹੈ। ਇਹ ਸਭ ਕੁਝ ਬੇਗਾਨੀ ਭਾਸ਼ਾ ਥੋਪਣ ਕਰਕੇ ਹੁੰਦਾ ਹੈ। ਅਸੀਂ ਅਕਸਰ ਦੇਖਦੇ ਹਾਂ ਕਿ ਅੰਗਰੇਜ਼ੀ ਮਾਧਿਅਮ ਸਕੂਲਾਂ 'ਚ ਪੜ੍ਹੇ ਵਿਦਿਆਰਥੀ ਕਈ ਵਾਰ ਆਮ ਜਿਹੇ ਮਜ਼ਾਕਾਂ ਨੂੰ ਵੀ ਨਹੀਂ ਸਮਝ ਸਕਦੇ ਜਾਂ ਕਈ ਵਾਰ ਆਪਣੇ ਜਜ਼ਬੇ ਪ੍ਰਗਟਾਉਣ ਲਈ ਸ਼ਬਦਾਂ ਦੀ ਥੁੜ੍ਹ ਮਹਿਸੂਸ ਕਰਦੇ ਹਨ ਕਿਉਂਕਿ ਉਨ੍ਹਾਂ ਦਾ ਸ਼ਬਦ ਭੰਡਾਰ ਸੁੰਗੜ ਕੇ ਰਹਿ ਗਿਆ। ਇਹ ਬੱਚੇ ਨਾਲ ਧੱਕਾ ਹੈ।

ਇਹ ਸਾਫ਼ ਹੋਣਾ ਚਾਹੀਦਾ ਹੈ ਕਿ ਨਾ ਸਮਝ ਆਉਣ ਵਾਲੀ ਸਿੱਖਿਆ ਅਨੈਤਿਕ ਹੈ। ਬੱਚੇ ਸਭ ਤੋਂ ਵਧੀਆ ਉਦੋਂ ਸਿੱਖਦੇ ਹਨ ਜਦੋਂ ਉਨ੍ਹਾਂ ਨੂੰ ਮਾਂ-ਬੋਲੀ 'ਚ ਪੜ੍ਹਾਇਆ ਜਾਂਦਾ ਹੈ, ਖ਼ਾਸ ਤੌਰ 'ਤੇ ਜੀਵਨ ਦੇ ਸ਼ੁਰੂਆਤੀ ਸਾਲਾਂ 'ਚ। ਭਾਸ਼ਾ ਵਿਗਿਆਨੀਆਂ ਨੇ ਖੋਜਾਂ ਕਰਕੇ ਇਹ ਸਾਬਤ ਕਰ ਦਿੱਤਾ ਹੈ ਕਿ ਆਪਣੀ ਮਾਂ-ਬੋਲੀ ਤੇ ਚੰਗੀ ਪਕੜ ਵਾਲਾ ਵਿਅਕਤੀ ਹੋਰ ਕਿਸੇ ਵੀ ਭਾਸ਼ਾ ਜਾਂ ਵਿਸ਼ੇ ਨੂੰ ਬਹੁਤ ਸੌਖੇ ਤਰੀਕੇ ਨਾਲ ਸਿੱਖ ਸਕਦਾ ਹੈ। ਇਸ ਸਬੰਧੀ ਭਾਸ਼ਾ ਵਿਗਿਆਨੀਆਂ ਦੀਆਂ ਲਿਖਤਾਂ ਤੇ ਖੋਜ ਪੱਤਰ ਪੜ੍ਹੇ ਜਾ ਸਕਦੇ ਹਨ। ਇਸ ਲਈ ਮਾਪਿਆਂ ਤੇ ਅਧਿਆਪਕਾਂ ਨੂੰ ਫ਼ਿਕਰਮੰਦ ਹੋਣ ਦੀ ਲੋੜ ਨਹੀਂ ਕਿ ਬਚਪਨ ਤੋਂ ਹੀ ਦੂਜੀ ਭਾਸ਼ਾ ਨਾ ਸਿਖਾਈ ਤਾਂ ਬੱਚਾ ਕਦੇ ਨਹੀਂ ਸਿੱਖ ਸਕਦਾ। ਸਗੋਂ ਜੇਕਰ ਤੁਸੀਂ ਬੱਚੇ ਨੂੰ ਉਸ ਦੀ ਮਾਤ-ਭਾਸ਼ਾ ਸਹੀ ਢੰਗ ਨਾਲ ਸਿਖਾਉਂਦੇਹੋ ਤਾਂ ਉਹ ਇੱਕ ਦੋ ਹੀ ਨਹੀਂ ਸਗੋਂ ਦੁਨੀਆ ਦੀ ਕੋਈ ਵੀ ਭਾਸ਼ਾ ਬੜੀ ਸਹਿਜਤਾ ਨਾਲ ਸਿੱਖ ਸਕੇਗਾ ਅਤੇ ਆਪਣੇ ਕੰਮ ਖੇਤਰ 'ਚ ਬੁਲੰਦੀਆਂ ਛੂਹੇਗਾ। ਕਿਉਂਕਿ ਭਾਸ਼ਾ ਸੋਚਣ ਪ੍ਰਕਿਰਿਆ ਦਾ ਅਹਿਮ ਸੰਦ ਹੈ, ਸਿਰਫ਼ ਇਹੀ ਸਾਨੂੰ ਕਲਪਨਾਮਈ ਸੰਸਾਰ 'ਚ ਲੈ ਕੇ ਜਾ ਸਕਦੀ ਹੈ ਜਿੱਥੇ ਕੁਝ ਨਵਾਂ ਅਤੇ ਉਪਯੋਗੀ ਸੋਚਿਆ ਜਾ ਸਕੇ। ਆਖਰ ਵਾਰ-ਵਾਰ ਜ਼ੋਰ ਦੇ ਕੇ ਕਹਿਣਾ ਚਾਹਾਂਗੀ ਕਿ ਨਾ ਸਿਰਫ਼ ਮਾਪਿਆਂ ਤੇ ਅਧਿਆਪਕਾਂ ਸਗੋਂ ਸਾਰੇ ਬਾਲਗਾਂ ਦਾ ਫਰਜ਼ ਬਣਦਾ ਹੈ ਕਿ ਭਵਿੱਖ ਦੇ ਮਨੁੱਖਾਂ ਦੀ ਜ਼ੁਬਾਨਬੰਦੀ ਦੀ ਸਖ਼ਤ ਖਿਲਾਫਤ ਕਰਨ ਅਤੇ ਇਸ ਨਵੀਂ ਪਨੀਰੀ ਨੂੰ ਆਪਣੀ ਮਾਂ-ਬੋਲੀ ਦੇ ਸੋਹਣੇ-ਸੋਹਣੇ ਸ਼ਬਦਾਂ ਦੀ ਖਾਦ ਪਾਉਣ ਤਾਂ ਕਿ ਇਨ੍ਹਾਂ ਦਾ ਤੰਦਰੁਸਤ ਮਾਨਸਿਕ ਵਿਕਾਸ ਹੋ ਸਕੇ।

# ਸਮਾਜ ਦੀ ਰੂਹ ਹਨ ਰਿਸ਼ਤੇ ਨਾਤੇ

## ਈਰਖਾ ਨੇ ਵਿਸ਼ਵਾਸ ਨੂੰ ਨਿਗਲ ਲਿਆ ਹੈ ਅੱਜ ਦੇ ਪਦਾਰਥਵਾਦੀ ਯੁੱਗ ਵਿੱਚ

ਸੁਖਪਾਲ ਸਿੰਘ ਗਿੱਲ



ਲੋਕਾਂ ਦਾ ਸਮੂਹ ਜੋ ਇੱਕੋ ਤਰ੍ਹਾਂ ਦੇ ਤੌਰ ਤਰੀਕਿਆਂ ਵਿੱਚ ਜਿਊਂਦਾ ਹੈ ਉਸੇ ਨੂੰ ਸਮਾਜ ਕਿਹਾ ਜਾਂਦਾ ਹੈ। ਰਿਸ਼ਤੇ ਨਾਤੇ ਸਮਾਜ ਦੀ ਰੂਹ ਹਨ, ਇਸ ਲਈ ਇਨ੍ਹਾਂ ਨੂੰ ਨਿਭਾਉਣ ਲਈ ਸਾਡੇ ਬਜ਼ੁਰਗਾਂ ਵੱਲੋਂ ਨੈਤਿਕ ਨਿਯਮਾਂਵਲੀ ਨਿਰਧਾਰਤ ਕੀਤੀ ਹੋਈ ਸੀ। ਇਸ ਦੀ ਬੁਨਿਆਦ ਅਪਣੱਤ, ਆਪਣਾਪਣ ਅਤੇ ਵਿਸ਼ਵਾਸ ਸੀ। ਜਿਉਂ-ਜਿਉਂ ਸਮਾਜ ਨੇ ਤਰੱਕੀ ਕੀਤੀ ਤਾਂ ਬਜ਼ੁਰਗਾਂ ਦੇ ਨਿਯਮਾਂ ਅਤੇ ਕਦਰਾਂ ਕੀਮਤਾਂ ਨੂੰ ਕਾਨੂੰਨੀ ਰੂਪ ਮਿਲਦਾ ਰਿਹਾ। ਸਾਡੇ ਬਜ਼ੁਰਗ ਸੱਚੇ ਅਤੇ ਭੋਲੇ-ਭਾਲੇ ਹੁੰਦੇ ਸਨ। ਸਤ, ਸਬਰ ਅਤੇ ਸੰਤੋਖ ਦਾ ਬੰਨ੍ਹ ਬਜ਼ੁਰਗ ਟੁੱਟਣ ਨਹੀਂ ਦਿੰਦੇ ਸਨ। ਇਸ ਲਈ ਆਪ ਤੋਂ ਵੱਡੇ ਦਾ ਸਤਿਕਾਰ ਜੀਵਨ ਦਾ ਹਿੱਸਾ ਸੀ। ਰਿਸ਼ਤੇ-ਨਾਤੇ ਹੱਡ ਭੰਨਵੀਂ ਮਿਹਨਤ ਅਤੇ ਲੰਬੇ ਸਫ਼ਰ ਤੋਂ ਬਾਅਦ ਬਣਦੇ ਹਨ, ਇਸ ਲਈ ਇਨ੍ਹਾਂ ਨੂੰ ਬਚਾਉਣ ਲਈ ਅਪਣੱਤ ਅਤੇ ਵਿਸ਼ਵਾਸ ਸਮਾਜ ਦੇ ਕਾਨੂੰਨ ਸਮਝੇ ਜਾਂਦੇ ਸਨ।

ਵਿਸ਼ਵਾਸ ਮਨੁੱਖੀ ਮਨ ਦੀ ਅਜਿਹੀ ਕੁੰਜੀ ਹੈ ਕਿ ਬੰਦਾ ਬਿਨਾਂ ਕਿਸੇ ਸਬੂਤ ਦੇ ਸਾਹਮਣੇ ਵਾਲੇ ਦੀ ਸ਼ਬਦਾਬਲੀ ਅਤੇ ਤੱਥਾਂ ਨੂੰ ਸਹੀ ਠਹਿਰਾ ਦਿੰਦਾ ਹੈ। ਵਿਸ਼ਵਾਸ ਦੀ ਪਰਿਭਾਸ਼ਾ ਵੀ ਸ਼ਾਇਦ ਉਦੋਂ ਹੀ ਘੜੀ ਗਈ ਹੋਵੇਗੀ ਜਦੋਂ ਸਬੂਤ ਬਿਨਾਂ ਹੀ ਸਭ ਸੱਚ ਹੁੰਦਾ ਸੀ ਅਤੇ ਸਭ ਸੱਚ ਮੰਨਦੇ ਸਨ। ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਈਰਖਾ ਨੇ ਵਿਸ਼ਵਾਸ ਨੂੰ ਨਿਗਲ ਲਿਆ ਹੈ। ਨਿੱਜੀ ਮੁਫਾਦ ਅਤੇ ਟੁੱਟ ਚੁੱਕੀ ਮਾਨਵ ਪ੍ਰਵਿਰਤੀ ਨੇ ਵਿਸ਼ਵਾਸ ਦਾ ਵਿਰੋਧੀ ਰੂਪ ਅਵਿਸ਼ਵਾਸ ਪੈਦਾ ਕੀਤਾ। ਠੀਕ ਹੈ ਕਿ ਸਕਾਰਾਤਮਕ ਰੂਪ ਦੇ ਨਾਲ ਨਕਾਰਾਤਮਕ ਰੂਪ ਵੀ ਜੁੜ ਗਏ। ਝੂਠ, ਫਰੇਬ ਅਤੇ ਦਵੈਤ ਨੇ ਸੱਚ ਉੱਤੇ ਪਰਦਾ ਪਾ ਦਿੱਤਾ ਹੈ। ਇਹ ਵੀ ਠੀਕ ਹੈ ਕਿ ਵਿਸ਼ਵਾਸ ਦੀਆਂ ਕਿਸਮਾਂ ਵੀ ਵੱਖ-ਵੱਖ ਹਨ। ਸਮਾਜ ਨੂੰ ਸਦਾਚਾਰ ਲੀਹਾਂ ਉੱਤੇ ਤੋਰਨ ਲਈ ਵਿਸ਼ਵਾਸ ਜ਼ਰੂਰੀ ਹੈ ਪਰ ਅੰਧਵਿਸ਼ਵਾਸ ਉੱਤੇ ਵਿਸ਼ਵਾਸ ਕਰਨਾ ਗ਼ਲਤ ਹੈ। ਸਮਾਜਿਕ ਖੁਸ਼ਹਾਲੀ ਅਤੇ ਚੇਤਨਾਂ ਲਈ ਆਤਮਵਿਸ਼ਵਾਸ ਪੈਦਾ ਹੋਣਾ ਜ਼ਰੂਰੀ ਹੈ। ਇਸ ਨਾਲ ਵਿਸ਼ਵਾਸ ਦੀ ਜੜ ਲੰਬੇਰੀ ਅਤੇ ਪਕੇਰੀ ਹੁੰਦੀ ਹੈ। ਦੂਈ ਦੀ ਭਾਵਨਾ ਵਿਸ਼ਵਾਸ ਨੂੰ ਖਾ ਜਾਂਦੀ ਹੈ। ਪਰਿਵਾਰ ਲਈ ਵਿਸ਼ਵਾਸ ਸੌ ਤਾਲਿਆਂ ਦੀ ਇੱਕ ਚਾਬੀ ਹੈ। ਅਵਿਸ਼ਵਾਸ ਪੈਦਾ ਹੋਣਾ ਨੀਚਤਾ ਹੈ। ਇੱਕ ਵਾਰ ਪੈਦਾ ਹੋਇਆ ਅਵਿਸ਼ਵਾਸ ਲੱਖ ਵਾਰ ਨੱਕ ਰਗੜ ਕੇ ਵੀ ਮਿਟਦਾ ਨਹੀਂ। ਸਾਂਝੇ ਪਰਿਵਾਰਾਂ ਦਾ ਖ਼ਾਤਮਾ ਵਿਸ਼ਵਾਸ ਅਤੇ ਅਪਣੱਤ ਦੀ ਬੇਹੁਰਮਤੀ ਵਿੱਚੋਂ ਉੱਪਜਿਆ। ਹੁਣ ਭਾਵੇਂ ਇਸ ਨੂੰ ਸਮੇਂ ਦੀ ਤਰੱਕੀ ਕਹੀ ਜਾਂਦੇ ਹਨ। ਵਿਸ਼ਵਾਸ ਅਤੇ ਅਪਣੱਤ ਸਮਾਜ ਦੇ ਅਧੀਨ ਹੋਣ ਨਾ ਕਿ ਸਮਾਜ ਇਨ੍ਹਾਂ ਦੇ ਅਧੀਨ ਹੋਵੇ।

ਅਪਣੱਤ ਬਾਰੇ ਸਾਡੇ ਬਜ਼ੁਰਗਾਂ ਦੀ ਪਹਿਲੀ ਸਿੱਖਿਆ ਇਹ ਮਿਲਦੀ ਸੀ 'ਪੁੱਤ ਆਪਣੇ ਪਰਾਏ ਦਾ ਖਿਆਲ ਰੱਖੀਦਾ ਹੈ।' ਅਪਣੱਤ ਅਤੇ ਵਿਸ਼ਵਾਸ ਜਿਸ ਰੂਹ ਦੇ ਸੁਮੇਲ ਮੁਤਾਬਿਕ ਸਮਾਜ ਅਤੇ ਘਰ ਨੂੰ ਚਲਾਉਣ ਤਾਂ ਸਭ ਇੱਕ ਨਜ਼ਰ ਹੋ ਸਕਦੇ ਹਨ। ਰਿਸ਼ਤੇ ਨਾਤੇ ਪਹਿਲੇ ਸਮੇਂ ਜਿਸ ਤਰ੍ਹਾਂ ਨਾਲ ਨਿਭਾਏ ਜਾਂਦੇ ਸਨ ਉਸ ਨਾਲ ਮਿੱਤਰ ਨੂੰ ਆਸ ਅਤੇ ਦੁਸ਼ਮਣ ਨੂੰ ਭੈਅ ਹੁੰਦਾ ਸੀ। ਸਮਾਜ ਵਿੱਚ ਆਪਣਾਪਣ ਭਾਰੂ ਸੀ। ਕਦੇ ਵੀ ਕਿਸੇ ਦੀ ਪਿੱਠ ਪਿੱਛੇ ਵੱਢਵੀਂ ਗੱਲ ਨਹੀਂ ਕੀਤੀ ਜਾਂਦੀ ਸੀ। ਅਪਣੱਤ ਦੀ ਤਸੀਰ ਹੀ ਇਸ ਤਰ੍ਹਾਂ ਦੀ ਹੈ ਕਿ ਜ਼ੁਬਾਨ ਦੇ ਫੱਟ ਨੂੰ ਰੋਕ ਦਿੰਦੀ ਹੈ। ਅਪਣੱਤ ਪੈਦਾ ਕਰਨਾ ਸਲੀਕੇ ਭਰਪੂਰ ਹੈ ਜਦੋਂ ਕਿ ਗੈਰ ਅਪਣੱਤ ਸ਼ਰਮਨਾਕ ਕਾਰਾ ਹੈ। ਆਪਣਾ-ਆਪਣਾ ਹੁੰਦਾ ਹੈ ਬੇਗਾਨਾ-ਬੇਗਾਨਾ ਹੁੰਦਾ ਹੈ। ਅਪਣੱਤ ਦਾ ਖ਼ੂਨ ਸਾਂਝਾ ਹੋਣ ਕਰਕੇ ਸਾਡੇ ਬਜ਼ੁਰਗ ਕਹਿ ਵੀ ਦਿੰਦੇ ਸਨ ਕਿ 'ਜੇ ਆਪਣਾ ਮਾਰੂ ਤਾਂ ਛਾਂਵੇਂ ਸੁੱਟੂ।' ਅਪਣੱਤ ਦੀ ਜਮਾਂਦਰੂ ਆਦਤ ਹੈ ਕਿ ਇਹ ਹਮੇਸ਼ਾਂ ਵਿੱਛੜਿਆਂ ਨੂੰ ਮਿਲਾ ਦਿੰਦੀ ਹੈ। ਸਾਡੇ ਸਿਆਣੇ ਕਹਾਵਤ ਵੀ ਪਾਉਂਦੇ ਸਨ ਕਿ ਕਿਸੇ ਨੂੰ ਬਹੁਤਾ ਸਲਾਹੁਣਾ ਅਤੇ ਬਹੁਤਾ ਨਿੰਦਣਾ ਨਹੀਂ ਚਾਹੀਦਾ। 'ਸਲਾਹੀ ਨਾ ਸਲਾਹੀ ਨਾ ਨਿੰਦਣਾ ਪਊ, ਨਿੰਦੀ ਨਾ ਨਿੰਦੀ ਨਾ ਸਲਾਹੁਣਾ ਪਊ।' ਅੱਜ ਦੇਖਿਆ ਜਾਵੇ ਤਾਂ ਅਪਣੱਤ ਅਣਜਾਣ ਅਤੇ ਮਾਸੂਮ ਦੇ ਪੱਲੇ ਹੀ ਹੈ। ਸਮਾਜ ਵਿੱਚ ਅੱਜ ਜੋ ਪੁੱਤ ਹੈ, ਉਹ ਭਤੀਜਾ ਨਹੀਂ ਹੁੰਦਾ। ਇਹ ਫ਼ਰਕ ਵੀ ਅਪਣੱਤ ਨੂੰ ਖੋਰਾ ਲਾ ਗਿਆ। ਵਿਸ਼ਵਾਸ ਅਤੇ ਅਪਣੱਤ ਸਮਾਜ ਦੇ ਦੋ ਪਹੀਏ ਸਨ ਜਿਨ੍ਹਾਂ ਜ਼ਰੀਏ ਸਮਾਜ ਚੱਲਦਾ ਰਹਿੰਦਾ ਸੀ। ਅੱਜ ਇਨ੍ਹਾਂ ਦੀ ਅਣਹੋਂਦ ਕਾਰਨ ਸਮਾਜ ਦੀ ਹੋਂਦ ਦਾ ਉਸਾਰੂ ਪੱਖ ਗਾਇਬ ਹੋ ਗਿਆ ਹੈ।

ਸਮਾਜ 'ਚ ਚਰਿੱਤਰ, ਸੰਸਕ੍ਰਿਤੀ ਅਤੇ ਇਤਿਹਾਸ ਨੂੰ ਸਾਂਭਣ ਲਈ ਇਹ ਦੋਵੇ ਜ਼ਰੂਰੀ ਹਨ। ਇਨ੍ਹਾਂ ਦੋਵਾਂ ਦੇ ਉੱਖੜਨ ਨਾਲ ਸਮਾਜ ਦਾ ਹਸ਼ਰ ਹਨੇਰੀ ਵਿੱਚ ਭਟਕੇ ਪੰਛੀ ਵਾਂਗ ਹੁੰਦਾ ਹੈ। ਅੱਜ ਸਮਾਜ ਵਿੱਚ ਮਨ ਹੋਰ ਮੁੱਖ ਹੋਰ ਦੇ ਫਲਸਫ਼ੇ ਨੇ ਇਨ੍ਹਾਂ ਦੋਵਾਂ 'ਤੇ ਅਵਿਸ਼ਵਾਸ ਪੈਦਾ ਕੀਤਾ ਹੈ। ਸਲੀਕੇ ਵਾਲੇ ਅੱਜ ਆਪਣਾਪਣ ਅਤੇ ਵਿਸ਼ਵਾਸ ਲੱਭਦੇ ਫਿਰਦੇ ਹਨ। ਇਹ ਗੱਲ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਅਪਣੱਤ ਅਤੇ ਵਿਸ਼ਵਾਸ ਤੋਂ ਬਿਨਾਂ ਸਾਰੀਆਂ ਗੱਲਾਂ ਮਹੱਤਵਹੀਣ ਹੋ ਜਾਂਦੀਆਂ ਹਨ। ਸਮਾਜ ਵਿੱਚ ਇਸ ਕਦਰ ਲੋਭ, ਲਾਲਚ, ਈਰਖਾ, ਦੂਈ ਅਤੇ ਦਵੈਤ ਵੱਧ ਚੁੱਕੀ ਹੈ ਕਿ ਲੋਕਾਚਾਰੀ ਵੀ ਇਨ੍ਹਾਂ ਨੂੰ ਪਰੇ ਨਹੀਂ ਕੀਤਾ ਜਾ ਸਕਦਾ ਭਾਵੇਂ ਕੁੱਝ ਮੌਕਾਪ੍ਰਸਤ ਆਪਣਾਪਣ ਅਤੇ ਵਿਸ਼ਵਾਸ ਦਾ ਵਹਿਮ ਲੋਕ ਦਿਖਾਵੇ ਲਈ ਪਾਲ ਲੈਂਦੇ ਹਨ ਪਰ ਘਰ-ਘਰ ਦੀ ਕਹਾਣੀ ਅਪਣੱਤ ਅਤੇ ਵਿਸ਼ਵਾਸ ਨੂੰ ਨਿਗਲ ਰਹੀ ਹੈ, 'ਹਮ ਕੋ ਮਾਲੂਮ ਹੈ ਜੰਨਤ ਕੀ ਹਕੀਕਤ ਲੇਕਿਨ, ਦਿਲ ਕੇ ਖੁਸ਼ ਰਖਨੇ ਕੋ, ਗਾਲਿਬ ਯੇ ਖਿਆਲ ਅੱਛਾ ਹੈ।'

ਸੱਭਿਅਤਾ, ਅਦਬ ਅਤੇ ਆਦਤਾਂ ਵਿਰਾਸਤ ਵਿੱਚੋਂ ਮਿਲਦੀਆਂ ਹਨ। ਕਿਸਮਤਵਾਨ ਹਨ ਉਹ ਪਰਿਵਾਰ ਤੇ ਸਮਾਜ ਜਿੱਥੇ ਵਿਸ਼ਵਾਸ ਅਤੇ ਅਪਣੱਤ ਅਜੇ ਵੀ ਇੱਕ ਸਿੱਕੇ ਦੇ ਦੋ ਪਹਿਲੂ ਹਨ। ਅੱਜ ਆਪਣੇ ਨਾਲੋਂ ਪਰਾਇਆ ਚੰਗਾ ਦੀ ਧਾਰਨਾ ਵੀ ਪ੍ਰਚਾਰੀ ਜਾਂਦੀ ਹੈ। ਪਰਿਵਾਰ ਨੂੰ ਇੱਕ ਗੁਲਦਸਤੇ ਵਾਂਗ ਸਮਝ ਕੇ ਯਥਾਰਵਾਦ ਲਾਗੂ ਕਰਨਾ ਚਾਹੀਦਾ ਹੈ। ਇਸ ਨਾਲ ਫ਼ਿਕਰ ਅਤੇ ਫ਼ਰਕ ਵਿੱਚ ਅੰਤਰ ਦੀ ਸਮਝ ਪਵੇਗੀ ਕਿ ਫ਼ਿਕਰ ਆਪਣੇ ਕਰਦੇ ਹਨ ਅਤੇ ਫ਼ਰਕ ਬੇਗਾਨੇ ਕਰਦੇ ਹਨ। ਮੁੱਕਦੀ ਗੱਲ ਇਹ ਹੈ ਕਿ ਘਰ, ਪਿੰਡ ਅਤੇ ਪੂਰੇ ਸਮਾਜ ਵਿੱਚ ਅਪਣੱਤ ਅਤੇ ਵਿਸ਼ਵਾਸ ਗਵਾਚ ਚੁੱਕੇ ਹਨ। ਜੇ ਕੋਈ ਇਨ੍ਹਾਂ ਦੀ ਗੱਲ ਕਰਦਾ ਵੀ ਹੈ ਤਾਂ ਸ਼ੱਕ ਜਿਹੀ ਪੈਦਾ ਹੋ ਜਾਂਦੀ ਹੈ। 'ਉੱਖੜੇ-ਉੱਖੜੇ ਹੋ ਗਏ ਅਪਣੱਤ ਅਤੇ ਵਿਸ਼ਵਾਸ, ਦਵੈਤ ਦਾ ਮੰਜ਼ਰ ਝੂਲਿਆ, ਸਾਕ ਨਾ ਰਿਹਾ ਖ਼ਾਸ।'

# ਕੈਨੇਡਾ ਦੇ ਸਿਸਟਮ ਦੀ ਵਿਲੱਖਣਤਾ ਬਨਾਮ ਭਾਰਤ



ਪ੍ਰਿੰਸੀਪਲ ਵਿਜੈ ਕੁਮਾਰ

ਕੈਨੇਡਾ ਦੁਨੀਆਂ ਦਾ ਇੱਕ ਅਜਿਹਾ ਹੀ ਮੁਲਕ ਹੈ ਜਿਸ ਦੀ ਆਪਣੀ ਵੱਖਰੀ ਪਛਾਣ ਹੈ। ਬਹੁਤ ਸਾਰੀਆਂ ਅਜਿਹੀਆਂ ਵਿਸ਼ੇਸ਼ ਗੱਲਾਂ ਹਨ ਜਿਨ੍ਹਾਂ ਤੋਂ ਪ੍ਰੇਰਿਤ ਹੋ ਕੇ ਦੂਜੇ ਦੇਸ਼ਾਂ ਦੇ ਲੋਕ ਆਪਣੇ ਮੁਲਕ ਨੂੰ ਛੱਡਕੇ ਇੱਥੇ ਵਸਣ ਨੂੰ ਪਹਿਲ ਦਿੰਦੇ ਹਨ। ਇਸ ਮੁਲਕ ਦੀ ਸਭ ਤੋਂ ਵੱਡੀ ਖ਼ਾਸੀਅਤ ਇਹ ਹੈ ਕਿ ਇਸ ਦਾ ਸੁਹੱਪਣ, ਸ਼ੁੱਧ ਹਵਾ, ਪਾਣੀ, ਚਾਰੇ ਪਾਸੇ ਸਾਫ਼-ਸਫ਼ਾਈ, ਬੂਟਿਆਂ ਅਤੇ ਫੁੱਲਾਂ ਦੀ ਭਰਮਾਰ, ਸਜੇ-ਫਬੇ ਪਾਰਕ, ਹਰਿਆ-ਭਰਿਆ ਵਾਤਾਵਰਨ ਤੇ ਕਿਸੇ ਪਾਸੇ ਕੋਈ ਗੰਦਗੀ ਨਹੀਂ, ਇਸ ਗੱਲ ਦਾ ਸਬੂਤ ਹਨ ਕਿ ਇੱਥੋਂ ਦੀਆਂ ਸਰਕਾਰਾਂ ਤੇ ਲੋਕ ਧਰਤੀ, ਕੁਦਰਤ ਨੂੰ ਪਿਆਰ ਕਰਦੇ ਹਨ ਤੇ ਵਾਤਾਵਰਨ ਪ੍ਰੇਮੀ ਹਨ।

ਇੱਕੋ ਜਿਹੇ ਸੋਹਣੇ-ਸੋਹਣੇ ਘਰ, ਉਨ੍ਹਾਂ ਅੱਗੇ ਲੱਗੇ ਫੁੱਲ-ਬੂਟੇ, ਇੱਕੋ ਜਿਹੀਆਂ ਖੁੱਲ੍ਹੀਆਂ ਸੜਕਾਂ ਤੇ ਸਰਕਾਰੀ ਜਗ੍ਹਾ 'ਤੇ ਕੋਈ ਕਬਜ਼ਾ ਨਹੀਂ। ਇਹ ਵੀ ਇਸ ਮੁਲਕ ਦੇ ਸੁਹੱਪਣ ਨੂੰ ਚਾਰ ਚੰਨ ਲਾਉਂਦੇ ਹਨ। ਸਰਕਾਰਾਂ ਅਤੇ ਲੋਕ ਸਮੇਂ ਦੀ ਕਦਰ ਕਰਨਾ ਜਾਣਦੇ ਹਨ। ਹਸਪਤਾਲਾਂ, ਬੈਂਕਾਂ, ਦਫ਼ਤਰਾਂ, ਸੈਲੂਨਾਂ ਅਤੇ ਹੋਰ ਥਾਵਾਂ 'ਤੇ ਜਾਣ ਤੋਂ ਪਹਿਲਾਂ ਸਮਾਂ ਲੈਣਾ ਪੈਂਦਾ ਹੈ। ਬਿਨਾਂ ਸਮਾਂ ਲਏ ਤੁਹਾਨੂੰ ਕੋਈ ਵੀ ਵਿਅਕਤੀ ਮਿਲੇਗਾ ਨਹੀਂ। ਇਸੇ ਕਾਰਨ ਨਾ ਲੋਕਾਂ ਨੂੰ ਆਪਣੀ ਵਾਰੀ ਦੀ ਉਡੀਕ ਕਰਨੀ ਪੈਂਦੀ ਹੈ ਤੇ ਨਾ ਹੀ ਭੀੜ ਹੁੰਦੀ ਹੈ। ਸਾਡੇ ਦੇਸ਼ ਵਾਂਗ ਲੋਕ ਸਮਾਂ ਬਰਬਾਦ ਨਹੀਂ ਕਰਦੇ। ਤੁਹਾਨੂੰ ਕੋਈ ਵਿਅਕਤੀ ਵਿਹਲਾ ਨਹੀਂ ਮਿਲੇਗਾ। ਇੱਥੇ ਬਿਨਾਂ ਪੁੱਛੇ ਤੇ ਸਮਾਂ ਲਏ ਕੋਈ ਕਿਸੇ ਦੇ ਘਰ ਨਹੀਂ ਜਾਂਦਾ। ਲੋਕ ਪੰਜ ਦਿਨ ਕੰਮ ਕਰਦੇ ਹਨ ਤੇ ਦੋ ਦਿਨ ਸ਼ਨਿਚਰਵਾਰ ਤੇ ਐਤਵਾਰ ਨੂੰ ਆਪਣੇ ਘਰ ਦੇ ਕੰਮ ਕਰਦੇ ਹਨ ਤੇ ਘੁੰਮਣ-ਫਿਰਨ ਜਾਂਦੇ ਹਨ। ਇਸ ਮੁਲਕ ਵਿੱਚ ਸਾਰੇ ਕੰਮ ਇੱਕ ਬਰਾਬਰ ਹਨ। ਸਾਰੇ ਕੰਮ ਆਪਣੇ ਹੱਥੀਂ ਕਰਨੇ ਪੈਂਦੇ ਹਨ। ਬੱਚਿਆਂ ਅਤੇ ਔਰਤਾਂ ਦਾ ਨੌਕਰਾਂ ਦੇ ਰੂਪ ਵਿੱਚ ਸ਼ੋਸ਼ਣ ਨਹੀਂ ਕੀਤਾ ਜਾ ਸਕਦਾ। ਘਰਾਂ ਅਤੇ ਦੁਕਾਨਾਂ 'ਤੇ ਨੌਕਰ ਨਹੀਂ ਰੱਖੇ ਜਾ ਸਕਦੇ। ਘਰਾਂ ਵਿੱਚ ਰੱਖੀ ਨੈਨੀ (ਨੌਕਰਾਣੀ) ਨੂੰ ਸਰਕਾਰੀ ਕਾਨੂੰਨ ਅਨੁਸਾਰ 16.75 ਡਾਲਰ ਪ੍ਰਤੀ ਘੰਟਾ ਦੇਣੇ ਪੈਂਦੇ ਹਨ ਜੋ ਕਿ ਆਮ ਬੰਦਾ ਨਹੀਂ ਦੇ ਸਕਦਾ। ਇਸ ਮੁਲਕ ਵਿੱਚ ਬੱਚਿਆਂ ਪ੍ਰਤੀ ਸਰਕਾਰ ਦੇ ਕਾਨੂੰਨ ਬਹੁਤ ਸਖ਼ਤ ਹਨ। ਇੱਥੇ ਬੱਚਿਆਂ ਦੀ ਪੜ੍ਹਾਈ, ਸਾਂਭ-ਸੰਭਾਲ, ਪਾਲਣ-ਪੋਸ਼ਣ ਤੇ ਸਿਹਤ ਪ੍ਰਤੀ ਸਰਕਾਰਾਂ ਬਹੁਤ ਸਖ਼ਤ ਤੇ ਸੰਜੀਦਾ ਹਨ। ਇੱਥੇ ਬੱਚੇ ਕੇਵਲ ਪੈਦਾ ਨਹੀਂ ਕੀਤੇ ਜਾਂਦੇ ਸਗੋਂ ਉਨ੍ਹਾਂ ਪ੍ਰਤੀ ਮਾਂ-ਬਾਪ ਨੂੰ ਬਣਦੇ ਫ਼ਰਜ਼ ਵੀ ਨਿਭਾਉਣੇ ਪੈਂਦੇ ਹਨ। ਗੱਡੀ 'ਚ ਸਫ਼ਰ ਕਰਦਿਆਂ ਬੱਚਿਆਂ ਨੂੰ ਗੋਦੀ ਵਿੱਚ ਨਹੀਂ ਬਿਠਾਇਆ ਜਾ ਸਕਦਾ। ਉਨ੍ਹਾਂ ਦੇ ਬੈਠਣ ਲਈ ਅੱਡ ਸੀਟ ਬਣੀ ਹੁੰਦੀ ਹੈ। ਘਰਾਂ 'ਚ ਬੱਚਿਆਂ ਨੂੰ ਸੁਲਾਉਣ ਲਈ ਅੱਡ ਬੈੱਡ ਲਗਾਉਣਾ ਪੈਂਦਾ ਹੈ। ਬੱਚੇ ਦੇ ਪਾਲਣ-ਪੋਸ਼ਣ 'ਚ ਕੀਤੀ ਜਾਣ ਵਾਲੀ ਲਾਪਰਵਾਹੀ ਲਈ ਸਖ਼ਤ ਸਜ਼ਾ ਹੈ। ਬੱਚੇ ਨੂੰ ਸਰਕਾਰੀ ਨਿਗਰਾਨੀ 'ਚ ਰੱਖਣ ਲਈ ਲੈ ਜਾਂਦੇ ਹਨ। ਡਾਕਟਰ ਦੀ ਸਲਾਹ ਤੋਂ ਬਿਨਾਂ ਬੱਚਿਆਂ ਨੂੰ ਕੋਈ ਦਵਾਈ ਨਹੀਂ ਦਿੱਤੀ ਜਾ ਸਕਦੀ। ਘਰਾਂ ਅਤੇ ਸਕੂਲਾਂ 'ਚ ਬੱਚਿਆਂ ਨੂੰ ਮਾਰਨ, ਝਿੜਕਣ 'ਤੇ ਬੱਚਿਆਂ ਵੱਲੋਂ ਫੋਨ ਕੀਤੇ ਜਾਣ 'ਤੇ ਪੁਲਿਸ ਕਾਰਵਾਈ ਕਰਦੀ ਹੈ। ਬੱਚੇ ਦੇ ਪੈਦਾ ਹੁੰਦੇ ਹੀ ਮਾਪਿਆਂ ਦੀ ਆਮਦਨ ਅਨੁਸਾਰ ਉਸ ਨੂੰ ਸਰਕਾਰ ਵੱਲੋਂ ਖ਼ਰਚ ਮਿਲਣ ਲੱਗ ਪੈਂਦਾ ਹੈ। ਬੱਚਿਆਂ ਦੀ ਸਕੂਲੀ ਪੜ੍ਹਾਈ ਬਿਲਕੁਲ ਮੁਫ਼ਤ ਹੈ। ਸਕੂਲਾਂ ਵਿੱਚ ਬੱਚਿਆਂ ਦੇ ਦਿਮਾਗ ਉੱਤੇ ਕੋਈ ਬੋਝ ਨਹੀਂ ਪਾਇਆ ਜਾਂਦਾ। ਉਨ੍ਹਾਂ ਦੀ ਸਿਹਤ ਦਾ ਪੂਰਾ ਧਿਆਨ ਰੱਖਿਆ ਜਾਂਦਾ ਹੈ। ਸਰਕਾਰ ਦੇਸ਼ ਦੇ ਨਾਗਰਿਕਾਂ ਤੋਂ ਜੇਕਰ 30% ਟੈਕਸ ਲੈਂਦੀ ਹੈ ਤਾਂ ਸਹੂਲਤਾਂ ਵੀ ਪੂਰੀਆਂ ਦਿੰਦੀ ਹੈ। ਪੁਲਿਸ, ਪ੍ਰਸ਼ਾਸਨ, ਅਦਾਲਤਾਂ ਸਖ਼ਤ ਹਨ। ਕਾਨੂੰਨ ਤੋੜਨ 'ਤੇ ਸਿਫ਼ਾਰਸ਼ਾਂ ਨਹੀਂ ਚੱਲਦੀਆਂ ਸਗੋਂ ਕਾਨੂੰਨ ਮੁਤਾਬਕ ਸਜ਼ਾ ਮਿਲਦੀ ਹੈ। ਕਾਨੂੰਨ ਸਾਰਿਆਂ ਲਈ ਬਰਾਬਰ ਹੈ। ਲਾਇਸੈਂਸ ਤੋਂ ਬਿਨਾਂ ਕੋਈ ਵੀ ਕੰਮ-ਧੰਦਾ ਕਰਨ ਦੀ ਇਜਾਜ਼ਤ ਨਹੀਂ। ਟਰੈਫਿਕ ਨਿਯਮ ਸਖ਼ਤ ਹਨ ਤੇ ਲੋਕਾਂ ਨੂੰ ਉਨ੍ਹਾਂ ਦੀ ਪਾਲਣਾ ਕਰਨੀ ਪੈਂਦੀ ਹੈ। ਦੁਰਘਟਨਾਵਾਂ ਬਹੁਤ ਘੱਟ ਹੁੰਦੀਆਂ ਹਨ। ਬੱਚਿਆਂ, ਬਜ਼ੁਰਗਾਂ,



ਪੈਦਲ ਚੱਲਣ ਵਾਲਿਆਂ ਨੂੰ ਸੜਕੀ ਨਿਯਮਾਂ ਵਿੱਚ ਵਿਸ਼ੇਸ਼ ਤਰਜੀਹ ਦਿੱਤੀ ਜਾਂਦੀ ਹੈ। ਸੜਕਾਂ 'ਤੇ ਥਾਂ-ਥਾਂ ਟੋਲ ਪਲਾਜ਼ੇ ਨਹੀਂ ਹਨ। ਟੋਲ ਪਲਾਜ਼ੇ ਬਿਲਕੁਲ ਨਾਮਾਤਰ ਹਨ ਜਿਨ੍ਹਾਂ ਦੀ ਫੀਸ ਚੱਲਦੀਆਂ ਗੱਡੀਆਂ ਵਿੱਚ ਅਦਾ ਹੋ ਜਾਂਦੀ ਹੈ। ਘਰ ਦੇ ਤੇ ਮੇਲ ਦੇ ਪਤੇ 'ਤੇ ਸੂਚਨਾ ਚਲੀ ਜਾਂਦੀ ਹੈ। ਵਪਾਰਕ ਅਦਾਰੇ ਵਿਸ਼ੇਸ਼ ਯੋਜਨਾ ਅਧੀਨ ਖੋਲ੍ਹੇ ਗਏ ਹਨ।

ਗਲੀ-ਮੁਹੱਲਿਆਂ, ਬੱਸ ਅੱਡਿਆਂ, ਸੜਕਾਂ ਨੁੱਕਰਾਂ 'ਤੇ ਕੋਈ ਦੁਕਾਨ ਨਹੀਂ ਮਿਲੇਗੀ ਅਤੇ ਨਾ ਰੇਹੜੀਆਂ-ਫੜ੍ਹੀਆਂ ਹੀ ਲੱਗੀਆਂ ਮਿਲਣਗੀਆਂ। ਗਲੀ-ਮੁਹੱਲਿਆਂ 'ਚ ਫੇਰੀ ਵਾਲੇ ਵੀ ਹਾਕਾਂ ਮਾਰਦੇ ਨਹੀਂ ਮਿਲਣਗੇ। ਮਾਲ ਤੇ ਪਲਾਜ਼ੇ ਜੋ ਇੱਕੋ ਥਾਂ ਵਿਸ਼ੇਸ਼ ਇਮਾਰਤਾਂ 'ਚ ਬਣੇ ਹੋਏ ਹਨ, ਉਨ੍ਹਾਂ ਪਲਾਜ਼ਿਆਂ 'ਤੇ ਗੱਡੀਆਂ ਦੀ ਪਾਰਕਿੰਗ ਲਈ ਵਿਸ਼ੇਸ਼ ਨਿਯਮ ਹਨ ਜਿਨ੍ਹਾਂ ਦੀ ਹਰ ਇੱਕ ਨੂੰ ਪਾਲਣਾ ਕਰਨੀ ਪੈਂਦੀ ਹੈ। ਬੈਂਕਾਂ ਵਿੱਚ ਜ਼ਰਾ ਵੀ ਭੀੜ ਨਹੀਂ ਵਿਖੇਗੀ ਕਿਉਂਕਿ ਜ਼ਿਆਦਾਤਰ ਕੰਮ ਆਨਲਾਈਨ ਹੀ ਹੋ ਜਾਂਦਾ ਹੈ। ਇੱਥੋਂ ਤਕ ਕਿ ਚੈੱਕ ਵੀ ਆਨਲਾਈਨ ਹੀ ਜਮ੍ਹਾ ਹੋ ਜਾਂਦੇ ਹਨ। ਜਾਇਦਾਦ ਖ਼ਰੀਦਣ ਅਤੇ ਵੇਚਣ ਦੀ ਪ੍ਰਕਿਰਿਆ ਸਾਡੇ ਦੇਸ਼ ਨਾਲੋਂ ਬਿਲਕੁਲ ਵੱਖਰੀ ਹੈ। ਜਾਇਦਾਦ ਖ਼ਰੀਦਣ ਤੇ ਵੇਚਣ ਵਿੱਚ ਪੂਰੀ ਪਾਰਦਰਸ਼ਿਤਾ ਹੁੰਦੀ ਹੈ। ਜਾਇਦਾਦ ਖ਼ਰੀਦਣ ਤੇ ਵੇਚਣ ਦਾ ਕੰਮ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਵਕੀਲਾਂ ਰੀਅਲ ਅਸਟੇਟ ਏਜੰਟਾਂ ਵੱਲੋਂ ਕੀਤਾ ਜਾਂਦਾ ਹੈ। ਜਾਇਦਾਦ ਖ਼ਰੀਦਣ ਤੇ ਵੇਚਣ ਵਾਲੇ ਦੋਵੇਂ ਇੱਕ-ਦੂਜੇ ਨੂੰ ਨਹੀਂ ਮਿਲਦੇ। ਸਾਰਾ ਕੰਮ ਆਨਲਾਈਨ ਹੀ ਹੁੰਦਾ ਹੈ। ਜਾਇਦਾਦ ਇਸ ਦੇਸ਼ ਦੇ ਪੱਕੇ ਨਾਗਰਿਕ ਖ਼ਰੀਦ ਸਕਦੇ ਹਨ। ਜਾਇਦਾਦ ਖ਼ਰੀਦਣ, ਵੇਚਣ ਅਤੇ ਕਿਸੇ ਤਰ੍ਹਾਂ ਦੀ ਘਾਟ-ਵਾਧ ਦੀ ਜ਼ਿੰਮੇਵਾਰੀ ਦੋਹਾਂ ਧਿਰਾਂ ਦੇ ਵਕੀਲਾਂ ਤੇ ਰੀਅਲ ਅਸਟੇਟ ਏਜੰਟਾਂ ਦੀ ਹੁੰਦੀ ਹੈ।

ਸਰਕਾਰ ਨੂੰ ਦੋਹਾਂ ਧਿਰਾਂ ਵੱਲੋਂ ਦਿੱਤੇ ਜਾਣ ਵਾਲੇ ਜਾਇਦਾਦ ਟੈਕਸ ਵਿੱਚ ਰਤਾ ਵੀ ਹੇਰਾਫੇਰੀ ਨਹੀਂ ਕੀਤੀ ਜਾ ਸਕਦੀ। ਕੁਦਰਤੀ ਆਫ਼ਤਾਂ ਇਸ ਮੁਲਕ 'ਚ ਵੀ ਆਉਂਦੀਆਂ ਹਨ ਪਰ ਸਾਡੇ ਮੁਲਕ ਵਾਂਗ ਇੱਥੋਂ ਦੇ ਕੁਦਰਤੀ ਆਫ਼ਤਾਂ ਤੋਂ ਪ੍ਰਭਾਵਿਤ ਲੋਕਾਂ ਨੂੰ ਮਾਲੀ ਮਦਦ ਲਈ ਸਰਕਾਰਾਂ ਦੇ ਲਾਰੇ ਨਹੀਂ ਸੁਣਨੇ ਪੈਂਦੇ ਸਗੋਂ ਮਾਲੀ ਸਹਾਇਤਾ ਆਪਣੇ-ਆਪ ਲੋਕਾਂ ਦੇ ਖਾਤਿਆਂ ਵਿਚ ਚਲੀ ਜਾਂਦੀ ਹੈ। ਵਰਖਾ ਤੋਂ ਬਾਅਦ ਸੜਕਾਂ 'ਤੇ, ਆਲੇ-ਦੁਆਲੇ ਇੱਕ ਬੂੰਦ ਪਾਣੀ ਦੀ ਨਹੀਂ ਵਿਖਾਈ ਦੇਵੇਗੀ।

ਸੀਵਰੇਜ ਸਿਸਟਮ ਵਧੀਆ ਹੈ। ਕੋਈ ਵੀ ਪਾਈਪ ਧਰਤੀ 'ਤੇ ਵਿਛੀ ਹੋਈ ਨਹੀਂ ਮਿਲੇਗੀ, ਨਾ ਹੀ ਉਸ ਵਿੱਚੋ ਪਾਣੀ ਰਿਸਦਾ ਨਜ਼ਰ ਆਵੇਗਾ। ਪਾਣੀ ਦੇ ਗੰਦੇ ਨਾਲੇ, ਥਾਂ-ਥਾਂ ਗੰਦਗੀ ਦੇ ਢੇਰ ਅਤੇ ਅਵਾਰਾ ਪਸ਼ੂ ਘੁੰਮਦੇ ਨਹੀਂ ਮਿਲਣਗੇ। ਕੋਈ ਵੀ ਭਿਖਾਰੀ ਘਰਾਂ ਦੇ ਦਰਵਾਜ਼ਿਆਂ 'ਤੇ ਭੀਖ ਮੰਗਣ ਲਈ ਨਹੀਂ ਆਉਂਦਾ ਆਵਾਜਾਈ ਦੇ ਸਾਧਨ ਬੱਸਾਂ ਅਤੇ ਰੇਲਗੱਡੀਆਂ ਪੁਰਾਣੀਆਂ ਨਹੀਂ ਮਿਲਣਗੀਆਂ। ਬੱਸਾਂ ਤੇ ਰੇਲਗੱਡੀਆਂ 'ਚ ਟਿਕਟ ਲੈਣ ਲਈ ਕੰਡਕਟਰ ਦੀ ਕੋਈ ਵਿਵਸਥਾ ਨਹੀਂ। ਟਿਕਟ ਲੈਣ ਲਈ ਪੰਚ ਕਰਨਾ ਪਵੇਗਾ, ਪੈਸੇ ਆਪਣੇ-ਆਪ ਤੁਹਾਡੇ ਖਾਤੇ 'ਚੋਂ ਕੱਟੇ ਜਾਣਗੇ। ਸਿੱਕਾ ਪਾ ਕੇ ਵੀ ਟਿਕਟ ਲੈਣ ਦੀ ਵਿਵਸਥਾ ਕੀਤੀ ਗਈ ਹੈ।

ਗੱਡੀਆਂ ਦੇ ਬਿਨਾਂ ਕਾਰਨ ਹਾਰਨ ਵਜਾਉਣਾ ਸੜਕੀ ਨਿਯਮਾਂ ਦੀ ਉਲੰਘਣਾ ਹੈ। ਧਾਰਮਿਕ ਅਸਥਾਨਾਂ ਉੱਤੇ ਉੱਚੀ ਆਵਾਜ਼ ਵਿੱਚ ਲਾਊਡ ਸਪੀਕਰ ਵੱਜਦੇ ਨਹੀਂ ਮਿਲਣਗੇ। ਲੰਗਰਾਂ ਤੇ ਕੀਰਤਨਾਂ ਦੀ ਭਰਮਾਰ ਨਹੀਂ ਹੈ। ਕੈਨੇਡਾ ਦੇ ਸਰਕਾਰੀ ਸਕੂਲ ਸਾਡੇ ਦੇਸ਼ ਦੇ ਚੰਗੇ ਪ੍ਰਾਈਵੇਟ ਸਕੂਲਾਂ ਵਰਗੇ ਹਨ।

ਪ੍ਰਾਈਵੇਟ ਸਕੂਲ ਵੀ ਹਨ ਪਰ ਉਨ੍ਹਾਂ 'ਚ ਜ਼ਿਆਦਾਤਰ ਉੱਚ ਵਰਗ ਦੇ ਲੋਕ ਹੀ ਪੜ੍ਹਦੇ ਹਨ। ਸਕੂਲੀ ਪੜ੍ਹਾਈ ਬਿਲਕੁਲ ਮੁਫ਼ਤ ਹੈ। ਲਾਇਬ੍ਰੇਰੀਆਂ 'ਚ ਹਿੰਦੀ, ਪੰਜਾਬੀ, ਉਰਦੂ, ਅੰਗਰੇਜ਼ੀ ਭਾਸ਼ਾਵਾਂ ਤੇ ਮੁਕਾਬਲਿਆਂ ਦੀ ਤਿਆਰੀ ਕਰਨ ਲਈ ਕਿਤਾਬਾਂ ਮੌਜੂਦ ਹਨ। ਪੈਂਹਟ ਸਾਲ ਦੀ ਉਮਰ ਪੂਰੀ ਕਰ ਚੁੱਕੇ ਪੱਕੇ ਦੇਸੀ-ਵਿਦੇਸ਼ੀ ਬਜ਼ੁਰਗਾਂ ਨੂੰ ਸਰਕਾਰ ਵੱਲੋਂ ਪੈਨਸ਼ਨ ਮਿਲਦੀ ਹੈ। ਕੋਰੋਨਾ ਵਰਗੀ ਮਹਾਮਾਰੀ ਵਿੱਚ ਇਸ ਮੁਲਕ ਦੀ ਸਰਕਾਰ ਲੋਕਾਂ ਦੀ ਅੱਗੇ ਹੋ ਕੇ ਬਾਂਹ ਫੜਦੀ ਹੈ। ਲੋਕਾਂ ਦਾ ਕਹਿਣਾ ਹੈ ਕਿ ਹਸਪਤਾਲਾਂ ਤੇ ਡਾਕਟਰਾਂ ਦੀ ਘਾਟ ਹੈ। ਫਿਰ ਵੀ ਸਾਡੇ ਮੁਲਕ ਨਾਲੋਂ ਕਾਫ਼ੀ ਕੁਝ ਵੱਖਰਾ ਹੈ।

(ਬਾਕੀ ਸਫ਼ਾ 31 'ਤੇ)

# ਮੰਗਲਮਈ ਕਾਰਜਾਂ ਉੱਤੇ ਵਜਾਇਆ ਜਾਣ ਵਾਲਾ ਸਾਜ਼ 'ਸ਼ਹਿਨਾਈ'

ਪ੍ਰੋ ਜਗਪਿੰਦਰ ਪਾਲ ਸਿੰਘ

ਉੱਤਰੀ ਭਾਰਤੀ ਸੰਗੀਤ ਦੀ ਵਾਦਨ ਪਰੰਪਰਾ 'ਚ ਖ਼ਾਸ ਕਰਕੇ ਉੱਤਰ ਪ੍ਰਦੇਸ਼ ਤੇ ਬਿਹਾਰ 'ਚ ਸ਼ਹਿਨਾਈ ਸਾਜ਼ ਦੀ ਮਹੱਤਵਪੂਰਨ ਭੂਮਿਕਾ ਹੈ। ਇਸ ਸਾਜ਼ ਦੀ ਅਹਿਮੀਅਤ ਇਸ ਕਰਕੇ ਵੀ ਹੈ, ਕਿਉਂਕਿ ਸ਼ਹਿਨਾਈ ਸਾਜ਼ ਨੂੰ ਸ਼ੁੱਭ ਜਾਂ ਮੰਗਲਮਈ ਕਾਰਜਾਂ ਉੱਤੇ ਵਜਾਇਆ ਜਾਂਦਾ ਹੈ। ਇਸ ਲਈ ਸ਼ਹਿਨਾਈ ਨੂੰ ਮਾਂਗਲਿਕ ਸਾਜ਼ ਦੀ ਸੰਗਿਆ ਵੀ ਦਿੱਤੀ ਗਈ ਹੈ। ਵਿਦਵਾਨਾਂ ਅਨੁਸਾਰ ਇਸ ਦਾ ਅਸਲ ਨਾਂਅ 'ਸ਼ਾਹ ਨੇਯ' ਹੈ, ਜਿਸ ਦਾ ਅਰਥ ਹੈ 'ਸ਼ਾਹ' ਭਾਵ ਬਾਦਸ਼ਾਹ, 'ਨੇਯ' ਦਾ ਅਰਥ ਫ਼ੂਕ ਨਾਲ ਵੱਜਣ ਵਾਲਾ ਸਾਜ਼। ਇਸ ਤੋਂ ਇਹ ਭਾਵ ਹੈ ਕਿ ਸ਼ਹਿਨਾਈ ਫ਼ੂਕ ਨਾਲ ਵੱਜਣ ਵਾਲੇ ਸਾਰੇ ਸਾਜ਼ਾਂ ਦਾ ਬਾਦਸ਼ਾਹ ਹੈ। ਸ਼ਹਿਨਾਈ ਦੇ ਇੱਕ ਹੋਰ ਅਰਥ ਅਨੁਸਾਰ ਪਹਿਲੀ ਵਾਰ ਬਾਦਸ਼ਾਹ ਦੇ ਦਰਬਾਰ 'ਚ ਇਸ ਦਾ ਵਾਦਨ ਨਾਈ ਦੁਆਰਾ ਕੀਤਾ ਗਿਆ। ਸ਼ਾਹ ਭਾਵ ਬਾਦਸ਼ਾਹ ਅਤੇ ਨਾਈ ਭਾਵ ਜਾਤ ਤੋਂ ਮੰਨਿਆ ਗਿਆ ਹੈ। ਕੁਝ ਵਿਦਵਾਨਾਂ ਅਨੁਸਾਰ ਸ਼ਹਿਨਾਈ ਨੂੰ ਬੀਨ (ਪੱਤਰੇ ਨਾਲ ਆਵਾਜ਼ ਪੈਦਾ ਕਰਕੇ) 'ਚ ਸੁਧਾਰ ਕਰਕੇ ਵਿਕਸਿਤ ਕੀਤਾ ਗਿਆ ਹੈ। ਸੰਗੀਤ ਪਾਰਿਜਾਤ 'ਚ ਸ਼ਹਿਨਾਈ ਸਾਜ਼ ਨੂੰ ਸੁਨਾਦੀ ਕਿਹਾ ਗਿਆ ਹੈ; ਕਿਉਂਕਿ ਸੁਨਾਦੀ ਸਾਜ਼ ਸ਼ਹਿਨਾਈ ਨਾਲ ਮਿਲਦਾ-ਜੁਲਦਾ ਸਾਜ਼ ਹੈ। ਇਸ ਤੋਂ ਇਹ ਅੰਦਾਜ਼ਾ ਲਗਾਇਆ ਗਿਆ ਕਿ ਸੁਨਾਦੀ ਨੂੰ ਹੀ ਬਾਅਦ 'ਚ ਸ਼ਹਿਨਾਈ ਕਿਹਾ ਜਾਣ ਲੱਗਿਆ। ਪੰਡਿਤ ਸਾਰੰਗ ਦੇਵ



ਦੇ ਗ੍ਰੰਥ ਸੰਗੀਤ ਰਤਨਾਕਰ 'ਚ ਮਧੂਕਰੀ ਨਾਮਕ ਸਾਜ਼ ਦਾ ਉਲੇਖ ਮਿਲਦਾ ਹੈ, ਜੋ ਕਿ ਇੱਕ ਸੁਸ਼ਿਰ ਸਾਜ਼ ਸੀ। ਅਤੀਤ ਵਿੱਚ ਸ਼ਹਿਨਾਈ ਨੂੰ ਰਾਜ ਦਰਬਾਰਾਂ 'ਚ ਹੀ ਵਜਾਇਆ ਜਾਂਦਾ ਸੀ। ਇਸ ਤੋਂ ਇਲਾਵਾ ਹਿੰਦੂ ਮੰਦਰਾਂ ਅਤੇ ਵਿਆਹ ਦੇ ਸ਼ੁੱਭ ਕਾਰਜਾਂ 'ਚ ਵੀ ਇਸ ਦਾ ਵਾਦਨ ਹੋਣ ਲੱਗਿਆ, ਪ੍ਰੰਤੂ ਭਾਰਤੀ ਸ਼ਾਸਤਰੀ ਸੰਗੀਤ ਪਰੰਪਰਾ 'ਚ ਮੰਚ ਉੱਤੇ ਇਸ ਦੇ ਵਾਦਨ ਕਰਨ ਦਾ ਸਿਹਰਾ ਉਸਤਾਦ ਬਿਸਮਿੱਲਾ ਖ਼ਾਨ ਨੂੰ ਹੀ ਜਾਂਦਾ ਹੈ। ਸ਼ਹਿਨਾਈ ਜਾਂ ਪੱਤਰੇ ਦੁਆਰਾ ਧੁਨੀ ਉਤਪੰਨ ਕਰਨ ਵਾਲੇ ਸੁਸ਼ਿਰ ਸਾਜ਼ਾਂ ਤਹਿਤ ਭਾਰਤ ਦੇ ਵੱਖ-ਵੱਖ ਪ੍ਰਦੇਸ਼ਾਂ 'ਚ ਵੱਖਰੇ-ਵੱਖਰੇ ਨਾਵਾਂ ਨਾਲ ਪ੍ਰਚਲਿਤ ਸਾਜ਼ ਲੋਕ ਸੰਗੀਤ 'ਚ ਵਿਸ਼ੇਸ਼ ਸਥਾਨ ਰੱਖਦੇ ਹਨ, ਜਿਨ੍ਹਾਂ 'ਚ ਬੀਨ (ਪੰਜਾਬ ਅਤੇ ਉੱਤਰ ਪ੍ਰਦੇਸ਼) ਨਾਗਸਵਰਮ (ਆਂਧਰਾ ਪ੍ਰਦੇਸ਼), ਟਰਪੂ (ਗੁਜਰਾਤ), ਪੂੰਗੀ (ਦੱਖਣ ਭਾਰਤ), ਮੁਰਲਾ (ਰਾਜਸਥਾਨ), ਤੂਤੀ (ਤਾਮਿਲਨਾਡੂ), ਸੁਰਨਾਈ (ਜੰਮੂ-ਕਸ਼ਮੀਰ), ਪੀਪਨੀ ਜਾਂ ਸੁੰਦਰੀ (ਮਹਾਰਾਸ਼ਟਰ), ਮੋਹੁਰੀ (ਓਡੀਸ਼ਾ) ਮੋਟੀ ( ਕਰਨਾਟਕਾ), ਨਫੀਰੀ (ਦਿੱਲੀ), ਸਰਨਾਏ (ਹਿਮਾਚਲ ਪ੍ਰਦੇਸ਼) ਵਿਸ਼ੇਸ਼ ਹਨ। ਰਾਜਸਥਾਨ 'ਚ ਕਠਪੁਤਲੀ ਨਾਚ 'ਚ ਪਿਪਰੀ ਜਾਂ ਬੇਲੀ ਸਾਜ਼ ਵਜਾਇਆ ਜਾਂਦਾ ਹੈ। ਵਾਦਕ ਆਪਣੇ ਮੂੰਹ 'ਚ ਰੱਖ ਕੇ ਇਸ ਦਾ ਵਾਦਨ ਕਰਦੇ ਹਨ, ਜਿਸ ਦੀ ਆਵਾਜ਼ ਤਿੱਖੀ ਅਤੇ ਆਕਰਸ਼ਿਤ ਹੁੰਦੀ ਹੈ। ਉਪਰੋਕਤ ਲਗਭਗ ਸਾਰੇ ਸਾਜ਼ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਦੇ ਲੋਕ ਸੰਗੀਤ ਦੇ ਪ੍ਰਮੁੱਖ ਸਾਜ਼ ਹਨ। ਸ਼ਹਿਨਾਈ ਸਾਜ਼ ਦਾ ਮੁੱਖ ਭਾਗ ਪੱਤਰਾ ਜਾਂ ਰੀਡ ਹੁੰਦੀ ਹੈ। ਜੋ ਕਿ ਇੱਕ ਕਿਸਮ ਦਾ ਘਾਹ ਹੁੰਦਾ ਹੈ, ਜੋ ਨਦੀ ਕਿਨਾਰੇ 'ਤੇ ਦਲਦਲ 'ਚ ਪਾਇਆ ਜਾਂਦਾ ਹੈ। ਵੈਸੇ ਤਾਂ ਇਹ ਹਰ ਨਦੀ ਕਿਨਾਰੇ ਮਿਲ ਜਾਂਦਾ ਹੈ ਪ੍ਰੰਤੂ ਬਿਹਾਰ ਦੀ ਸੋਨ ਨਦੀ ਅਤੇ ਬਕਸਰ ਜ਼ਿਲ੍ਹੇ ਦੇ ਡੁਮਰਾਂਵ 'ਚ ਇਹ ਬਹੁਤ ਜ਼ਿਆਦਾ ਮਾਤਰਾ 'ਚ ਪਾਇਆ ਜਾਂਦਾ ਹੈ। ਇਸ ਦਾ ਆਕਾਰ 1.5 ਇੰਚ ਹੁੰਦਾ ਹੈ। ਦੂਸਰਾ ਭਾਗ ਨਰੀ ਹੁੰਦਾ ਹੈ, ਜੋ ਪੱਤਰੇ ਤੇ ਡਾਂਡ ਨੂੰ ਜੋੜਦਾ ਹੈ। ਇਹ ਕਿਸੇ ਧਾਤ ਦਾ ਬਣਿਆ ਹੁੰਦਾ ਹੈ ਇਸ ਦੀ ਲੰਬਾਈ 8-9



ਸੈਂਟੀਮੀਟਰ ਹੁੰਦੀ ਹੈ। ਡਾਂਡ ਇਸ ਦਾ ਤੀਜਾ ਭਾਗ ਹੈ, ਇਸ 'ਚ ਸੱਤ ਸੁਰਾਖ ਹੁੰਦੇ ਹਨ। ਇਸ ਦੀ ਲੰਬਾਈ ਲਗਭਗ ਇੱਕ ਫੁੱਟ ਹੁੰਦੀ ਹੈ, ਇਹ ਸਾਗਵਾਨ ਲੱਕੜ ਦਾ ਬਣਿਆ ਹੁੰਦਾ ਹੈ। ਪਿਆਲਾ ਸ਼ਹਿਨਾਈ ਦਾ ਆਖਰੀ ਭਾਗ ਹੁੰਦਾ ਹੈ, ਜੋ ਇਸ ਦੇ ਅਗਲੇ ਸਿਰੇ 'ਤੇ ਲੱਗਦਾ ਹੈ ਇਹ ਪਿੱਤਲ ਜਾਂ ਸਟੀਲ ਦਾ ਹੁੰਦਾ ਹੈ।

ਪ੍ਰਸਿੱਧ ਸ਼ਹਿਨਾਈ ਵਾਦਕਾਂ 'ਚ ਅਨੰਤ ਲਾਲ, ਸ਼ੈਲੇਸ਼ ਭਾਗਵਤ, ਅਲੀ ਅਹਿਮਦ ਹੁਸੈਨ ਖਾਨ ਵਿਸ਼ੇਸ਼ ਹਨ।

**-ਮੁਖੀ ਪੋਸਟ ਗ੍ਰੈਜੂਏਟ ਸੰਗੀਤ ਅਤੇ ਗੁਰਮਤਿ ਸੰਗੀਤ ਵਿਭਾਗ**
**ਸ੍ਰੀ ਗੁਰੂ ਤੇ.ਗ ਬਹਾਦਰ ਖ਼ਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ।**



# ਚੇਤਰ ਦਾ ਵਣਜਾਰਾ ਆਇਆ

## ਅੱਜ ਪੌਣਾਂ ਵਿੱਚ ਸੁਗੰਧੀਆਂ, ਮਹੀਨਾ ਚੇਤਰ ਚੜ੍ਹਿਆ

## ਮਹੀਨਾ ਚੇਤ ਚੜ੍ਹਿਆ, ਕਣਕੀਂ ਸੋਨਾ ਮੜ੍ਹਿਆ






ਚੇਤ ਮਹੀਨੇ ਦੀ ਸ਼ੁਰੂਆਤ ਮੌਕੇ ਜਿਥੇ ਨਵੇਂ ਨਾਨਕਸ਼ਾਹੀ ਸੰਮਤ ਦੀ ਆਰੰਭਤਾ ਹੁੰਦੀ ਹੈ, ਉਥੇ ਹਰ ਪਾਸੇ ਪੌਣਾਂ ਵਿੱਚ ਘੁਲੀਆਂ ਸੁੰਗੰਧੀਆਂ ਕਾਰਨ ਚਾਰ ਚੁਫੇਰਾ ਮਹਿਕਦਾ ਲੱਗਦਾ ਹੈ। ਚੇਤ ਮਹੀਨੇ ਸਿਆਲ ਦੀ ਰੁੱਤ ਅਲਵਿਦਾ ਕਹਿ ਦਿੰਦੀ ਹੈ ਅਤੇ ਬਸੰਤ ਰੁੱਤ ਆਪਣੇ ਪੂਰੇ ਜੋਬਨ 'ਤੇ ਹੁੰਦੀ ਹੈ। ਚੇਤ ਮਹੀਨੇ ਜਿਥੇ ਸਰੋਂ ਦੀ ਫਸਲ ਖੇਤਾਂ ਵਿੱਚ ਪੱਕ ਜਾਂਦੀ ਹੈ ਅਤੇ ਖੇਤਾਂ ਵਿੱਚ ਬਨਸਪਤੀ 'ਤੇ ਹਰ ਪਾਸੇ ਸਰੋਂ ਦੇ ਪੀਲੇ ਅਤੇ ਬਸੰਤੀ ਫੁੱਲਾਂ ਕਾਰਨ ਪੀਲੀ ਤੇ ਖੱਟੀ- ਬਸੰਤੀ ਚਾਦਰ ਵਿੱਛੀ ਦਿਖਾਈ ਦਿੰਦੀ ਹੈ। ਇਸ ਤੋਂ ਇਲਾਵਾ ਖੇਤਾਂ ਵਿੱਚ ਖੜੀ ਕਣਕ ਦੀ ਫਸਲ ਵੀ ਭਰ ਜੋਬਨ 'ਤੇ ਆ ਕੇ ਦਿਨ ਰਾਤ ਰੁਮਕਦੀ ਠੰਡੀ ਵਾਅ ਨਾਲ ਅੱਠਖੇਲੀਆਂ ਕਰਦੀ ਲੱਗਦੀ ਹੈ। ਠੰਡੀ ਠੰਡੀ ਅਤੇ ਸਿੱਲੀ ਸਿੱਲੀ ਹਵਾ ਦੇ ਵਾਵਰੋਲੇ ਹਰ ਮਨੁੱਖ ਨੂੰ ਧੁਰ ਅੰਦਰ ਤੱਕ ਠਾਰ ਜਾਂਦੇ ਹਨ ਅਤੇ ਹਰ ਵਿਅਕਤੀ ਦੇ ਮਨ ਵਿੱਚ ਸ਼ਾਂਤੀ ਭਰ ਦਿੰਦੇ ਹਨ। ਚੇਤ ਮਹੀਨੇ ਦੀ ਵਿੱਲਖਣਤਾ ਇਹ ਵੀ ਹੈ ਕਿ ਇਸ ਮਹੀਨੇ ਦਿਨ ਅਤੇ ਰਾਤ ਇਕੋ ਜਿਹੇ ਲੰਬੇ ਹੁੰਦੇ ਹਨ। ਚੇਤ ਮਹੀਨੇ ਦੌਰਾਨ ਜਿਥੇ ਧੁੱਪ ਵਿੱਚ ਆਉਣ 'ਤੇ ਗਰਮੀ ਮਹਿਸੂਸ ਹੁੰਦੀ ਹੈ, ਉਥੇ ਛਾਵੇਂ ਖੜਨ 'ਤੇ ਕੁਝ ਠੰਡਕ ਮਹਿਸੂਸ ਹੁੰਦੀ ਹੈ। ਇਸ ਤਰਾਂ ਨਵੇਂ ਸਾਲ ਦੀ ਸ਼ੁਰੂਆਤ ਵਾਲਾ ਇਹ ਮਹੀਨਾ ਇਤਿਹਾਸ ਅਤੇ ਸੱਭਿਆਚਾਰ ਵਿੱਚ ਵੱਖਰੀ ਮਹੱਤਤਾ ਰੱਖਦਾ ਹੈ।

ਪੰਜਾਬੀ ਦੇ ਮਹਾਨ ਸ਼ਾਇਰ ਤੇ ਕਵੀ ਚੇਤਰ ਮਹੀਨੇ ਨੂੰ ਜੋਬਨ ਦਾ ਮਹੀਨਾ ਮੰਨਦੇ ਹਨ। ਸ਼ਿਵ ਕੁਮਾਰ ਬਟਾਲਵੀ ਤਾਂ ਚੇਤ ਮਹੀਨੇ ਨੂੰ ਜੋਬਨ ਰੁੱਤ ਕਹਿੰਦਾ ਹੈ। ਚੇਤ ਮਹੀਨੇ ਜਿਥੇ ਕਣਕ ਅਤੇ ਸਰੋਂ ਦੀਆਂ ਫਸਲਾਂ ਭਰ ਜੋਬਨ 'ਤੇ ਹੁੰਦੀਆਂ ਹਨ। ਇਸ ਮਹੀਨੇ ਭਾਵੇਂ ਅਸਮਾਨ ਸਾਫ ਹੁੰਦਾ ਹੈ ਪਰ ਕਦੇ ਕਦੇ



ਕਾਲੀਆਂ ਘਟਾਵਾਂ ਦੇ ਚੜ੍ਹਨ ਨਾਲ ਮੌਸਮ ਸੋਹਾਵਣਾ ਹੋ ਜਾਂਦਾ ਹੈ। ਚੇਤਰ ਮਹੀਨੇ ਵਿੱਚ ਅੰਬਰ ਤੇ ਧਰਤੀ ਦੇ ਨਾਲ ਨਾਲ ਕੁਦਰਤ ਵੀ ਮੌਲਦੀ ਹੈ। ਇਸੇ ਤਰਾਂ ਚੇਤ ਮਹੀਨੇ ਵਿੱਚ ਮਨੁੱਖ ਦੀਆਂ ਵੇਖਣ, ਸੁਣਨ, ਸੁੰਘਣ ਅਤੇ ਮਹਿਸੂਸਣ ਦੀਆਂ ਸਾਰੀਆਂ ਇੰਦਰੀਆਂ ਮੌਲਦੀਆਂ ਹਨ। ਕਹਿਣ ਦਾ ਭਾਵ ਇਹ ਹੈ ਕਿ ਚੇਤ ਮਹੀਨੇ ਕੁਦਰਤ ਨਾਲ ਹੀ ਹਰ ਚੀਜ ਹੀ ਮੌਲਣ ਲੱਗਦੀ ਹੈ ਜੋ ਕਿ ਜਿੰਦਗੀ ਦੇ ਇੱਕ ਨਵੇਂ ਅਧਿਆਏ ਦੀ ਸ਼ੁਰੂਆਤ ਕਰਦੀ ਹੈ। ਚੇਤ ਮਹੀਨੇ ਵਿੱਚ ਮੰਗਣੇ ਅਤੇ ਵਿਆਹ ਬਹੁਤ ਵੱਡੀ ਗਿਣਤੀ ਵਿੱਚ ਹੁੰਦੇ ਹਨ। ਚੇਤ ਮਹੀਨੇ ਨੂੰ ਪਿਆਰ ਦਾ ਮੌਸਮ ਵੀ ਕਿਹਾ ਜਾਂਦਾ ਹੈ। ਇਸ ਮਹੀਨੇ ਮੁਕਲਾਵਾ ਲੈਣ ਨੂੰ ਹਰ ਨੌਜਵਾਨ ਦਾ ਦਿਲ ਕਰਦਾ ਹੈ। ਕਈ ਵਾਰ ਚੇਤ ਮਹੀਨੇ ਪੱਛਮ ਵਿੱਚ ਕਾਲੀਆਂ ਘਟਾਵਾਂ ਵੀ ਚੜ੍ਹ ਪੈਂਦੀਆਂ ਹਨ, ਇਹਨਾਂ ਕਾਲੀਆਂ ਘਟਾਵਾਂ ਨੂੰ ਵੇਖ ਕੇ ਕਿਸਾਨਾਂ ਦੇ ਸੀਨੇ ਵਿੱਚ ਹੌਲ ਜਿਹਾ ਪੈਂਦਾ ਹੈ। ਕਿਹਾ ਜਾਂਦਾ ਹੈ ਕਿ ਵਰ੍ਹਿਆ ਚੇਤ, ਨਾ ਘਰ ਨਾ ਖੇਤ।

ਚੇਤ ਮਹੀਨੇ ਹਰ ਫੁੱਲ ਬੂਟੇ, ਪੇੜ ਪੌਦੇ ਤੇ ਰੁੱਖ ਭਰ ਜਵਾਨ ਲੱਗਦੇ ਹਨ ਅਤੇ ਇਹਨਾਂ ਉਪਰ ਬਹਾਰ ਆਪਣੇ ਪੂਰੇ ਜੋਬਨ ਉਪਰ ਆ ਕੇ ਪੈਲਾਂ ਪਾਉਂਦੀ ਨੱਚਦੀ- ਗਾਉਂਦੀ ਹੈ। ਠੰਡੀ ਠੰਡੀ ਤੇ ਤੇਜ ਚਾਲ ਚਲਦੀ ਹਵਾ ਵਿੱਚ ਝੂਲਦੇ ਇਹ ਫੁੱਲ ਪੌਦੇ ਬਹੁਤ ਹੀ ਸੁੰਦਰ ਦ੍ਰਿਸ਼ ਪੇਸ਼ ਕਰਦੇ ਹਨ ਅਤੇ ਇੱਕ ਦੂਜੇ ਨੂੰ ਦੇਸੀ ਨਵੇਂ ਸਾਲ ਦੀਆਂ ਵਧਾਈਆਂ ਦਿੰਦੇ ਪ੍ਰਤੀਕ ਹੁੰਦੇ ਹਨ।

ਚੇਤ ਮਹੀਨੇ ਵਿੱਚ ਜਿਥੇ ਰੁੱਖ ਵੀ ਆਪਣੇ ਬਸਤਰ ਵਟਾ ਕੇ ਨਵਾਂ ਚੋਲਾ ਪਹਿਣ ਲੈਂਦੇ ਹਨ ਭਾਵ ਉਹਨਾਂ ਉਪਰ ਨਵੇਂ ਫੁੱਲ ਪੱਤੀਆਂ, ਫੁੱਲ ਤੇ ਫਲ ਆ ਜਾਂਦੇ ਹਨ। ਉਸੇ ਤਰਾਂ ਚੇਤ ਮਹੀਨੇ ਵਿੱਚ ਆਮ ਲੋਕ ਵੀ ਆਪਣੇ ਬਸਤਰਾਂ ਨੂੰ ਬਦਲਣਾ ਸ਼ੁਰੂ ਕਰ ਦਿੰਦੇ ਹਨ। ਵੱਡੀ ਗਿਣਤੀ ਲੋਕ ਇਸ ਮਹੀਨੇ ਕੋਟੀਆਂ ਸਵੈਟਰਾਂ ਨੂੰ ਤਿਲਾਂਜਲੀ ਦੇ ਕੇ ਟੀ ਸ਼ਰਟਾਂ ਤੇ ਆਮ ਕੱਪੜੇ ਪਾਉਣੇ ਸ਼ੁਰੂ ਕਰ ਦਿੰਦੇ ਹਨ। ਚੇਤ ਮਹੀਨੇ ਵਿੱਚ ਕਣਕਾਂ ਵੀ ਰੰਗ ਵਟਾ ਲੈਂਦੀਆਂ ਹਨ। ਕਣਕਾਂ ਹਰੇ ਕਚੂਰ ਰੰਗ ਨੂੰ ਬਦਲ ਕੇ ਸੋਨੇ ਰੰਗੀਆਂ ਹੋ ਜਾਂਦੀਆਂ ਹਨ।

ਚੇਤ ਮਹੀਨੇ ਵਿਚ ਹਰ ਅੱਲੜ੍ਹ ਅਤੇ ਨੌਜਵਾਨ ਮੁੰਡੇ ਕੁੜੀ ਦੇ ਸਾਹਾਂ ਵਿਚੋਂ ਵੀ ਇਤਰ ਦੀ ਖੁਸ਼ਬੂ ਨਿਕਲਦੀ ਹੈ, ਉਹਨਾਂ ਦੇ ਸਾਹਾਂ ਵਿੱਚ ਚੰਬਾ ਘੁਲਦਾ ਹੈ ਅਤੇ ਅੱਲੜਾਂ ਤੇ ਨੌਜਵਾਨਾਂ ਦੇ ਮਸਤਕ ਵਿਚੋਂ ਮਹਿਕਾਂ ਨਿਕਲ ਕੇ ਚੁਫੇਰੇ ਨੂੰ ਰੰਗੀਨ ਅਤੇ ਮਹਿਕਨੁਮਾ ਬਣਾ ਦਿੰਦੀਆਂ ਹਨ।

ਚੇਤ ਮਹੀਨੇ ਹੀ ਅੰਬਾਂ ਨੂੰ ਬੂਰ ਪੈਣ ਲੱਗਦਾ ਹੈ ਅਤੇ ਅੰਬਾਂ ਦੇ ਰੁੱਖਾਂ ਉਪਰ ਬੈਠੀ ਕੂਕਦੀ ਕੋਇਲ ਦੀ ਆਵਾਜ਼ ਹਰ ਇੱਕ ਦੇ ਸੀਨੇ ਵਿੱਚ ਉਤਰਦੀ ਜਾਂਦੀ ਹੈ। ਚੇਤ ਮਹੀਨੇ ਵਿੱਚ ਕੋਇਲਾਂ ਅੰਬ ਦੇ ਰੁੱਖਾਂ ਉੱਪਰ ਬੈਠ ਕੇ 'ਵਸਲ' ਦੇ ਗੀਤ ਗਾਉਂਦੀਆਂ ਹਨ। ਚੇਤ ਮਹੀਨੇ ਵਿੱਚ ਦਿਨ ਚੜਨ ਵੇਲੇ ਉਗਦੇ ਸੂਰਜ ਦਾ ਸਮਾਂ ਬਹੁਤ ਹੀ ਆਨੰਦ ਦੇਣ ਵਾਲਾ ਹੁੰਦਾ ਹੈ। ਚੇਤ ਮਹੀਨੇ ਵਿੱਚ ਦਿਨ ਚੜਨ ਵੇਲੇ ਜਦੋਂ ਸੂਰਜ ਦੀ ਲਾਲੀ ਅੰਬਰ ਵਿੱਚ ਫੈਲਦੀ ਹੈ ਤਾਂ ਉਹ ਬਹੁਤ ਹੀ ਸੁੰਦਰ ਦ੍ਰਿਸ਼ ਪੈਦਾ ਕਰਦੀ ਹੈ। ਇਸੇ ਤਰਾਂ ਚੇਤ ਮਹੀਨੇ ਦੀ ਆਥਣ-ਸ਼ਾਮ ਵੀ ਬਹੁਤ ਹੀ ਸੋਹਣੀ ਹੁੰਦੀ ਹੈ, ਜਿਸ ਨੂੰ ਕਿ ਸੁਰਮਈ ਸ਼ਾਮ ਵੀ ਕਹਿ ਦਿੰਦੇ ਹਨ। ਚੇਤ ਮਹੀਨੇ ਵਿੱਚ ਆਥਣ ਵੇਲੇ ਜਦੋਂ ਸੂਰਜ ਡੁੱਬਦਾ ਹੈ ਤਾਂ ਇਸ ਤਰਾਂ ਲੱਗਦਾ ਹੈ ਜਿਵੇਂ ਉਹ ਖੇਤਾਂ ਵਿਚ ਖੜੀਆਂ ਫਸਲਾਂ ਉਪਰ ਲੋਟਣੀਆਂ ਖਾ ਰਿਹਾ ਹੋਵੇ ਅਤੇ ਫਿਰ ਇਹ ਸੂਰਜ ਹੌਲੀ ਹੌਲੀ ਅੱਖਾਂ ਤੋਂ ਉਹਲੇ ਹੋ ਜਾਂਦਾ ਹੈ ਅਤੇ ਕਿਸੇ ਦੂਸਰੀ ਦੁਨੀਆਂ ਵਿੱਚ ਜਾ ਕੇ ਪ੍ਰਕਾਸ਼ ਕਰ ਦਿੰਦਾ ਹੈ।

ਚੇਤ ਮਹੀਨੇ ਸਾਨੂੰ ਆਪਣਾ ਆਲਾ ਦੁਆਲਾ ਖਿੜਿਆ ਲੱਗਦਾ ਹੈ ਅਤੇ ਹਰ ਪਾਸੇ ਰੁਮਕਦੀ ਠੰਡੀ ਸ਼ੀਤਲ ਵਾਅ ਸੁੰਗੰਧੀਆਂ ਵੰਡਦੀ ਅਤੇ ਚਾਰ ਚੁਫੇਰਾ ਮਹਿਕਾਉਂਦੀ ਜਾਂਦੀ ਹੈ, ਜੋ ਕਿ ਜਵਾਨ ਦਿਲਾਂ ਵਿੱਚ ਝਰਨਾਟਾਂ ਪੈਦਾ ਕਰ ਦਿੰਦੀ ਹੈ ਅਤੇ ਅੱਧਖੜ ਤੇ ਬਜੁਰਗਾਂ ਨੂੰ ਉਹਨਾਂ ਦੀ ਜਵਾਨੀ ਚੇਤੇ ਕਰਵਾ ਜਾਂਦੀ ਹੈ। ਇਸੇ ਕਰਕੇ ਹੀ ਤਾਂ ਚੇਤ ਮਹੀਨੇ ਨੂੰ ਸ਼ਾਇਰਾਂ ਤੇ ਕਵੀਆਂ ਵਲੋਂ ਜੋਬਨ ਰੁੱਤ ਦਾ ਮਹੀਨਾ ਕਿਹਾ ਜਾਂਦਾ ਹੈ।







### ਸਵੀਡਨ ਦੇ ਵੀ-ਡੇਮ ਇੰਸਟੀਚਿਊਟ ਨੇ ਜਾਰੀ ਕੀਤੀ ਰਿਪੋਰਟ

# ਭਾਰਤ ਦੁਨੀਆਂ ਦੇ ਸਭ ਤੋਂ ਭੈੜੇ ਤਾਨਾਸ਼ਾਹੀ ਦੇਸ਼ਾਂ ’ਚੋਂ ਇੱਕ

## ਮੋਦੀ ਸਰਕਾਰ ਨੇ ਆਲੋਚਕਾਂ ਨੂੰ ਚੁੱਪ ਕਰਵਾਉਣ ਲਈ ਦੇਸ਼ਧ੍ਰੋਹ ਤੇ ਅੱਤਵਾਦ ਵਿਰੋਧੀ ਕਾਨੂੰਨਾਂ ਦੀ ਵਰਤੋਂ ਕੀਤੀ

## ਸੰਸਥਾ ਨੇ ਕਿਹਾ ਕਿ ਜੇ ਭਾਜਪਾ ਜਿੱਤੀ ਤਾਂ ਤਾਨਾਸ਼ਾਹੀ ਵਿੱਚ ਹੋਰ ਵਾਧਾ ਹੋਵੇਗਾ

ਹਾਲ ਹੀ ਦੇ ਸਾਲਾਂ ਵਿੱਚ, ਭਾਰਤ ਦੁਨੀਆਂ ਦੇ ਸਭ ਤੋਂ ਭੈੜੇ ਤਾਨਾਸ਼ਾਹੀ ਦੇਸ਼ਾਂ ਵਿੱਚੋਂ ਇੱਕ ਬਣ ਗਿਆ ਹੈ। ਬੀਤੇ ਦਿਨੀਂ ਜਾਰੀ ਸਵੀਡਨ ਆਧਾਰਿਤ ਵੈਰਾਇਟੀ ਆਫ ਡੈਮੋਕਰੇਸੀ ਇੰਸਟੀਚਿਊਟ ਦੀ ਰਿਪੋਰਟ ਵਿਚ ਇਹ ਗੱਲ ਕਹੀ ਗਈ ਹੈ। ‘ਡੈਮੋਕਰੇਸੀ ਵਿਨਿੰਗ ਐਂਡ ਲੌਜ਼ਿੰਗ ਐਟ ਦਿ ਬੈਲਟ’ ਸਿਰਲੇਖ ਵਾਲੀ ਰਿਪੋਰਟ ਵਿੱਚ, ਸੰਸਥਾ ਨੇ ਕਿਹਾ ਕਿ ਭਾਰਤ ਵਿੱਚ ਅਜੇ ਵੀ 2024 ਤੱਕ ਚੋਣਤਮਕ ਤੌਰ ’ਤੇ ਤਾਨਾਸ਼ਾਹੀ ਰਹੇਗਾ, ਕਿਉਂਕਿ ਇਸਦੀ ਪਛਾਣ ਪਹਿਲੀ ਵਾਰ 2018 ਵਿੱਚ ਕੀਤੀ ਗਈ ਸੀ।

ਸਵੀਡਨ-ਅਧਾਰਿਤ ਇੰਸਟੀਚਿਊਟ ਦੇਸ਼ਾਂ ਨੂੰ ਲੋਕਤੰਤਰੀਕਰਨ ਅਤੇ ਤਾਨਾਸ਼ਾਹੀ ਦੇ ਵਿਚਕਾਰ ਚਾਰ ਪਰਿਵਰਤਨਸ਼ੀਲ ਪੜਾਵਾਂ ਵਿੱਚ ਸ਼੍ਰੇਣੀਬੱਧ ਕਰਦਾ ਹੈ। ਇਹ ਚੋਣਾਂਵੀ ਤਾਨਾਸ਼ਾਹੀ ਨੂੰ ਇੱਕ ਅਜਿਹੀ ਪ੍ਰਣਾਲੀ ਵਜੋਂ ਪਰਿਭਾਸ਼ਿਤ ਕਰਦਾ ਹੈ ਜਿਸ ਵਿੱਚ ਕਾਰਜਕਾਰਨੀ ਦੀ ਚੋਣ ਕਰਨ ਲਈ ਕਈ ਚੋਣਾਂ ਕਰਵਾਈਆਂ ਜਾਂਦੀਆਂ ਹਨ ਪਰ ਇਸਦੇ ਨਾਲ ਹੀ ਬੋਲਣ ਦੀ ਆਜ਼ਾਦੀ ਅਤੇ ਸੰਗਠਨ ਤੇ ਸੁਤੰਤਰ ਅਤੇ ਨਿਰਪੱਖ ਚੋਣਾਂ ਵਰਗੀਆਂ ਬੁਨਿਆਦੀ ਲੋੜਾਂ ਦੀ ਵਿਆਪਕ ਅਣਹੋਂਦ ਹੈ।

ਵੀ-ਡੇਮ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਸਮੇਤ 42 ਦੇਸ਼ਾਂ ਵਿੱਚ ਤਾਨਾਸ਼ਾਹੀ ਦੀ ਪ੍ਰਕਿਰਿਆ ਚੱਲ ਰਹੀ ਹੈ, ਜੋ ਸਮੂਹਿਕ ਤੌਰ ’ਤੇ ਵਿਸ਼ਵ ਦੀ ਆਬਾਦੀ ਦਾ 35 ਫੀਸਦੀ ਹਿੱਸਾ ਨਿਰਮਾਣ ਕਰਦੇ ਹਨ। ਸੰਸਥਾ ਨੇ ਕਿਹਾ ਕਿ ਭਾਰਤ ਦੁਨੀਆਂ ਦੀ



18 ਫੀਸਦੀ ਆਬਾਦੀ ਦੀ ਨੁਮਾਇੰਦਗੀ ਕਰਦਾ ਹੈ। ਇਸ ਦਾ ਮਤਲਬ ਹੈ ਕਿ ਦੁਨੀਆਂ ਦੀ ਅੱਧੀ ਆਬਾਦੀ, ਜੋ ਤਾਨਾਸ਼ਾਹੀ ਦੇ ਜੰਜੀਰਾਂ ਹੇਠ ਦੱਬੀ ਹੋਈ ਹੈ, ਭਾਰਤ ਵਿੱਚ ਰਹਿੰਦੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਨਰਿੰਦਰ ਮੋਦੀ ਸਰਕਾਰ ਨੇ ਆਲੋਚਕਾਂ ਨੂੰ ਚੁੱਪ ਕਰਵਾਉਣ ਲਈ ਦੇਸ਼ਧ੍ਰੋਹ ਅਤੇ ਅੱਤਵਾਦ ਵਿਰੋਧੀ ਕਾਨੂੰਨਾਂ ਦੀ ਵਰਤੋਂ ਕੀਤੀ ਹੈ।

ਇਸ ਵਿੱਚ ਅੱਗੇ ਕਿਹਾ ਗਿਆ ਹੈ ਕਿ 2019 ਵਿੱਚ ਯੂਏਪੀਏ ਐਕਟ ਵਿੱਚ ਬਦਲਾਅ ਕਰਕੇ, ਭਾਜਪਾ ਸਰਕਾਰ ਨੇ ਧਰਮ ਨਿਰਪੱਖਤਾ ਪ੍ਰਤੀ ਸੰਵਿਧਾਨ ਦੀ ਵਚਨਬੱਧਤਾ ਨੂੰ ਨਜ਼ਰਅੰਦਾਜ਼ ਕੀਤਾ ਸੀ। 2019 ਦੀ ਇਹ ਸੰਵਿਧਾਨਕ ਤਬਦੀਲੀ ਕੇਂਦਰ ਸਰਕਾਰ ਨੂੰ ਵਿਅਕਤੀਗਤ ਪੱਧਰ ’ਤੇ ਲੋਕਾਂ ਨੂੰ ਅੱਤਵਾਦੀ ਘੋਸ਼ਿਤ ਕਰਨ ਦਾ ਅਧਿਕਾਰ ਦਿੰਦੀ ਹੈ। ਇਸ ਨਾਲ ਜਾਂਚ ਏਜੰਸੀ ਐਨਆਈਏ ਨੂੰ ਮਾਮਲਿਆਂ ਦੀ ਜਾਂਚ ਲਈ ਹੋਰ ਸ਼ਕਤੀਆਂ ਦਿੰਦੀ ਹੈ।

ਵੀ-ਡੇਮ ਨੇ ਕਿਹਾ ਕਿ ਭਾਰਤ ਮੀਡੀਆ ਉੱਪਰ ਸੈਂਸਰ ਲਗਾਉਣ ਦੀਆਂ ਵਧਦੀਆਂ ਕੋਸ਼ਿਸ਼ਾਂ ਵਿੱਚ ਅਲ ਸਲਵਾਡੋਰ ਅਤੇ ਮਾਰੀਸ਼ਸ ਵਰਗੀਆਂ ਬਦਤਰ ਹਮਲਾਵਰ ਸਰਕਾਰਾਂ ਦੀ ਸ਼੍ਰੇਣੀ ਵਿੱਚ ਖੜ੍ਹਾ ਹੈ।

ਰਿਪੋਰਟ ਅਨੁਸਾਰ ਭਾਰਤ ਸਰਕਾਰ ਧਾਰਮਿਕ ਆਜ਼ਾਦੀ ਨੂੰ ਲਗਾਤਾਰ ਦਬਾ ਰਹੀ ਹੈ। ਰਾਜਨੀਤਿਕ ਵਿਰੋਧੀਆਂ ਨੂੰ ਧਮਕੀਆਂ, ਸਰਕਾਰੀ ਨੀਤੀਆਂ ਦਾ ਵਿਰੋਧ ਕਰਨ ਵਾਲਿਆਂ ਅਤੇ ਅਕਾਦਮਿਕ ਖੇਤਰ ਵਿੱਚ ਕੰਮ ਕਰਨ ਵਾਲੇ ਆਲੋਚਕਾਂ ਨੂੰ ਚੁੱਪ ਕਰਾਉਣਾ ਹੁਣ ਆਮ ਹੋ ਗਿਆ ਹੈ।

ਸੰਸਥਾ ਨੇ ਕਿਹਾ ਕਿ ਆਉਣ ਵਾਲੀਆਂ ਤੀਜੀਆਂ ਆਮ ਚੋਣਾਂ ਵਿੱਚ ਭਾਜਪਾ ਦੀ ਜਿੱਤ ਦੀ ਸੰਭਾਵਨਾ ਵੀ ਲਗਾਤਾਰ ਪ੍ਰਗਟਾਈ ਜਾ ਰਹੀ ਹੈ। ਅਜਿਹੀ ਸਥਿਤੀ ਵਿੱਚ, ਇਹ ਦੱਸਣਾ ਚਾਹੀਦਾ ਹੈ ਕਿ ਇਸ ਨਾਲ ਤਾਨਾਸ਼ਾਹੀ ਵਿੱਚ ਹੋਰ ਵਾਧਾ ਹੋਵੇਗਾ। ਅਜਿਹੀ ਸਥਿਤੀ ਵਿੱਚ ਮੋਦੀ ਦੀ ਅਗਵਾਈ ਵਿੱਚ ਪਹਿਲਾਂ ਹੀ ਵੱਡੇ ਪੱਧਰ ’ਤੇ ਜਮਹੂਰੀ ਨਿਘਾਰ ਆ ਚੁੱਕਾ ਹੈ ਅਤੇ ਘੱਟ ਗਿਣਤੀਆਂ ਅਤੇ ਨਾਗਰਿਕ ਅਧਿਕਾਰਾਂ ’ਤੇ ਲਗਾਤਾਰ ਹਮਲੇ ਹੋ ਰਹੇ ਹਨ।

ਸੰਸਥਾ ਨੇ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਭਾਰਤ ਦੀ ਤਾਨਾਸ਼ਾਹੀ ਦੀ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਦਸਤਾਵੇਜ਼ੀ ਰੂਪ ਦਿੱਤਾ ਗਿਆ ਹੈ। ਜਿਸ ਵਿੱਚ ਬੋਲਣ ਦੀ ਆਜ਼ਾਦੀ ਹੌਲੀ-ਹੌਲੀ ਪਰ ਵੱਡੇ ਪੱਧਰ ’ਤੇ ਘਟੀ ਹੈ। ਇਸ ਹਿੱਸੇ ਵਿੱਚ ਮੀਡੀਆ ਦੀ ਆਜ਼ਾਦੀ, ਸੋਸ਼ਲ ਮੀਡੀਆ ’ਤੇ ਹਮਲੇ, ਸਰਕਾਰ ਦੀ ਆਲੋਚਨਾ ਕਰਨ ਵਾਲੇ ਪੱਤਰਕਾਰਾਂ ਨੂੰ ਪਰੇਸ਼ਾਨ ਕਰਨਾ ਅਤੇ ਸਿਵਲ ਸੁਸਾਇਟੀ ’ਤੇ ਹਮਲੇ ਅਤੇ ਵਿਰੋਧੀ ਧਿਰ ਨੂੰ ਧਮਕੀਆਂ ਵਰਗੀਆਂ ਚੀਜ਼ਾਂ ਸ਼ਾਮਲ ਹਨ।

ਇੰਸਟੀਚਿਊਟ ਦੁਆਰਾ ਕਰਵਾਏ ਗਏ 2023 ਲਿਬਰਲ ਡੈਮੋਕਰੇਸੀ ਇੰਡੈਕਸ ਸਰਵੇਖਣ ਵਿੱਚ ਭਾਰਤ 179 ਦੇਸ਼ਾਂ ਵਿੱਚੋਂ 104ਵੇਂ ਸਥਾਨ ’ਤੇ ਹੈ। ਇਹ ਸੂਚਕਾਂਕ ਲੋਕਤੰਤਰ ਦੇ ਉਦਾਰਵਾਦੀ ਅਤੇ ਚੋਣਵੇਂ ਪਹਿਲੂਆਂ ਨੂੰ ਕਵਰ ਕਰਦਾ ਹੈ। ਇਸ ਵਿੱਚ ਕੁੱਲ 71 ਮਾਪਦੰਡ ਸ਼ਾਮਲ ਹਨ ਜਿਨ੍ਹਾਂ ਦੇ ਆਧਾਰ ’ਤੇ ਇਸ ਦਾ ਮੁਲਾਂਕਣ ਕੀਤਾ ਜਾਂਦਾ ਹੈ ਅਤੇ ਇਹ ਦੋ ਭਾਗਾਂ ਵਿੱਚ ਵੰਡੇ ਹੋਏ ਹਨ। ਪਹਿਲਾ ਇਲੈਕਟੋਰਲ ਡੈਮੋਕਰੇਸੀ ਇੰਡੈਕਸ ਅਤੇ ਦੂਜਾ ਲਿਬਰਲ ਕੰਪੋਨੈਂਟ ਇੰਡੈਕਸ ਹੈ।

ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਇਸ ਸਾਲ ਦੀ ਰਿਪੋਰਟ ’ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ। ਹਾਲਾਂਕਿ ਇਸ ਤੋਂ ਪਹਿਲਾਂ ਬੀਡੇਮ ਅਤੇ ਅਮਰੀਕੀ ਸੰਗਠਨ ਦੀ ਇੱਕ ਰਿਪੋਰਟ ’ਤੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਕਿਹਾ ਸੀ ਕਿ ਦੇਸ਼ ਨੂੰ ਦੁਨੀਆਂ ਦੇ ਸਵੈ-ਘੋਸ਼ਿਤ ਰਖਵਾਲਿਆਂ ਤੋਂ ਅਜਿਹੇ ਕਿਸੇ ਨੈਤਿਕ ਭਾਸ਼ਣ ਦੀ ਜ਼ਰੂਰਤ ਨਹੀਂ ਹੈ।

# ਚਿੰਤਾਜਨਕ ਹੈ ਲੋਕਤੰਤਰ ਵਿੱਚ ਵਿਸ਼ਵਾਸ ਘਟਣਾ

## 42 ਫ਼ੀਸਦੀ ਨੌਜਵਾਨ ਲੋਕਤੰਤਰ ਨਹੀਂ ਸਗੋਂ ਫੌਜੀ ਸਿਸਟਮ ਚਾਹੁੰਦੇ ਹਨ : ਓਪਨ ਸੋਸਾਇਟੀ ਫਾਊਂਡੇਸ਼ਨ

ਲੋਕਤੰਤਰ ਨੂੰ ਹੁਣ ਤੱਕ ਦੀ ਸਰਵੋਤਮ ਸ਼ਾਸਨ ਪ੍ਰਣਾਲੀ ਮੰਨਿਆ ਗਿਆ ਹੈ। ਇਸ ਨੂੰ ਹਾਸਲ ਕਰਨ ਜਾਂ ਕਾਇਮ ਰੱਖਣ ਲਈ ਬਹੁਤੇ ਦੇਸ਼ ਦਿਨ-ਰਾਤ ਯਤਨਸ਼ੀਲ ਹਨ ਪਰ ਵਿਸ਼ਵ ਪ੍ਰਸਿੱਧ ਓਪਨ ਸੋਸਾਇਟੀ ਫਾਊਂਡੇਸ਼ਨ (ਓ.ਐੱਸ.ਐੱਫ.) ਦੀ ਤਾਜ਼ਾ ਸਰਵੇਖਣ ਰਿਪੋਰਟ ਚਿੰਤਾਜਨਕ ਹੈ ਜਿਸ ਅਨੁਸਾਰ ਦੁਨੀਆ ਦੇ 42 ਫੀਸਦੀ ਨੌਜਵਾਨ ਲੋਕਤੰਤਰ ਨਹੀਂ ਸਗੋਂ ਫੌਜੀ ਸਿਸਟਮ ਚਾਹੁੰਦੇ ਹਨ। ਆਪਣੇ ਦੇਸ਼ਾਂ ਵਿੱਚ ਰਾਜ ਕਰੋ- ਇਹ ਬਦਲਦੀ ਤਰਜੀਹ ਸਮੁੱਚੇ ਸੰਸਾਰ ਲਈ ਖ਼ਤਰਨਾਕ ਵਿਚਾਰਧਾਰਕ ਰੁਝਾਨ ਬਣ ਸਕਦੀ ਹੈ। ਇਸ ਸੰਦਰਭ ਵਿੱਚ ਸਰਵੇਖਣ ਰਿਪੋਰਟ ਇਹ ਸੰਦੇਸ਼ ਵੀ ਦਿੰਦੀ ਹੈ ਕਿ ਲੋਕਤੰਤਰੀ ਪ੍ਰਣਾਲੀ ਨੂੰ ਚਲਾਉਣ ਲਈ ਜਿਨ੍ਹਾਂ ਦੀ ਜ਼ਿੰਮੇਵਾਰੀ ਹੈ, ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਨੂੰ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣ ਦੀ ਲੋੜ ਹੈ- ਭਾਵੇਂ ਉਹ ਸਰਕਾਰਾਂ ਹੋਣ, ਸੰਵਿਧਾਨਕ ਸੰਸਥਾਵਾਂ ਹੋਣ, ਵਿਰੋਧੀ ਪਾਰਟੀਆਂ ਹੋਣ ਜਾਂ ਫਿਰ ਦੇਸ਼ ਦੇ ਨਾਗਰਿਕ ਹੋਣ। ਜੇਕਰ ਲੋਕਤੰਤਰ ਲੋਕਾਂ ਦੀ ਪਹਿਲੀ ਤਰਜੀਹ ਬਣਨਾ ਬੰਦ ਕਰ ਦਿੰਦਾ ਹੈ ਤਾਂ ਬਿਨਾਂ ਸ਼ੱਕ ਇਹ ਮੰਨਿਆ ਜਾ ਸਕਦਾ ਹੈ ਕਿ ਸੰਸਾਰ ਇੱਕ ਖ਼ਤਰਨਾਕ ਮੋੜ ’ਤੇ ਪਹੁੰਚ ਗਿਆ ਹੈ।

ਇਸ ਫਾਊਂਡੇਸ਼ਨ ਦੀ ਸਥਾਪਨਾ ਮਸ਼ਹੂਰ ਅਮਰੀਕੀ ਸੰਸਦ ਮੈਂਬਰ ਜਾਰਜ ਸੋਰੋਸ ਨੇ ਕੀਤੀ ਹੈ, ਜਿਸ ਦੇ ਕੰਮ ਨੂੰ ਪੂਰੀ ਦੁਨੀਆ ’ਚ ਫੈਲਾਉਣ ਲਈ ਉਨ੍ਹਾਂ ਨੇ 320 ਕਰੋੜ ਅਮਰੀਕੀ ਡਾਲਰ ਦਾਨ ਕੀਤੇ ਹਨ। ਇਹ ਸੰਸਥਾ ਅਸਮਾਨਤਾ ਨੂੰ ਦੂਰ ਕਰਨ ਲਈ ਕੰਮ ਕਰਦੀ ਹੈ। ਸੋਰੋਸ




ਹਾਲ ਹੀ ਵਿੱਚ ਭਾਰਤ ਵਿੱਚ ਉਸ ਸਮੇਂ ਸੁਰਖ਼ੀਆਂ ਵਿੱਚ ਆਇਆ ਜਦੋਂ ਉਸਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦੋਸਤ ਕਾਰੋਬਾਰੀ ਗੌਤਮ ਅਡਾਨੀ ਦੀਆਂ ਕਾਰਵਾਈਆਂ ’ਤੇ ਸਵਾਲ ਉਠਾਏ ਅਤੇ ਸੰਕੇਤ ਦਿੱਤਾ ਕਿ ਭਾਰਤ ਵਿੱਚ ਨਿਵੇਸ਼ ਸੁਰੱਖਿਅਤ ਨਹੀਂ ਹੈ। ਹਾਲਾਂ ਕਿ, ਇੱਥੇ ਚਰਚਾ ਕੀਤੀ ਗਈ ਰਿਪੋਰਟ ਦਾ ਸਰਵੇਖਣ 30 ਦੇਸ਼ਾਂ ਵਿੱਚ ਕੀਤਾ ਗਿਆ ਸੀ, ਜਿਸ ਦੇ ਅਨੁਸਾਰ 18 ਤੋਂ 35 ਸਾਲ ਦੇ ਨੌਜਵਾਨ ਆਪਣੇ ਦੇਸ਼ਾਂ ਵਿੱਚ ਫੌਜੀ ਰਾਜ ਚਾਹੁੰਦੇ ਹਨ ਨਾ ਕਿ ਲੋਕਤੰਤਰ। ਨਾਲ ਹੀ, 35 ਸਾਲ ਤੋਂ ਵੱਧ ਉਮਰ ਦੇ ਲੋਕ ਸੋਚਦੇ ਹਨ ਕਿ ਲੋਕਤੰਤਰੀ ਸਰਕਾਰਾਂ ਗਰੀਬੀ, ਅਸਮਾਨਤਾ, ਜਲਵਾਯੂ ਤਬਦੀਲੀ ਆਦਿ ਵਰਗੇ ਮੁੱਦਿਆਂ ਨਾਲ ਨਜਿੱਠਣ ਦੇ ਸਮਰੱਥ ਨਹੀਂ ਹਨ। ਸਭ ਤੋਂ ਗੰਭੀਰ ਤੱਥ ਜੋ ਸਾਹਮਣੇ ਆਇਆ ਹੈ, ਉਹ ਇਹ ਹੈ ਕਿ ਸਿਰਫ਼ 30 ਫ਼ੀਸਦੀ ਲੋਕਾਂ ਨੂੰ ਹੀ ਆਪਣੀਆਂ ਸਰਕਾਰਾਂ ’ਤੇ ਭਰੋਸਾ ਹੈ। ਸਰਕਾਰਾਂ ਵਿੱਚ ਅਵਿਸ਼ਵਾਸ ਉਨ੍ਹਾਂ ਨੂੰ ਲੋਕਤੰਤਰੀ ਪ੍ਰਣਾਲੀ ਵਿੱਚ ਵੀ ਅਵਿਸ਼ਵਾਸ ਵੱਲ ਧੱਕ ਰਿਹਾ ਹੈ।

ਓ.ਐਸ.ਐਫ. ਦੇ ਪ੍ਰਧਾਨ ਮਾਰਕ ਮਲਕ ਬ੍ਰਾਊਨ ਦੀ ਇਹ ਚਿੰਤਾ ਜਾਇਜ਼ ਹੈ ਜਿਸ ਵਿੱਚ ਉਹ ਕਹਿੰਦੇ ਹਨ ਕਿ ਸਥਿਤੀ ਚਿੰਤਾਜਨਕ ਹੈ। ਲੋਕਤੰਤਰ ਵਿੱਚ ਲੋਕਾਂ ਦਾ ਵਿਸ਼ਵਾਸ ਪੀੜ੍ਹੀ ਦਰ ਪੀੜ੍ਹੀ ਘਟਦਾ ਜਾ ਰਿਹਾ ਹੈ। ਨੌਜਵਾਨਾਂ ਨੂੰ ਲੱਗਦਾ ਹੈ ਕਿ ਲੋਕਤੰਤਰ ਉਨ੍ਹਾਂ ਦੇ ਜੀਵਨ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਦੇ ਸਮਰੱਥ ਨਹੀਂ ਹੈ। ਸੋਚਣਾ ਪਵੇਗਾ ਕਿ ਇਨ੍ਹਾਂ ਮੁਲਕਾਂ ਦੇ ਨਾਗਰਿਕਾਂ, ਖਾਸ ਕਰਕੇ ਨੌਜਵਾਨਾਂ ਦੇ ਰਵੱਈਏ ਵਿੱਚ ਅਜਿਹੀ ਤਬਦੀਲੀ ਕਿਉਂ ਆਈ ਹੈ?

ਕੁਝ ਦਹਾਕੇ ਪਹਿਲਾਂ ਹੀ, ਲੋਕਤੰਤਰ ਪੂਰੀ ਦੁਨੀਆ ਵਿੱਚ ਸਭ ਤੋਂ ਵੱਧ ਪਸੰਦੀਦਾ ਸ਼ਾਸਨ ਪ੍ਰਣਾਲੀ ਬਣ ਗਿਆ ਹੈ। ਜਿੱਥੇ ਇਸ ਪ੍ਰਣਾਲੀ ਨੂੰ ਪਹਿਲੀ ਵਾਰ ਲਾਗੂ ਕੀਤਾ ਗਿਆ, ਉੱਥੇ ਉਸ ਨੇ ਮਨੁੱਖੀ ਵਿਕਾਸ ਦੀਆਂ ਸੁਨਹਿਰੀ ਕਹਾਣੀਆਂ ਲਿਖੀਆਂ। ਇਨ੍ਹਾਂ ਨੂੰ ਪਰਿਪੱਕ ਲੋਕਤੰਤਰੀ ਦੇਸ਼ਾਂ ਵਜੋਂ ਦੇਖਿਆ ਜਾਂਦਾ ਹੈ। ਇਨ੍ਹਾਂ ਵਿੱਚ ਅਮਰੀਕਾ, ਕੈਨੇਡਾ, ਨਿਊਜ਼ੀਲੈਂਡ ਅਤੇ ਕਈ ਯੂਰਪੀ ਦੇਸ਼ ਸ਼ਾਮਲ ਹਨ। ਕੁਝ ਏਸ਼ਿਆਈ, ਲਾਤੀਨੀ ਅਮਰੀਕੀ ਅਤੇ ਇੱਥੋਂ ਤੱਕ ਕਿ ਅਫ਼ਰੀਕੀ ਦੇਸ਼ ਵੀ ਹਨ, ਜਿਨ੍ਹਾਂ ਵਿੱਚ ਇਹ ਪ੍ਰਣਾਲੀ ਬਹੁਤੀ ਮਜ਼ਬੂਤ ਨਹੀਂ ਹੈ ਪਰ ਉਨ੍ਹਾਂ ਨੇ ਇਸ ਨੂੰ ਕਾਇਮ ਰੱਖਿਆ ਹੈ ਅਤੇ ਉੱਥੋਂ ਦੇ ਨਾਗਰਿਕ ਇਸ ਨੂੰ ਕਾਇਮ ਰੱਖਣਾ ਆਪਣੇ ਹਿੱਤ ਵਿੱਚ ਸਮਝਦੇ ਹਨ। ਜਮਹੂਰੀਅਤ ਵਿੱਚ ਉਸਦਾ ਵਿਸ਼ਵਾਸ ਬਰਕਰਾਰ ਹੈ। ਇਨ੍ਹਾਂ ਵਿੱਚੋਂ ਕਈ ਦੇਸ਼ ਅਜਿਹੇ ਹਨ ਜਿੱਥੇ ਫੌਜੀ ਤਾਨਾਸ਼ਾਹ ਚੁਣੀ ਹੋਈ ਸਰਕਾਰ ਨੂੰ ਉਲਟਾ ਕੇ ਸੱਤਾ ’ਤੇ ਕਾਬਜ਼ ਹੋ ਜਾਂਦੇ ਹਨ। ਉਨ੍ਹਾਂ ਦੇਸ਼ਾਂ ਵਿੱਚ ਕਦੇ ਲੋਕਤੰਤਰੀ ਸਰਕਾਰਾਂ ਸੱਤਾ ਵਿੱਚ ਆਉਂਦੀਆਂ ਹਨ ਅਤੇ ਕਦੇ ਫੌਜੀ ਸ਼ਾਸਨ ਦੁਆਰਾ ਉਨ੍ਹਾਂ ਨੂੰ ਬਰਖ਼ਾਸਤ ਕਰ ਦਿੱਤਾ ਜਾਂਦਾ ਹੈ। ਭਾਰਤ ਦੇ ਕਈ ਗੁਆਂਢੀ ਦੇਸ਼ਾਂ ਵਿੱਚ ਅਜਿਹਾ ਹੋਇਆ ਹੈ। ਬੰਗਲਾਦੇਸ਼ ਵਿੱਚ ਅਜਿਹਾ ਹੋਇਆ, ਪਾਕਿਸਤਾਨ ਨੇ ਵੀ ਇਸ ਦਾ ਅਨੁਭਵ ਕੀਤਾ ਅਤੇ ਹੁਣ ਮਿਆਂਮਾਰ ਵਿੱਚ ਫੌਜ ਚੁਣੀ ਹੋਈ ਸਰਕਾਰ ਨੂੰ ਕੂੜੇਦਾਨ ਵਿੱਚ ਸੁੱਟ ਕੇ ਸੱਤਾ ਵਿੱਚ ਹੈ। ਅਜਿਹੇ ਦੇਸ਼ ਵੀ ਹਨ ਜਿੱਥੇ ਇੱਕ-ਪਾਰਟੀ ਸ਼ਾਸਨ ਪ੍ਰਣਾਲੀ ਹੈ - ਰੂਸ, ਚੀਨ, ਉੱਤਰੀ ਕੋਰੀਆ ਆਦਿ। ਸ਼ਾਇਦ ਅਜਿਹੇ ਦੇਸ਼ਾਂ ਦੇ ਨਾਗਰਿਕ ਲੋਕਤੰਤਰੀ ਪ੍ਰਣਾਲੀ ਦੀ ਕੀਮਤ ਬਾਰੇ ਵਧੇਰੇ ਜਾਣੂ ਹੋਣਗੇ।

ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਨਿਰਮਾਤਾ ਬੀ.ਆਰ.ਅੰਬੇਦਕਰ ਨੇ ਸੰਵਿਧਾਨ ਸਭਾ ਵਿੱਚ ਖਰੜਾ ਸੌਂਪਣ ਸਮੇਂ ਆਪਣੇ ਭਾਸ਼ਣ ਵਿੱਚ ਕਿਹਾ ਸੀ ਕਿ ਉਨ੍ਹਾਂ ਨੇ ਸੰਵਿਧਾਨ ਤਾਂ ਬਣਾ ਲਿਆ ਹੈ ਪਰ ਇਹ ਲਾਗੂ ਕਰਨ ਵਾਲਿਆਂ ’ਤੇ ਨਿਰਭਰ ਕਰੇਗਾ ਕਿ ਉਹ ਇਸ ਨੂੰ ਕਿਵੇਂ ਲਾਗੂ ਕਰਦੇ ਹਨ। ਲਗਭਗ ਇਹੀ ਗੱਲ ਲੋਕਤੰਤਰੀ ਪ੍ਰਣਾਲੀ ’ਤੇ ਵੀ ਲਾਗੂ ਹੁੰਦੀ ਹੈ। ਬਹੁਤੇ ਸਮਾਜ ਵਿਗਿਆਨੀ ਅਤੇ ਰਾਜਨੀਤੀ ਵਿਗਿਆਨ ਦੇ ਮਾਹਿਰ ਮੰਨਦੇ ਹਨ ਕਿ ਅੱਜ ਤੱਕ ਦੁਨੀਆਂ ਨੇ ਇਸ ਤੋਂ ਵਧੀਆ ਸ਼ਾਸਨ ਪ੍ਰਣਾਲੀ ਦੀ ਕੋਈ ਖੋਜ ਨਹੀਂ ਕੀਤੀ। ਇਹ ਵੀ ਸੱਚ ਹੈ। ਵਿਅਕਤੀਗਤ ਅਤੇ ਸਮੂਹਿਕ ਵਿਕਾਸ ਦੀ ਜਿੰਨੀ ਗੁੰਜਾਇਸ਼ ਇਸ ਰਾਜਨੀਤਕ ਪ੍ਰਣਾਲੀ ਵਿੱਚ ਉਪਲਬਧ ਹੈ, ਉਹ ਕਿਸੇ ਹੋਰ ਪ੍ਰਣਾਲੀ ਵਿੱਚ ਉਪਲਬਧ ਨਹੀਂ ਹੈ। ਲੋਕਾਂ ਦੁਆਰਾ ਲੋਕਾਂ ਲਈ ਲੋਕਾਂ ਦਾ ਕਿਹਾ ਜਾਣ ਵਾਲਾ ਇਹ ਉੱਤਮ ਤਰੀਕਾ ਵਿਸ਼ਵ ਦੀ ਤਰੱਕੀ, ਸਮਾਜਿਕ ਸਦਭਾਵਨਾ, ਨਾਗਰਿਕ ਆਜ਼ਾਦੀ, ਭਾਈਚਾਰਾ ਅਤੇ ਵਿਸ਼ਵ ਸ਼ਾਂਤੀ ਅਤੇ ਏਕਤਾ ਲਈ ਸਭ ਤੋਂ ਵੱਧ ਲਾਹੇਵੰਦ ਹੈ।

(ਬਾਕੀ ਸਫ਼ਾ 31 ’ਤੇ)

# ‘ਨੇਸ਼ਨ-ਸਟੇਟ’ ਦੀ ਮਿਥ ਤੇ ਸੱਚ ਬਨਾਮ ਸਿੱਖ ਬੁੱਧੀਜੀਵੀਆਂ ਦੇ ਭਰਮ ਭੁਲੇਖੇ



ਜਸਪਾਲ ਸਿੰਘ ਸਿੱਧੂ
ਜਸਪਾਲ ਸਿੰਘ ਸਿੱਧੂ ਯੂ.ਐਨ.ਆਈ. ਤੋਂ ਸੇਵਾਮੁਕਤ ਸੀਨੀਅਰ ਪੱਤਰਕਾਰ ਹੈ।

ਕਾਂਗਰਸ ਅਤੇ ਮੁਸਲਿਮ ਲੀਗ ਦਰਮਿਆਨ 1947 ਦੇ ਅੱਧ ਵਿੱਚ ਭਾਰਤੀ ਉਪ-ਮਹਾਂਦੀਪ ਨੂੰ ਆਪਸ ਵਿੱਚ ਵੰਡ ਲੈਣ ਸਬੰਧੀ ਹੋਏ ਸਮਝੌਤੇ ਤੋਂ ਹੀ ਸਿੱਖ ਭਾਈਚਾਰੇ ਦੇ ਬੁਰੇ ਦਿਨਾਂ ਦੀ ਦਾਸਤਾਂ ਸ਼ੁਰੂ ਹੁੰਦੀ ਹੈ। ਵੱਡੇ ਪੁਰਾਣੇ ਪੰਜਾਬ ਦੀ ਅਬਾਦੀ ਦਾ ਬਾਰ੍ਹਾਂ ਤੇਰ੍ਹਾਂ ਪ੍ਰਤੀਸ਼ਤ ਖੁਸ਼ਹਾਲ ਸਿੱਖ ਬਰਾਦਰੀ ਕੋਲ ਸਮੁੱਚੇ ਸੂਬੇ ਦੀ ਤੀਜਾ ਹਿੱਸਾ ਖੇਤੀ ਜ਼ਮੀਨ ਤੇ ਹੋਰ ਚੰਗੇ ਸਾਧਨਾਂ ਦੀ ਮਾਲਕੀ ਸੀ। ਪੰਜਾਬ ਦੀ ਪੱਧਰੀ ਧਰਤੀ ਉੱਤੇ ਖਿੱਚੀ ਰੈਡਕਲਿਫ ਨਾਮੀ ਵੰਡ ਦੀ ਲਕੀਰ ਪਿਛੋਂ, ਉਜੜੇ-ਉਖੜੇ ਸਿੱਖਾਂ ਨੂੰ ਭਾਰਤੀ ਪੰਜਾਬ ਵਿੱਚ ਆਪਣੀਆਂ ਜਾਇਦਾਦਾਂ ਦਾ ਤੀਜਾ ਕੁ ਹਿੱਸਾ ਪੱਲੇ ਪਿਆ। ਦਸ ਲੱਖ ਦੇ ਕਰੀਬ ਮਾਰੇ ਗਏ ਤੇ 80 ਲੱਖ ਦੇ ਨੇੜੇ-ਤੇੜੇ ਉੱਜੜੇ ਹਿੰਦੂ ਤੇ ਮੁਸਲਮਾਨ ਪੰਜਾਬੀਆਂ ਵਿਚ ਸਿੱਖਾਂ ਦੀ ਕਾਫ਼ੀ ਵੱਡੀ ਗਿਣਤੀ ਸੀ।

ਅੰਗਰੇਜ਼ੀ ਸਾਮਰਾਜ ਵੱਲੋਂ ਕਾਂਗਰਸ ਤੇ ਮੁਸਲਿਮ ਲੀਗ ਨੂੰ ਰਾਜ-ਸੱਤਾ ਸੌਂਪਣ ਤੋਂ ਬਾਅਦ, 14 ਅਗਸਤ (1947) ਨੂੰ ਪਾਕਿਸਤਾਨ ਤੇ ਅਗਲੀ ਰਾਤ ਦੇ 12 ਵਜੇ ਇੰਡੀਆ- ਦੋ ਨੇਸ਼ਨ ਸਟੇਟਾਂ ਨੇ ਉਪ-ਮਹਾਂਦੀਪ ਵਿੱਚ ਜਨਮ ਲੈ ਲਿਆ। ਸਿੱਖ ਜਿਹੜੇ ਆਪਣੇ ਆਪ ਨੂੰ ‘ਤੀਜੀ ਧਿਰ’ ਦੇ ਤੌਰ ’ਤੇ ਚਿਤਵਦੇ ਵੀ ਤੇ ਵਿਚਰਦੇ ਵੀ ਰਹੇ ਸਨ, ਭਾਰਤ ਵਿੱਚ ਸਿਰਫ਼ ਛੋਟੀ ਜਿਹੀ ਘੱਟ-ਗਿਣਤੀ (ਕੁਲ ਵਸੋਂ ਦਾ ਦੋ ਪ੍ਰਤੀਸ਼ਤ ) ਬਣ ਗਈ। ਇਸ ਨਾਲ ਉਨ੍ਹਾਂ ਦੀ ਮਾਡਰਨ ਯੁੱਗ ਵਿੱਚ ਇੱਕ ਗੁਲਾਮੀ ਲਾਹ ਕੇ ਦੂਜੇ ਗੁਲਾਮੀ ਦੇ ਦੌਰ ਦਾ ਸ਼ੁਰੂਆਤ ਹੋਇਆ। ਕਈ ਪਾਸੇ ਬਦਲਣ ਤੋਂ ਪਿਛੋਂ ਵੀ ਸਿੱਖਾਂ ਦੀ ਰਾਜਨੀਤਿਕ ਪਾਰਟੀ, ਅਕਾਲੀ ਦਲ ਦਾ ਹੱਥ ਕਿਤੇ ਨਾ ਅੜਿਆ ਤਾਂ ਉਸਨੇ ਬਾਬਾ ਸਾਹਿਬ ਅੰਬੇਦਕਰ ਦੀ ਸਲਾਹ ਉੱਤੇ ਸਿਆਸੀ ਸਥਾਪਤੀ ਲਈ, ਪੰਜਾਬੀ ਸੂਬੇ ਦਾ ਮੋਰਚਾ 1950ਵਿਆਂ ਵਿੱਚ ਵਿੱਢਿਆ।

ਭਾਰਤੀ ‘ਨੇਸ਼ਨ’ ਉਸਾਰਨ ਦਾ ਸਿਰਜਣ ਦਾ ਕਾਰਜ ਲੈ ਕੇ ਤੁਰੀ ਹਾਕਮ ਪਾਰਟੀ ਕਾਂਗਰਸ ਦੇ ਵੱਡੇ ਲੀਡਰ ਜਵਾਹਰ ਲਾਲ ਨਹਿਰੂ ਨੂੰ ਅਕਾਲੀਆਂ ਦੀ ਇਹ ਮੰਗ ਆਪਣੇ ਮਿਸ਼ਨ ਦੀ ਪੂਰਤੀ ਵਿੱਚ ਵੱਡਾ ਅੜਿੱਕਾ ਲੱਗੀ ਸੀ ਕਿਉਂਕਿ ਸਿੱਖ ਵੀ ਆਪਣੇ ਆਪ ਨੂੰ ਬਹੁਗਿਣਤੀ ਹਿੰਦੂ ਸਮਾਜ ਤੋਂ ‘ਵੱਖਰੇ ਤੇ ਨਿਵੇਕਲੀ ਕੌਮ’ ਹੋਣ ਦਾ ਦਾਅਵਾ ਕਰਦੇ ਆ ਰਹੇ ਸਨ। ਦੇਸ ਵਿੱਚ ਹੋਰ ਕਈ ਬੋਲੀ ਅਧਾਰਤ ਸੂਬੇ ਬਣਾਉਣ ਲਈ ਉੱਠੀਆਂ ਮੰਗਾਂ ਪ੍ਰਤੀ ਅਪਣਾਏ ਵਤੀਰੇ ਤੇ ਬਿਲਕੁਲ ਉਲਟ, ਨਹਿਰੂ ਨੇ ‘ਪੰਜਾਬੀ ਸੂਬੇ ਦੀ ਮੰਗ ਨੂੰ ਦੇਸ ਤੋਂ ਵੱਖ ਹੋਣ ਦਾ ਮਨਸੂਬਾ’ ਐਲਾਨਿਆ ਤੇ ਕਿਹਾ ‘ਜਿਉਂਦੇ ਜੀਅ ਉਹ ਪੰਜਾਬੀ ਸੂਬਾ ਬਣਨ ਵੀ ਨਹੀਂ ਦੇਵੇਗਾ।’ ਅਤੇ ਪੰਜਾਬੀ ਸੂਬਾ ਬਣਿਆ ਵੀ ਨਹਿਰੂ ਦੀ ਮੌਤ ਪਿਛੋਂ ਹੀ, ਜਦੋਂ ਸੰਨ 1966 ਵਿੱਚ ਭਾਰਤ-ਪਾਕਿਸਤਾਨ ਦੇ ਆਪਸੀ ਜੰਗ ਦੇ ਗਹਿਰੇ ਬਦਲਾਂ ਵਿੱਚ ਘਿਰੇ ਹੋਏ ਸਨ।

ਮੌਜੂਦਾ ਮਾਡਰਨ ਨੇਸ਼ਨ-ਸਟੇਟ ਦੀਆਂ ਸਰਕਾਰਾਂ ਸਿਰਾਂ ਦੀ ਗਿਣਤੀ ’ਤੇ ਅਧਾਰਤ ਚੋਣ-ਪ੍ਰਣਾਲੀ ਰਾਹੀ ਹੀ ਬਣਦੀਆਂ, ਇਸੇ ਕਰਕੇ ਅਜ਼ਾਦ ਭਾਰਤ ਵਿੱਚ ‘ਨੇਸ਼ਨ’ ਖੜੀ ਕਰਨ ਦਾ ਧੁਰਾ ਵੀ ਹਿੰਦੂ-ਬਹੁਗਿਣਤੀ (ਵੱਡਾ ਵੋਟ ਬੈਂਕ) ਸਮਾਜ ਨੂੰ ਹੀ ਬਣਾਇਆ ਗਿਆ। ਨੇਸ਼ਨ-ਸੇਟਟ ਦੇ ਪ੍ਰਚਲਤ ਅਮਲ ਮੁਤਾਬਕ ਭਾਰਤੀ ‘ਨੇਸ਼ਨ’ ਦੀ ਉਸਾਰੀ ਦਾ ਵੱਡਾ ਹਥਿਆਰ ‘ਨੈਸ਼ਨਲਿਜ਼ਮ’ ਨੂੰ ਵੀ ’ਹਿੰਦੂ ਕਲਚਰ, ਬੋਲੀ, ਹਿਸਟਰੀ ਤੇ ਧਾਰਮਿਕ ਰਹੁ-ਰੀਤਾਂ ਉੱਤੇ ਉਸਾਰਨਾ ਸ਼ੁਰੂ ਕੀਤਾ ਗਿਆ। ਇਸ ‘ਨੈਸ਼ਨਲਿਜ਼ਮ’ ਦੇ ਇਸ ਪ੍ਰਾਜੈਕਟ ਨੇ ਦੇਸ ਵਿੱਚ ਵੱਡੀ ‘ਹਿੰਦੂ ਪਹਿਚਾਣ’ ਨੂੰ ਤਕੜਾ ਕਰਨ ਦੀ ਪ੍ਰਕ੍ਰਿਆ, ਕੁਦਰਤੀ ਤੌਰ ’ਤੇ, ਦੂਜੀਆਂ ਘੱਟ-ਗਿਣਤੀਆਂ ਦੀਆਂ ਪਹਿਚਾਣਾਂ ਨੂੰ ਖਤਮ ਕਰਨ ਦੇ ਰਾਹ ਤੁਰ ਪਈ।

ਨੇਸ਼ਨ-ਸਟੇਟ ਸਿਸਟਮ ਘੱਟ-ਗਿਣਤੀ ਭਾਈਚਾਰਿਆਂ ਨੂੰ ਅਮਲੀ ਪੱਧਰ ’ਤੇ ਬਹੁ-ਗਿਣਤੀ ਸਮਾਜ ਦੇ ਨਾਗਰਿਕਾਂ ਵਾਲੇ ‘ਬਰਾਬਰ ਦੀ ਧਿਰ’ ਵਾਲੇ ਅਧਿਕਾਰ ਨਹੀਂ ਦਿੰਦਾ ਅਤੇ ਨਾ ਹੀ ਉਨ੍ਹਾਂ ਨੂੰ ਬਣਦੀ ਰਾਜਨੀਤਿਕ ਥਾਂ ਮਿਲਦੀ ਹੈ। ਇਸੇ ਹੀ ਪ੍ਰਸੰਗ ਵਿੱਚ, ਆਪਣੀ ਖੁੱਸੀ ਹੋਈ ‘ਸਿਆਸੀ ਸਪੇਸ’ ਪ੍ਰਾਪਤੀ ਲਈ ਜੱਦੋ-ਜਹਿਦ ਕਰਦੇ ਅਕਾਲੀ ਦਲ ਨੇ ਜਦੋਂ 1980ਵਿਆਂ ਵਿੱਚ ਮੋਰਚਾ ਲਾਇਆ ਤਾਂ ਭਾਰਤੀ ਸਟੇਟ ਦਾ ਪ੍ਰਤੀਕਰਮ ਬੜਾ ਤਿੱਖਾ ਸੀ ਉਸਨੇ ਸੰਘਰਸ਼ ਵਿਚ ਕੁੱਦੇ ਸਿੱਖ ਭਾਈਚਾਰੇ ਨੂੰ ਬੁਰੀ ਤਰ੍ਹਾਂ ਕੁਚਲਿਆ। ਫਲਸਰੂਪ, 1984 ਦੀ ਨਾ-ਭੁਲਣ ਵਾਲੀਆਂ ਜ਼ੁਲਮੀ ਦਾਸਤਾਂ ਵਾਪਰੀਆਂ ਤੇ ਬਾਅਦ ਵਿੱਚ ਵੀ ਸਰਕਾਰੀ ਅੱਤਵਾਦ ਦੇ ਨਾਮ ਥੱਲੇ ਦਸ ਸਾਲ ਸਿੱਖ ਨੌਜਵਾਨਾਂ ਦਾ ਖੂਨ ਡੁੱਲਦਾ ਰਿਹਾ। ਫਿਰ ਕੁੱਟ-ਮਾਰ ਨਾਲ ਨਿੱਸਲ ਹੋ ਚੁੱਕੇ ਸਿੱਖ ਭਾਈਚਾਰੇ ਉੱਤੇ ਨਵੀਂ ਦਿੱਲੀ ਨੇ ਆਪਣੇ ਏਜੰਟਾਂ ਨੂੰ ਥੋਪ ਕੇ ਪੰਜਾਬ ਵਿੱਚ ‘ਲੋਕ-ਰਾਜ’ ਦੀ ਬਹਾਲੀ ਹੋਣ ਦਾ ਖੂਬ ਢੌਂਗ ਰਚਾਇਆ ਸੀ।

ਇਸ ਸਾਰੇ ਲੰਮੇ ਦੁਖਾਂਤ ਦੇ ਵਾਪਰ ਜਾਣ ਤੋਂ ਬਾਅਦ ਵੀ ਸਿੱਖ ਭਾਈਚਾਰੇ ਦੇ ਜਾਗਰੂਕ ਸੈਕਸ਼ਨ ਵੱਲੋਂ ਕੋਈ ਡੂੰਘਾ ਮੰਥਨ ਤੇ ਵਿਸ਼ਲੇਸ਼ਣ ਅਜੇ ਤੱਕ ਸਾਹਮਣੇ ਨਹੀਂ ਆਇਆ। ਮਾਰਕਸਵਾਦੀ ਤੇ ਖੱਬੀ ਸਿਆਸਤ ਤੋਂ ਪ੍ਰਭਾਵਤ ਸਿੱਖ, ਜਿਹੜੇ ਬੁੱਧੀਜੀਵੀ ਹੋਣ ਦਾ ਸਭ ਤੋਂ ਵੱਡਾ ਦਾਅਵਾ ਕਰਦੇ ਹਨ, ਭਾਰਤੀ ਸਟੇਟ ਵੱਲੋਂ ਸਿੱਖਾਂ ਉੱਤੇ ਢਾਏ ਜ਼ੁਲਮ ਤੇ ਅਤਿਆਚਾਰਾਂ ਦੇ ਜਿੰਮੇਵਾਰ ਤੇ ਦੋਸ਼ੀ ਖੁਦ ਸਿੱਖਾਂ ਨੂੰ ਹੀ ਠਹਿਰਾ ਰਹੇ ਹਨ। ਇਸ ਤਰ੍ਹਾਂ ‘ਜ਼ੁਲਮ ਦੇ ਸ਼ਿਕਾਰ ਹੋਇਆਂ’ ਨੂੰ ਹੀ ‘ਜ਼ੁਲਮ ਕਰਤਾ, ਅਤਿਆਚਾਰੀ’ ਕਹੀ ਜਾਣਾ ਦਿੱਲੀ ਸਰਕਾਰਾਂ ਨੂੰ ਬਹੁਤ ਰਾਸ ਆ ਰਿਹਾ ਹੈ। ‘ਨੇਸ਼ਨ-ਸਟੇਟ’ ਦੇ ਸੰਕਲਪ ਤੇ ਅਮਲ ਵਿੱਚ ਖੱਬੇ ਪੱਖੀਆਂ ਨੂੰ ਕੁਝ ਵੀ ਗਲਤ ਨਹੀਂ ਜਾਪਦਾ ਕਿਉਂਕਿ ਮਾਰਕਸਵਾਦ ਵੀ ਸਟੇਟ ਨੂੰ ਇੱਕ ਆਰਥਕ ਯੂਨਿਟ ਮੰਨਦਾ ਜਿਸ ਨੂੰ ਉਲਟਾ ਕੇ ਸਮਾਜਵਾਦੀ ਸਟੇਟ ਖੜੀ ਕਰਨ ਦੀਆਂ ਗੱਲਾਂ ਕਰਦਾ। ਪਰ ਕਾਮਰੇਡ ਭੁੱਲ ਜਾਂਦੇ ਨੇ, ਕਿ 1917 ਦੇ ਇਨਕਲਾਬ ਤੋਂ ਬਾਅਦ ‘ਸੋਵੀਅਤ ਯੂਨੀਅਨ’ ਵੀ ‘ਨੇਸ਼ਨ-ਸਟੇਟ’ ਬਣਾਉਣ ਦੇ ਰਾਹ ਤੁਰ ਪਿਆ ਸੀ ਜਿਸ ਨੂੰ ਕਾਇਮ ਰੱਖਣ ਲਈ ਸਟਾਲਿਨ ਨੇ 50-60 ਲੱਖ ਲੋਕ ਮਾਰੇ ਸਨ। ਪਰ ਫਿਰ ਵੀ, ਛੇ ਦਹਾਕਿਆਂ ਬਾਅਦ ਸੋਵੀਅਤ ਯੂਨੀਅਨ ਦੇ 15 ਟੋਟੇ ਹੋ ਗਏ ਸਨ।

ਪਰ, ਹੈਰਾਨੀ ਹੁੰਦੀ ਹੈ ਕਿ ਸਿੱਖ ਖਾੜਕੂ ਲਹਿਰ ਦੇ ਹਮਦਰਦ ਸਿੱਖ ਬੁੱਧੀਜੀਵੀਆਂ ਨੇ ਵੀ ਇਸ ਦੁਖਾਂਤ ਦਾ ਅੱਜ ਤੱਕ ਕੋਈ ਸੁਹਿਰਦ ਤੇ ਇਮਾਨਦਾਰੀ ਵਾਲਾ ਲੇਖਾ-ਜੋਖਾ ਨਹੀਂ ਕੀਤਾ। ਉਹ ਨੇਸ਼ਨ-ਸਟੇਟ ਦੇ ਪੁਰਾਣੇ ਸਿਆਸੀ ਮੁਹਾਵਰੇ ਨੂੰ ਜੱਫਾ ਮਾਰੀ ਬੈਠੇ ਨੇ। ਗਜ਼ਬ ਇਸ ਗੱਲ ਦਾ ਵੀ ਹੈ ਕਿ ਜਿਹੜਾ ਗ਼ੈਰਸਿੱਖ ਵਿਦਵਾਨਾਂ ਨੇ ਸਿੱਖ ਦੁਖਾਂਤ ਬਾਰੇ ਕੋਈ ਪੁੱਠਾ-ਸਿੱਧਾ ਵਿਸ਼ਲੇਸ਼ਣ ਕੀਤਾ ਉਸੇ ਮਸਾਲੇ ਨੂੰ ਸਿੱਖ ਵਿਦਵਾਨ ਆਪਣੀ ‘ਸਮਝ’ ਬਣਾ ਕੇ ਪੇਸ਼ ਕਰੀ ਜਾਂਦੇ ਹਨ। ਪਿਛਲੇ ਦੋ ਦਹਾਕਿਆਂ ਤੋਂ ਸਿੱਖ ਦੁਖਾਂਤ ਪਿੱਛੇ ਅਸਲ ਕਾਰਨਾਂ ਦੀ ਖੋਜ ਕਰਦਿਆਂ ਅਜਮੇਰ ਸਿੰਘ ਨੇ ਪੰਜ ਕਿਤਾਬਾਂ ਲਿਖ ਦਿੱਤੀਆਂ। ਪਰ ਉਹ ਅਜੇ ਵੀ ਮਹਿਸੂਸ ਕਰਦਾ ਹੈ ਕਿ ਸਿੱਖ ਸੰਕਟ ਦੀ ਥਾਹ ਪਾਉਣ ਲਈ ਅਤੇ ਉਸ ਦੇ ਹੱਲ ਕੱਢਣ ਲਈ ਸਿੱਖ ਵਿਦਵਾਨਾਂ ਵਲੋਂ ਹੋਰ ਗੰਭੀਰ ਅਧਿਐਨ ਕਰਨ ਦੀ ਜਰੂਰਤ ਹੈ।

ਨੇਸ਼ਨ-ਸਟੇਟ ਸਿਸਟਮ ਦੀ ਉਪਜ: ਨੇਸ਼ਨ-ਸਟੇਟ ਦਾ ਸਿਆਸੀ ਰੂਪ ਤੇ ਬਣਤਰ 17ਵੀਂ-18ਵੀ ਸਦੀ ਵਿੱਚ ਯੂਰੋਪ ਵਿੱਚ, ਅੰਦਰੂਨੀ ਤੇ ਬਾਹਰੀ ਲੋੜਾਂ ਕਰਕੇ, ਤਿਆਰ ਹੋਇਆ। ਪਰ ਅਮਰੀਕਾ ਦੇ ਇੱਕ ਨੇਸ਼ਨ ਬਣਨ ਦੀ ਪ੍ਰਕ੍ਰਿਆ ਅਤੇ ਦੱਖਣੀ ਅਮਰੀਕਾ ਜਾਂ ਲੈਟਿਨ ਅਮਰੀਕਾ ਦੇ ਵੱਖਰੇ-ਵੱਖਰੇ ਮੁਲਕਾਂ ਦੇ ‘ਨੇਸ਼ਨ’ ਬਣਨ ਸਮੇਂ ਇਸ ਦਾ ਮੂੰਹ-ਮੁਹਾਂਦਰਾ ਹੋਰ ਜਿਆਦਾ ਤਰਾਸ਼ਿਆ ਗਿਆ।

ਮੋਟੇ ਤੌਰ ’ਤੇ ਨੇਸ਼ਨ-ਸਟੇਟ ਦੇ ਉਭਰਨ ਦੀ ਪਿੱਠ ਪਿਛੇ ਯੂਰੋਪ ਦਾ ‘ਇਨਲਾਇਟਨਮੈਂਟ’ ਦਾ ਦੌਰ ਹੈ ਜਿਸ ਵਿਚੋਂ ਨਿਕਲੇ ‘ਤਰਕਵਾਦ’ ਨੇ ਹਰ ਦਿਸਦੇ ਕੁਦਰਤੀ ਵਰਤਾਰੇ ਤੇ ਸ਼ੱਕ ਕਰਨ ਦੀ ਮਾਨਸਿਕਤਾ ਨੂੰ ਜਨਮ ਦਿੱਤਾ। ਇਸ ਗੁੰਝਲਦਾਰ ਵਰਤਾਰੇ ਨੇ ਰੱਬ-ਖੁਦਾ ਦੀ ਹੋਂਦ ਤੇ ਧਰਮ ਤੇ ਸਿਆਸਤ ਦੀ ਜੁੜਤ ਉੱਤੇ ਸਵਾਲੀਆ ਚਿੰਨ੍ਹ ਲਾ ਦਿੱਤਾ। ਇੱਕ ਤਰ੍ਹਾਂ ਨੇਸ਼ਨ-ਸਟੇਟ ਵਰਤਾਰੇ ਨੇ ਰੱਬ ਨੂੰ ਰਾਜ-ਪ੍ਰਬੰਧ ਅਤੇ ਧਰਮ-ਅਧਾਰਤ ਆਮ ਜਿੰਦਗੀ ਦੇ ਸਦਾਚਾਰ ’ਚੋ ‘ਮਾਰ’ ਹੀ ਦਿੱਤਾ। ਇਸੇ ਹੀ ਸੋਚਣੀ ਨੇ ਰਾਜੇ-ਬਾਦਸ਼ਾਹ ਨੂੰ ‘ਰੱਬ ਦੇ ਨੁਮਾਇੰਦਾ’ ਦੀ ਪਦਵੀ ਤੋਂ ਥੱਲੇ ਵਗਾਹ ਮਾਰਿਆ ਸੀ। ਇਸ ਤਰ੍ਹਾਂ ਯੂਰੋਪ ਵਿੱਚ ਧਰਮ (ਚਰਚ) ਨੂੰ ਰਾਜ-ਸੱਤਾ (ਸਟੇਟ ਦੇ ਰਾਜ-ਪ੍ਰਬੰਧ) ਤੋਂ ਵੱਖ ਕਰਕੇ ਧਰਮ ਉੱਤੇ ਉਸਰੀਆਂ ਸਮਾਜਿਕ ਕਦਰਾਂ ਕੀਮਤਾਂ ਨੂੰ ਨੇਸ਼ਨ ਦੀਆਂ ਸਿਆਸੀ ਜ਼ਰੂਰਤਾਂ ਦੇ ਅਧੀਨ ਕਰ ਦਿੱਤਾ ਪਰ ਸਟੇਟ ਦੀ ਧੌਂਸ ਤੇ ਡੰਡਾ ਤਾਂ ਹੀ ਚਲ ਸਕਦਾ ਸੀ ਜੇ ਉਸ ਦੀ ਪਹਿਲਾਂ ਵਾਲੀ ਵੱਡੀ ‘ਪਵਿੱਤਰਤਾ ਤੇ ਖੌਫ਼’ ਨੂੰ ਕਾਇਮ ਰੱਖਿਆ ਜਾਵੇ। ਇਸ ਲੋੜ ਨੂੰ ਪੂਰਾ ਕਰਨ ਲਈ ਸਮਾਜ ਦੇ ਅਮੀਰ ਵਰਗਾਂ ਨੇ ਰਾਜ-ਪ੍ਰਬੰਧ ਵਿੱਚ ਬਹੁਤੇ ਲੋਕਾਂ ਦੀ ਸ਼ਮੂਲੀਅਤ ਕਰਨੀ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਲੋਕਾਂ ਦੀ ਸ਼ਮੂਲੀਅਤ ਕਰਾਉਣ ਲਈ ‘ਵੋਟਾਂ’ ਪਾਉਣ ਦੇ ਸਿਸਟਮ ਦਾ ਆਗਾਜ਼ ਹੋਇਆ ਜਿਹੜਾ ਵਧਦਾ ਵਧਦਾ ਸਭ ਨੂੰ ‘ਵੋਟ ਦੇ ਅਧਿਕਾਰ’ ਤੱਕ ਪਹੁੰਚ ਗਿਆ। ਇਸ ਰਾਜ-ਪ੍ਰਬੰਧ ਦੀ ਵੰਨਗੀ ਨੂੰ ਅਸੀਂ ‘ਲੋਕਤੰਤਰ’ ਦੇ ਨਾਮ ਨਾਲ ਵੱਡੀ ਮਨੁੱਖੀ ਪ੍ਰਾਪਤੀ ਤੌਰ ’ਤੇ ਵਡਿਆਉਂਦੇ ਹਾਂ। ਪਰ, ਵੋਟ-ਪ੍ਰਣਾਲੀ ਤੇ ਪ੍ਰਚਲਤ ਡੈਮੋਕਰੇਸੀ ਦੀ ਸਾਰਥਕਤਾ ’ਤੇ ਵੀ ਪ੍ਰਸ਼ਨ ਚਿੰਨ੍ਹ ਲੱਗ ਗਏ ਹਨ ਕਿਉਂਕਿ ਇਹ ਰਾਜ ਵਿਵਸਥਾ ਘੱਟ-ਗਿਣਤੀਆਂ ਤੇ ਵਿਰੋਧੀਆਂ ਉੱਤੇ ਧੌਂਸ ਧੱਕਾ ਲਗਾਤਾਰ ਜਮਾਉਂਦੀ ਹੈ ‘ਨੈਸ਼ਨਲਿਜ਼ਮ’ ਤੇ ਨੇਸ਼ਨ ਦੇ ਵਿਚਾਰਾਂ ਨੂੰ ਨਾਜਾਇਜ਼ ਹਵਾ ਦੇ ਕੇ ਹਿੰਸਾ, ਖ਼ੂਨ-ਖ਼ਰਾਬੇ ਤੇ ਬੇਇਨਸਾਫ਼ੀ ਦਾ ਰਾਜ-ਪ੍ਰਬੰਧ ਚਲਾਉਂਦੀ ਹੈ। ਪਰ, ਮਾਡਰਨਿਜ਼ਮ ਦੀ ਸ਼ਿਕਾਰ ਅੰਗਰੇਜ਼ੀ ਪੜ੍ਹੀ-ਲਿਖੀ ਸਿੱਖਾਂ ਦੀ ਵੱਡੀ ਗਿਣਤੀ ਜਿਹੜੀ ‘ਭਾਰਤੀ ਨੈਸ਼ਨਲਿਜ਼ਮ’ ਵਿੱਚ ਰੰਗੀ ਹੋਈ ਹੈ ਤਾਂ ਭਾਰਤੀ ਸਟੇਟ ਦਾ ਦੁਨੀਆਂ ਵਿੱਚ ‘ਵੱਡੀ ਡੈਮੋਕਰੇਸੀ’ ਹੋਣ ਦੇ ਸੋਹਲੇ ਗਾਉਂਦੇ ਨਹੀਂ ਥੱਕਦੀ।

ਸੰਖੇਪ ਵਿੱਚ ਇਹੀ ਕਿਹਾ ਜਾ ਸਕਦਾ ਕਿ ਤਰਕਵਾਦ ’ਚੋ ਨੇਸ਼ਨ-ਸਟੇਟ ਨਿਕਲਣ ਦੇ ਨਾਲ ਨਾਲ ਸਾਇੰਸ ਦੀ ਤਰੱਕੀ ਵੀ ਹੋਈ, ਯੂਰੋਪ ਵਿੱਚ ‘ਇੰਡਸਟਰੀਅਲ ਇਨਕਲਾਬ’ ਵੀ ਆਇਆ। ਪਰ ਯੂਰਪ ਦੇ ਨੇਸ਼ਨ-ਸਟੇਟ ਵਿਚੋਂ ਹੀ ਬਸਤੀਵਾਦੀ ਯੁੱਗ ਦਾ ਅਤੇ ਸਾਮਰਾਜਵਾਦ ਦਾ ਸ਼ੁਰੂਆਤ ਵੀ ਹੋਇਆ। ਵੱਡੇ ਵੱਡੇ ਬ੍ਰਿਟਿਸ਼, ਫਰੈਂਚ, ਸਪੇਨ ਆਦਿ ਦੇ ਅੰਪਾਇਰ ਖੜ੍ਹੇ ਹੋਏ ਜਿਨ੍ਹਾਂ ਨੇ ਦੁਨੀਆਂ ਭਰ ਦੇ ਹਜ਼ਾਰਾਂ ਸਾਲਾਂ ਤੋਂ ਘੁੱਗ ਵਸਦੇ ਸਥਾਨਕ ਸਧਾਰਨ ਲੋਕਾਂ ਲੁੱਟਿਆ, ਕੁੱਟਿਆ ਤੇ ਗੁਲਾਮ ਬਣਾਇਆ। ਸਦਾ ਲਈ ਉਨ੍ਹਾਂ ਨੂੰ ਆਪਣਾ ਕਲਚਰ, ਰਾਜ-ਪ੍ਰਬੰਧ ਤੇ ਰਹਿਣ ਦਾ ਚੱਜ ਅਚਾਰ ਭੁੱਲਾ ਹੀ ਦਿੱਤਾ ਅਤੇ ਲੱਖਾਂ ਦੀ ਗਿਣਤੀ ਵਿੱਚ ਸਥਾਨਕ ਲੋਕਾਂ ਨੂੰ ਮੁੱਢੋਂ ਹੀ ਤਬਾਹ ਕਰਕੇ ਖਤਮ ਕਰ ਦਿੱਤਾ। ਇਹ ਵਰਤਾਰਾ ਬਹੁਤਾ ਪੁਰਾਣਾ ਨਹੀਂ ਬਸ ਪਿਛਲੇ ਦੋ ਤਿੰਨ ਸੋ ਸਾਲਾਂ ਵਿੱਚ ਹੀ ਵਾਪਰਿਆ। ਜਿਵੇਂ: 1700 ਈਸਵੀ ਵਿੱਚ ਹੀ ਇੰਡੀਆ, ਚੀਨ ਤੇ ਇਰਾਨ ਵਰਗੀਆਂ ਸ਼ਕਤੀਆਂ ਹੀ ਦੁਨੀਆਂ ਦੀਆਂ ਵੱਡੀਆਂ ਸਲਤਨਤਾਂ ਸਨ ਅਤੇ ਸਾਰਾ ਯੂਰੋਪ ਕਿਸੇ ਗਿਣਤੀ ਵਿੱਚ ਨਹੀਂ ਸੀ। ਉਦਾਹਰਣ ਦੇ ਤੌਰ ’ਤੇ, 1700 ਈਸਵੀ ਵਿੱਚ ਇੰਡੀਆ ਦੀ ‘ਇਕੌਨਮੀ’ (ਅਰਥਚਾਰਾ) ਦੁਨੀਆਂ ਦੇ ਕੁਲ ਉਤਪਾਦਨ ਦਾ 23 ਪ੍ਰਤੀਸ਼ਤ ਸੀ ਜਿਹੜਾ ਸਾਰੇ ਯੂਰੋਪ ਦੇ ਕੁਲ ਉਤਪਾਦਨ ਦੇ ਬਰਾਬਰ ਸੀ। ਪੰਜਾਬ ਵਿੱਚ ਵੀ ਬਸਤੀਵਾਦੀ ਲੁੱਟ, ਗੁਲਾਮੀ ਅਤੇ ਸੱਭਿਆਚਾਰ ਵਿੱਚ ਵੱਡੀ ਤਬਦੀਲੀ ਦਾ ਵਰਤਾਰਾ ਕੋਈ ਡੇਢ ਸੌ ਕੁ ਸਾਲ ਪਹਿਲਾਂ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਉੱਤੇ ਅੰਗਰੇਜ਼ਾਂ ਦੇ ਕਬਜ਼ੇ ਪਿਛੋਂ ਹੀ ਵਾਪਰਿਆ। ਭਾਵੇਂ ਮਾਡਰਨਿਜ਼ਮ ਦੇ ਸ਼ਿਕਾਰ ਸਿੱਖਾਂ ਵੀ ਅੰਗਰੇਜ਼ੀ ਰਾਜ ਨੂੰ ਵਰਦਾਨ ਦੇ ਰੂਪ ਵਿੱਚ ਹੀ ਦੇਖਦੇ ਹਨ, ਪਰ ਇਸ ਨੇ ਵੱਡੀ ਗਿਣਤੀ ਸਿੱਖਾਂ ਦੇ ਮਨਾਂ ਨੂੰ ਹੀ ਗੁਲਾਮ ਬਣਾ ਦਿੱਤੀ ਤੇ ਅਜੇਹੀ ਗੁਲਾਮ ਮਾਨਸਿਕਤਾ ਅਜੇ ਵੀ ਨੇਸ਼ਨ-ਸਟੇਟ ਰਾਜ ਪ੍ਰਬੰਧ ਦੀ ਸ਼ਲਾਘਾ ਕਰੀ ਜਾ ਰਹੇ ਹਨ।

ਇਸੇ ਨੇਸ਼ਨ-ਸਟੇਟ ਦੇ ਪ੍ਰਾਜੈਕਟ ਵਿਚੋਂ ਹੀ ਦੁਨੀਆਂ ਦੇ ਮੁਲਕਾਂ ਵਿੱਚ ਆਪਸੀ ਖਹਿਬਾਜ਼ੀ ਵਧੀ, ਦੋ ਵੱਡੇ ਜੰਗ ਨਿਕਲੇ, ਐਟਮ ਬੰਬ ਬਣੇ, ਨਾਜ਼ੀਆਂ ਵੱਲੋਂ 60 ਲੱਖ ਯਹੂਦੀਆਂ ਦਾ ਕਤਲ ਨਿਕਲਿਆ, ਹਥਿਆਰਾਂ ਦੀ ਦੌੜ ਸ਼ੁਰੂ ਹੋਈ, ਕੁਦਰਤੀ ਸਾਧਨਾਂ ਦੀ ਅੰਧਾ-ਧੁੰਦ ਤੇ ਨਾਜਾਇਜ਼ ਵਰਤੋ ਹੋਈ। ਇਸ ਸਭ ਕੁਝ ਨੇ ਮਨੁੱਖ ਜਾਤੀ ਨੂੰ ਤਬਾਹੀ ਦੇ ਕਿਨਾਰੇ ’ਤੇ ਪਹੁੰਚਾ ਦਿੱਤਾ ਹੈ। ਹੁਣ ਦੀ ਪ੍ਰਚਲਤ ਸਰਮਾਏਦਾਰੀ ਤੇ ਨਵ ਉਦਾਰਵਾਦੀ ਰਾਜਨੀਤਿਕ ਵਿਵਸਥਾ ਨੇ ਤਾਂ ਬੰਦੇ ਨੂੰ ਬੰਦੇ ਤੋਂ, ਕੁਦਰਤ ਤੋਂ ਤੇ ਆਲੇ ਦੁਆਲੇ ਦੇ ਸਮਾਜ ਤੋਂ ਤੋੜ ਦਿੱਤਾ, ਵਿਯੋਗ ਦਿੱਤਾ ਤੇ ਉਹ ਤ੍ਰਿਸੰਬਣਿਆ ਬਨਾਵਟੀ ਜਿਹੀ ਜਿੰਦਗੀ ਜਿਉਂ ਰਿਹਾ ਹੈ। ਸਾਰੀ ਦੁਨੀਆ ਵਿਚ, ਖਾਸ ਕਰਕੇ ਅਮੀਰ ਸਮਾਜਾਂ ਅੰਦਰ ਵੀ ਬੰਦੇ ਦੀ ਵਧਦੀ ਹਵਸ, ਲਾਲਚ ਤੇ ਸਰਾਪੀ ਜਿੰਦਗੀ ਨੇ ਸਾਇੰਸ ਦੀ ਤਰੱਕੀ, ਸਾਇੰਟੇਫਿਕ ਸੋਚ ਤੇ ਨੇਸ਼ਨ-ਸਟੇਟ ਦੇ ਡੈਮੋਕਰੇਸੀ ਵਰਗੇ ‘ਉੱਤਮ’ ਰਾਜ-ਪ੍ਰਬੰਧ ਹੋਣ ਦੇ ਦਾਅਵਿਆਂ ਦੀ ਫੂਕ ਹੀ ਕੱਢ ਦਿੱਤੀ ਹੈ। ਹੁਣ ਤਾਂ ਜਾਗਰੂਕ ਮਨੁੱਖ ਇਸ ਤਬਾਹੀਕੁਣ ਵਰਤਾਰੇ ਚੋਂ ਨਿਕਲਣ ਤੇ ਬਦਲ ਲੱਭਣ ਦੇ ਹੰਭਲੇ ਮਾਰ ਰਹੇ ਹਨ।

ਇੰਡੀਅਨ ਉਪ-ਮਹਾਂਦੀਪ ਵਿੱਚ ਨੇਸ਼ਨ-ਸਟੇਟ ਵਰਤਾਰਾ: ਵੱਡੇ ਬਸਤੀਵਾਦੀ ਅੰਪਾਇਰਜ਼ ਦੇ 20ਵੀਂ ਸਦੀ ਵਿੱਚ ਟੁੱਟਣ ਤੋਂ ਬਾਅਦ ਹੀ ਭਾਰਤ ਤੇ ਹੋਰ ਗੁਲਾਮ ਧਰਤੀਆਂ ਤੇ ਪੱਛਮੀ ਨੇਸ਼ਨ-ਸਟੇਟ ਰਾਜ-ਪ੍ਰਬੰਧ ਉਭਰੇ। ਹੋਰਾਂ ਥਾਂਵਾਂ ਦੀ ਤਰ੍ਹਾਂ, ਭਾਰਤੀ ਉਪਦੀਪ ਵਿੱਚ ਭਾਵੇਂ- ਇੰਡੀਆ ਤੇ ਪਾਕਿਸਤਾਨ-ਦੋ ‘ਨੇਸ਼ਨ’ ਬਣਾਈਆਂ। ਉਨ੍ਹਾਂ ਦੇ ਅਜ਼ਾਦੀ ਲਹਿਰ ਦੇ ਲੀਡਰ-ਨਹਿਰੂ ਤੇ ਜਿਨਾਹ ਵਰਗੇ-ਪੱਛਮ ਚੋਂ ਪੜ੍ਹੇ ਹੀ ‘ਆਈਡਿਆ ਆਫ਼ ਸਟੇਟ’ ਲੈ ਕੇ ਆਏ ਸਨ। ਅਤੇ ਉਨ੍ਹਾਂ ਨੇ ਪੱਛਮੀ ਰਾਜ ਪ੍ਰਬੰਧ ਨੂੰ ਆਦਰਸ਼ ਨਿਜ਼ਾਮ ਦਾ ਨਮੂਨਾ ਪੇਸ਼ ਕੀਤਾ।

ਅਸਲ ਵਿੱਚ ਪਿਛਲੇ 60-70 ਸਾਲਾਂ ਵਿਚ ਸਾਬਤ ਹੋ ਚੁੱਕਿਆ ਕਿ ਪੱਛਮੀ ‘ਨੇਸ਼ਨ-ਸਟੇਟ’ ਰਾਜ-ਪ੍ਰਬੰਧ ਪ੍ਰਣਾਲੀ ਸਮਾਜ ਦੀ ਅਪਰਲੀ ਜਮਾਤ ਦੇ ਕੰਟਰੋਲ ਨੂੰ ਮਜ਼ਬੂਤ ਬਣਾਈ ਰੱਖਣ ਦਾ ਹਥਿਆਰ ਹੀ ਹੁੰਦੀ ਹੈ। ਪੱਛਮ ਦੇ ਐਡਿਮ ਸਮਿਥ ਵਰਗੇ ਵੱਡੇ ਵਿਦਵਾਨ ਵੀ ਇਸ ਸਚਾਈ ਨੂੰ ਇਨ੍ਹਾਂ ਸ਼ਬਦਾਂ ਵਿੱਚ ਬਿਆਨ ਕਰਦੇ ਨੇ, ਲੋਕਤੰਤਰ ਸਿਸਟਮ ਗਰੀਬ ਦੇ ਵਿਰੋਧ ਵਿੱਚ ਅਮੀਰ ਦੀ ਹੀ ਰਾਖੀ ਕਰਦਾ। ਬਰਾਬਰਤਾ, ਅਜ਼ਾਦੀ ਅਤੇ ਇਨਸਾਫ਼ ਵਰਗੇ ਸ਼ਾਨਦਾਰ ਸੰਕਲਪਾਂ ਦੇ ਨਾਮ ਹੇਠ ਡੈਮੋਕਰੇਸੀ ਹਮੇਸ਼ਾਂ ਅਮੀਰਾਂ ਤੇ ਉੱਪਰਲੀ ਜਮਾਤ ਦੀ ਧੌਂਸ ਤੇ ਚੌਧਰ ਨੂੰ ਕਾਇਮ ਰੱਖਦੀ ਹੈ। ਇਸੇ ਕਰਕੇ ਇੰਡੀਆ ਦੀ ਬ੍ਰਾਹਮਣਵਾਦ ਵਿਵਸਥਾ ਦੀ ਧੌਂਸ ਨੂੰ ਕਾਇਮ ਰੱਖਣ ਲਈ ਕਾਂਗਰਸੀ ਲੀਡਰਾਂ- ਗਾਂਧੀ, ਨਹਿਰੂ, ਪਟੇਲ ਨੇ ਇਸੇ ਨੇਸ਼ਨ-ਸਟੇਟ ਸਿਸਟਮ ਨੂੰ ਹੀ ਅਪਣਾਇਆ। 1947 ਵਿੱਚ, ਪਾਕਿਸਤਾਨ ਤਾਂ ਜ਼ਾਹਰਾ ਤੌਰ ’ਤੇ ਮੁਸਲਮਾਨ ਸਟੇਟ ਬਣੀ ਪਰ ਹਿੰਦੁਸਤਾਨ, ਅਮਲੀ ਰੂਪ ਵਿੱਚ ਬਹੁਗਿਣਤੀ ਹਿੰਦੂ ਸਟੇਟ ਹੀ ਬਣੀ ਸੀ ਪਰ ਕਾਂਗਰਸੀ ਨੇਤਾਵਾਂ ਨੇ ਇਸ ਭਿੰਨਤਾ ਵਾਲੇ ਵਿਸ਼ਾਲ ਦੇਸ ਨੂੰ ਇਕੱਠਾ ਰੱਖਣ ਲਈ ਸੈਕੂਲਰ ਨਿਜ਼ਾਮ ਖੜ੍ਹਾ ਕਰਨ ਦਾ ਪ੍ਰਪੰਚ ਰਚ ਲਿਆ। 1947 ਤੋਂ ਲੈ ਕੇ ਅੱਜ 70 ਸਾਲਾਂ ਤੱਕ, ਹਿੰਦੁਸਤਾਨ ਤੇ ਪਾਕਿਸਤਾਨ, ਦੋਨੋਂ ਆਪਣੇ ਆਪਣੇ ਦੇਸਾਂ ਨੂੰ ਇੱਕ-ਆਖੰਡ ਯੂਨਿਟ ਰੱਖਣ ਤੇ ‘ਇੱਕ ਨੇਸ਼ਨ’ ਸਿਰਜਣ ਲਈ ਵੱਡੀਆਂ ਲੜਾਈਆਂ ਆਪਣੇ ਹੀ ਲੋਕਾਂ ਤੇ ਫੌਜਾਂ ਚੜ੍ਹਾ ਕੇ ਲਗਾਤਾਰ ਲੜ ਰਹੇ ਹਨ। ਦੋਨੇ ਮੁਲਕਾਂ ਦੀਆਂ ਫੌਜਾਂ ਨੇ ਆਪਸੀ ਜੰਗ ਵੀ ਇਸੇ ਮੰਤਵ ਦੀ ਪੂਰਤੀ ਲਈ ਲੜੇ ਗਏ ਤੇ ਛੋਟੇ ਪੱਧਰਾਂ ’ਤੇ ਅੱਜ ਵੀ ਲੜ ਰਹੇ ਹਨ।

ਸਿੱਖ ਘੱਟ ਗਿਣਤੀ: ਦਰਅਸਲ, ਇਹ ਮੌਜੂਦਾ ਨੇਸ਼ਨ-ਸਟੇਟ ਵਰਤਾਰਾ ਹੀ ਹੈ ਜਿਹੜਾ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾ ਕੇ, ਮਾਰ ਕੇ-ਕੁੱਟ ਕੇ, ਬਹੁਗਿਣਤੀ ਬਰਾਦਰੀ ਇਕ-ਜੁੱਟ ਕਰਨ ਲਈ ਕੌਮੀ ਭਾਵਨਾਵਾਂ ਪ੍ਰਚੰਡ ਕਰਦਾ, ਜਿਸ ਨੂੰ ਅਸੀਂ ‘ਨੈਸ਼ਨਲਿਜ਼ਮ’ ਕਹਿੰਦੇ ਹਾਂ। ਇਸ ਤਰ੍ਹਾਂ ਦਾ ‘ਨੈਸ਼ਨਲਿਜ਼ਮ’ ਹੀ ਭਾਰਤੀ ‘ਸਟੇਟ’ ਦੀ ਸਿਆਸੀ ਵਿਚਾਰਧਾਰਾ ਬਣ ਗਿਆ ਹੈ। ਸਮੁੱਚੀ ‘ਸਟੇਟ’ (ਇੰਡੀਅਨ ਅਸਟੈਬਲਿਸਮੈਂਟ) ਨੇ ਹੀ ਨੈਸ਼ਨਲਿਜ਼ਮ ਤੇ ਉਸ ਦੇ ਪ੍ਰਤੀਕਾਂ ਨੂੰ ਵਰਤ ਕੇ ਹਿੰਦੂ-ਬਹੁਗਿਣਤੀ ਦੇ ਅਧਾਰ ਤੇ ਉਸਾਰੇ ‘ਕੌਮੀ ਕਲਚਰ’ ਵਿੱਚ ਘੱਟ-ਗਿਣਤੀ ਸਿੱਖਾਂ ਨੂੰ ਸਮੋ ਲੈਣ ਦੀ ਪ੍ਰਕ੍ਰਿਆ ਵੀ ਵਿੱਢੀ ਹੋਈ ਹੈ। ਇਸ ਪ੍ਰਕ੍ਰਿਆ ਨੇ ਵੀ ਅੱਜ ਦੇ ਸਿੱਖ ਸੰਕਟ ਵਿੱਚ ਚੋਖਾ ਹਿੱਸਾ ਪਾਇਆ।

ਇਹ ਐਵੇਂ ਸਿੱਧੜ ਜਿਹੇ ਵਿਸ਼ਲੇਸ਼ਣ ਹਨ ਕਿ ਇੰਦਰਾ ਗਾਂਧੀ, ਜਿਹੜੀ ਅਕਾਲੀ ਦਲ ਨਾਲ ਖਾਰ ਖਾਂਦੀ ਸੀ, ਨੇ ਅਕਾਲੀਆਂ ਤੋਂ ਬਦਲਾ ਲੈਣ ਲਈ ਅਤੇ ਉਸ ਸਮੇਂ ਦੀਆਂ ਪਾਰਲੀਮੈਂਟ ਦੀ ਚੋਣਾਂ ਵਿੱਚ ਬਹੁਗਿਣਤੀ ਹਿੰਦੂਆਂ ਨੂੰ ਕਾਂਗਰਸ ਦੇ ਹੱਕ ’ਚ ਭੁਗਤਾਉਣ ਲਈ, ਜੂਨ 84 ਵਰਤਾਇਆ ਸੀ ਅਤੇ ਇੰਦਰਾ ਦੇ ਕਤਲ ਉਪਰੰਤ ਕਾਂਗਰਸ ਨੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਨਵੰਬਰ 84 ਦਾ ਕਤਲੇਆਮ ਕੀਤਾ ਗਿਆ।

ਅਸਲ ਵਿੱਚ ਹਾਕਮ ਇੰਦਰਾ ਗਾਂਧੀ ਦੀਆਂ ਸਿੱਖ ਵਿਰੋਧੀ ਕਾਰਵਾਈਆਂ ਪਿੱਛੇ ਸਾਰੇ ਉਸ ਦੇ ਵਿਰੋਧੀ ਲੀਡਰ ਵੀ ਇਕ-ਜੁੱਟ ਹੋ ਕੇ ਸਿੱਖਾਂ ਨੂੰ ਅੱਤਵਾਦੀ ਵੱਖਵਾਦੀ ਤੇ ਦੇਸ਼-ਧ੍ਰੋਹੀ ਪੁਕਾਰਨ ਲੱਗ ਪਏ ਸਨ। ‘ਨੀਲਾ ਤਾਰਾ ਅਪਰੇਸ਼ਨ’ ਦੇ ਸੋਹਲੇ ਗਾਉਂਦਿਆਂ, ਭਾਜਪਾ ਦੇ ਲੀਡਰ ਅਟੱਲ ਬਿਹਾਰੀ ਵਾਜਪਾਈ ਨੇ ਇੰਦਰਾ ਗਾਂਧੀ ਨੂੰ ‘ਦੁਰਗਾ ਦੇਵੀ’ ਦੀ ਉਪਾਧੀ ਨਾਲ ਨਿਵਾਜਿਆ ਸੀ। ਉਸੇ ਪ੍ਰਕ੍ਰਿਆ ਵਿਚੋਂ ਤਾਂ ਬਾਬਰੀ ਮਸਜਿਦ ਤਬਾਹ ਕੀਤੀ ਗਈ, ਹਿੰਦੂ-ਰਾਸ਼ਟਰਵਾਦੀ ਭਾਜਪਾ ਦਾ ਉਦੈ ਹੋਇਆ, ਹਿੰਦੂ-ਰਾਸ਼ਟਰ ਦੀ ਸਥਾਪਨਾ ਦਾ ਸਿਆਸੀ ਏਜੰਡਾ ਮੁੱਖ ਧਾਰਾ ਰਾਜਨੀਤੀ ਦਾ ਅਹਿਮ ਹਿੱਸਾ ਬਣਿਆ ਜਿਸ ਵਿਚੋਂ ਅੱਜ ਦੀ ਮੋਦੀ ਦੀ ਹਿੰਦੂ ਬਹੁਗਿਣਤੀ ਸਰਕਾਰ ਬਣੀ ਹੈ। ਹੁਣ ਦੇਸ ਦੀ ਭਿੰਨਤਾ ਤੇ ਘੱਟ ਗਿਣਤੀਆਂ ਨੂੰ ਕੁਚਲਨਾ, ਸਿਆਸੀ ਵਿਰੋਧ ਤੇ ਵਖਰੇਵਿਆਂ ਨੂੰ ਹਿਟਲਰ ਦੇ ਅੰਦਾਜ਼ ਵਿੱਚ ਦਬਾਉਣਾ ਅਤੇ ਪਾਕਿਸਤਾਨ ਨਾਲ ਜੰਗ ਯੁੱਧ ਦਾ ਮਹੌਲ ਬਣਾ ਕੇ ‘ਹਿੰਦੂ ਮਿਲਟਰੀ ਸਟੇਟ’ ਖੜੀ ਕਰਨਾ ਹਿੰਦੂਤਵ ਤਾਕਤਾਂ ਦਾ ਵੱਡਾ ਨਿਸ਼ਾਨਾ ਬਣ ਗਿਆ ਜਾਪਦਾ ਹੈ।

### ਸਿੱਖ ਸਿਧਾਂਤ ਤੇ ਤਵਾਰੀਖੀ ਅਮਲ

ਸਿੱਖ ਸਿਧਾਂਤ ‘ਧਰਮ ਤੇ ਸਿਆਸਤ’ ਨੂੰ ਵੱਖਰਾ ਇੱਕ ਦੂਜੇ ਤੋਂ ਜੁਦਾ ਨਹੀਂ ਕਰਦਾ ਜਦੋਂ ਕਿ ਨੇਸ਼ਨ-ਸਟੇਟ ਰਾਜ-ਪ੍ਰਬੰਧ ਧਰਮ ਪਿਛੇ ਸੁੱਟ ਕੇ ਹੀ ਪੈਦਾ ਹੋਇਆ ਸੀ। ਇਹ ਪੱਛਮੀ ਵਰਤਾਰਾ ‘ਨੇਸ਼ਨ’ ਨੂੰ ਧਾਰਮਿਕ ਪੱਧਰ ਦੀ ਪਵਿਤਰਤਾ ਤੇ ਉੱਚਤਾ ਦੇ ਕੇ ਘੱਟ ਗਿਣਤੀਆਂ ਅਤੇ ਰਾਜਨੀਤਕ ਵਿਰੋਧੀਆਂ ਨੂੰ ‘ਦੇਸ-ਧਰੋਹੀ’ ਤੇ ‘ਦੇਸ-ਦੁਸ਼ਮਣ’ ਗਰਦਾਨ ਕੇ ਉਨ੍ਹਾਂ ਨੂੰ ਹਿੰਸਾ ਦਾ ‘ਟਾਰਗਟ’ ਬਣਾਉਂਦਾ ਅਤੇ ਉਨ੍ਹਾਂ ਨੂੰ ਅਮਲੀ ਪੱਧਰ ’ਤੇ ‘ਦੂਜੇ ਦਰਜੇ ਦੇ ਸ਼ਹਿਰੀ’ ਵੀ ਬਣਾਉਂਦਾ ਹੈ। ਅਸਲ ਵਿੱਚ ਨੇਸ਼ਨ ਸਟੇਟ ਦੇ ਖ਼ਾਸੇ ਅਨੁਸਾਰ ਭਾਰਤੀ ਤੰਤਰ ਵੀ ਸਿੱਖ, ਮੁਸਲਮਾਨ ਘੱਟ-ਗਿਣਤੀਆ ਅਤੇ ਅਜ਼ਾਦੀ ਲਈ ਲੜ ਰਹੇ ਹੋਰ ਲੋਕਾਂ ਨੂੰ ਅਣ-ਐਲਾਨੀਆ ਤੌਰ ’ਤੇ - ‘ਫਾਲਤੂ ਮਾਨਸ ਜਾਤ’ ਹੀ ਸਮਝਦਾ ਅਤੇ ਉਹ ਸਾਰੀ ਸਿਆਸਤ ‘ਆਪਣੇ ਨਾਗਰਿਕਾਂ’ ਦੁਆਲੇ ਹੀ ਘੁੰਮਾਉਂਦਾ ਹੈ। ਇਸੇ ਕਰਕੇ ਭਾਰਤੀ ਸਟੇਟ ਤੇ ਉਸ ਦੀ ਸਮੁੱਚੀ ਮੁੱਖ ਧਾਰਾ ਸਿਆਸੀ ਜਮਾਤ ਨਵੰਬਰ 84, ਗੁਜਰਾਤ ਵਿਚਲੇ ਸਾਲ 2002 ਦਾ ਮੁਸਲਮਾਨਾਂ ਦੇ ਨਸਲ-ਕੁਸ਼ੀ ਦੀਆਂ ਅਣ-ਮਨੁੱਖੀ ਘਟਨਾਵਾਂ ਨੂੰ ਹਜ਼ਮ ਹੀ ਕਰ ਗਈ ਹੈ। ਇਹ ਕਤਲੇਆਮ ‘ਨੇਸ਼ਨ’ ਉਸਾਰਨ ਲਈ ‘ਕੌਮੀ ਇਕ-ਸੁਰਤਾ’ ਲਿਆਉਣ ਦੀ ਕੋਸ਼ਿਸ਼ਾਂ ਦਾ ਲਖਾਇਕ ਹੈ। ਅਜਿਹੇ ‘ਨੇਸ਼ਨ-ਸਟੇਟ’ ਤੇ ਉਸ ਨਾਲ ਜੁੜੀ ਪ੍ਰਭੂਸੱਤਾ ਨੂੰ ਅਸੀਂ ਕਿਵੇਂ ‘ਯੂਨੀਵਰਸਲ ਸਿਧਾਂਤ’ ਮੰਨ ਸਕਦੇ ਹਾਂ ? ਇਸ ਦੇ ਉਲਟ, ਸਿੱਖਾਂ ਕੋਲ ਆਪਣੇ ਸਿਧਾਂਤ ਤੇ ਸਿੱਖ ਗੁਰੂਆਂ ਦਾ ਅਮਲ ਹਨ ਜਿਹੜੇ ਸਮਾਜ ਵਿੱਚ ਪੱਛਮੀ ਤਰਜ਼ ਦੀ ਇਕਸਾਰਤਾ ਸਥਾਪਤ ਨਹੀਂ ਕਰਦੇ ਸਗੋਂ ਉਹ ਸਮਾਜ ਵਿੱਚ ਇਕਸੁਰਤਾ ਕਾਇਮ ਕਰਦੇ ਹਨ। (ਬਾਕੀ ਸਫ਼ਾ 31 ’ਤੇ)

# ਤੂੰ ਗੜਬਾ, ਮੈਂ ਤੇਰੀ ਡੋਰ ਵੇ ਮਾਹੀਆ

ਜੋਗਿੰਦਰ ਕੌਰ ਅਗਨੀਹੋਤਰੀ



ਦੰਪਤੀ ਜੀਵਨ ਦੀ ਸਾਂਝ ਹੀ ਵੱਖਰੀ ਹੈ। ਔਰਤ ਤੋਂ ਬਿਨਾਂ ਆਦਮੀ ਦਾ ਜੀਵਨ ਅਧੂਰਾ ਹੈ ਅਤੇ ਆਦਮੀ ਬਿਨਾਂ ਔਰਤ ਦਾ। ਇਹ ਸਾਂਝ ਬਣਾਉਣ ਲਈ ਕੁਦਰਤ ਦਾ ਮਹੱਤਵਪੂਰਨ ਯੋਗਦਾਨ ਹੈ। ਕੁਦਰਤ ਅਨੁਸਾਰ ਹੀ ਸ੍ਰਿਸ਼ਟੀ ਦੀ ਰਚਨਾ ਹੋਈ ਅਤੇ ਵਿਕਾਸ ਹੋਇਆ। ਇਸ ਤੋਂ ਬਾਅਦ ਸਮਾਜ ਵਰਗੀ ਸੰਸਥਾ ਹੋਂਦ ਵਿੱਚ ਆਈ। ਇਸ ਨੇ ਜੀਵਨ ਜਿਉਣ ਲਈ ਕੁੱਝ ਨਿਯਮ ਬਣਾਏ ਅਤੇ ਲਾਗੂ ਕੀਤੇ। ਇਨ੍ਹਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਰੀਤ ਵਿਆਹ ਦੀ ਹੈ। ਜਿਸ ਅਨੁਸਾਰ ਸਮਾਜ ਇੱਕ ਔਰਤ ਅਤੇ ਮਰਦ ਨੂੰ ਖ਼ੁਸ਼ੀ ਖ਼ੁਸ਼ੀ ਆਪਣਾ ਨਿੱਜੀ ਜੀਵਨ ਜਿਉਣ ਦੀ ਖੁੱਲ੍ਹ ਦਿੰਦਾ ਹੈ। ਇਹ ਇੱਕ ਸੂਝ-ਬੂਝ ਵਾਲਾ ਫ਼ੈਸਲਾ ਹੈ ਜਿਸ ਨਾਲ ਵੰਸ਼ ਵਧਦੇ ਹਨ ਅਤੇ ਸਦੀਆਂ ਤੋਂ ਵਧਦੇ ਚਲੇ ਆ ਰਹੇ ਹਨ।

ਦੰਪਤੀ ਜੀਵਨ ਵਿੱਚ ਆਦਮੀ ਅਤੇ ਔਰਤ ਦੀ ਸਾਂਝ ਇੰਨੀ ਪਕੇਰੀ ਹੈ ਕਿ ਘਰੇਲੂ ਲੜਾਈ ਝਗੜਾ ਹੋਣ ਦੇ ਬਾਵਜੂਦ ਇਹ ਇੱਕ ਦੂਜੇ ਦੀਆਂ ਭਾਵਨਾਵਾਂ ਨੂੰ ਸਮਝਦੇ ਹਨ ਅਤੇ ਉਨ੍ਹਾਂ ਦੀ ਕਦਰ ਕਰਦੇ ਹਨ। ਇਨ੍ਹਾਂ ਦੇ ਆਪਸੀ ਝਗੜੇ ਨੂੰ ਨਿਪਟਾਉਣ ਲਈ ਕਿਸੇ ਵਿਚੋਲੇ ਦੀ ਲੋੜ ਨਹੀਂ ਹੁੰਦੀ। ਜੇਕਰ ਇਹ ਝਗੜਾ ਕਰਦੇ ਹਨ ਤਾਂ ਸੁਲ੍ਹਾ ਵੀ ਆਪ ਹੀ ਕਰ ਲੈਂਦੇ ਹਨ। ਸ਼ਾਇਦ ਵਿਆਹ ਸਮੇਂ ਹੋਈਆਂ ਲਾਵਾਂ ਦੀ ਲੱਜ ਪਾਲਦੇ ਆਪਣੇ ਵਾਅਦੇ ਉੱਤੇ ਖਰੇ ਉੱਤਰਦੇ ਹਨ। ਵਡੱਪਣ ਦੀ ਗੱਲ ਇਹ ਹੈ ਕਿ ਔਰਤ ਘਰ ਸੰਭਾਲਦੀ ਹੈ ਅਤੇ ਮਰਦ ਆਪਣੀ ਕਮਾਈ ਉਸ ਦੇ ਹੱਥ ਉੱਤੇ ਰੱਖਦਾ ਹੈ। ਇਸ ਲਈ ਹੀ ਕਿਹਾ ਜਾਂਦਾ ਹੈ ਕਿ ਘਰ ਤੀਵੀਆਂ ਦੇ ਅਤੇ ਨਾਂ ਆਦਮੀਆਂ ਦੇ। ਔਰਤ ਘਰ ਦੀ ਇਕੱਲੀ ਇਕੱਲੀ ਚੀਜ਼ ਨੂੰ ਸਾਵਧਾਨੀ ਨਾਲ ਸੰਭਾਲਦੀ ਹੈ।

ਔਰਤ-ਮਰਦ ਦੇ ਇਸ ਗੂੜ੍ਹੇ ਰਿਸ਼ਤੇ ਨੂੰ ਕਈ ਵਡੇਰੀ ਉਮਰ ਦੀਆਂ ਔਰਤਾਂ ਈਰਖਾ ਵੱਸ ਇਹ ਕਹਿ ਕੇ ਵੀ ਛੋਟਾ ਕਰਨਾ ਚਾਹੁੰਦੀਆਂ ਹਨ ਕਿ ਮੁੰਡਾ ਪਰਨਾਇਆ ਤੇ ਗਿਆ, ਨੋਟ ਭਨਾਇਆ ਤੇ ਗਿਆ। ਭਾਵ ਦੋਵੇਂ ਹੀ ਹੱਥੋਂ ਨਿਕਲ ਜਾਂਦੇ ਹਨ। ਕੁੱਝ ਔਰਤਾਂ ਤਾਂ ਇਹ ਵੀ ਕਹਿ ਦਿੰਦੀਆਂ ਹਨ, "ਮੈਂ ਤੇ ਮੇਰਾ ਪੁਰਸ਼ ਅਤੇ ਦੂਜੇ ਦਾ ਮੂੰਹ ਝੁਲਸ।"

ਦੇਖਣ ਵਿੱਚ ਗੱਲ ਭਾਵੇਂ ਛੋਟੀ ਹੈ ਪਰ ਇਸ ਦੇ ਅਰਥ ਵੱਡੇ ਹਨ। ਇਹੋ ਜਿਹੀਆਂ ਗੱਲਾਂ ਉਦੋਂ ਹੋ ਜਾਂਦੀਆਂ ਹਨ ਜਦੋਂ ਨੂੰਹ ਪੁੱਤਰ ਬਜ਼ੁਰਗਾਂ ਦੇ ਕੁੱਝ ਸਮਝਾਉਣ ਦਾ ਬੁਰਾ ਮਨਾਉਣ। ਆਦਮੀ ਅਤੇ ਔਰਤ ਦਾ ਸਬੰਧ ਉਮਰ ਭਰ ਦਾ ਹੈ ਜੋ ਇੱਕ ਦੂਜੇ ਨਾਲ ਨਿਭਾਇਆ ਜਾਂਦਾ ਹੈ। ਇੱਕ ਦੂਜੇ ਦੇ ਦੁੱਖ ਨੂੰ ਦੁੱਖ ਅਤੇ ਸੁੱਖ ਨੂੰ ਸੁੱਖ ਸਮਝਿਆ ਜਾਂਦਾ ਹੈ। ਇਹ ਬੜਾ ਪਵਿੱਤਰ ਰਿਸ਼ਤਾ ਹੈ। ਦੋਵੇਂ ਰਲ ਮਿਲ ਕੇ ਘਰ ਦੇ ਕੰਮਾਂ ਨੂੰ ਇੱਕ ਦੂਜੇ ਦੀ ਸਲਾਹ ਨਾਲ ਕਰਦੇ ਹਨ। ਸਮਾਜ ਵਿੱਚ ਵਿਚਰਦਿਆਂ ਹਰ ਵਿਸ਼ੇਸ਼ ਕਾਰਜ ਦੋਵਾਂ ਦੇ ਇਕੱਠੇ ਬੈਠਣ ਨਾਲ ਹੀ ਸੋਭਦਾ ਹੈ। ਬੱਚਿਆਂ ਦੇ ਵਿਆਹ ਦੇ ਮੌਕੇ ਸ਼ਗਨ ਵਿਹਾਰ ਕਰਨ ਸਮੇਂ ਮਾਂ-ਬਾਪ ਦੋਵੇਂ ਹੀ ਰਲ਼ ਕੇ ਕਰਦੇ ਹਨ। ਕੰਨਿਆ ਦਾਨ ਕਰਨ ਵੇਲੇ ਵੀ ਦੋਵਾਂ ਦਾ ਬੈਠਣਾ ਜ਼ਰੂਰੀ ਸਮਝਿਆ ਜਾਂਦਾ ਹੈ।

ਆਦਮੀ ਆਪਣੀ ਹਰ ਜ਼ਿੰਮੇਵਾਰੀ ਨਿਭਾਉਂਦੇ ਹੋਏ ਨਾ ਤਾਂ ਘਬਰਾਉਂਦਾ ਹੈ ਅਤੇ ਨਾ ਹੀ ਕਤਰਾਉਂਦਾ ਹੈ। ਘਰੇਲੂ ਚੀਜ਼ਾਂ ਦੀ ਲੋੜ ਤੋਂ ਬਿਨਾਂ ਆਪਣੀ ਪਤਨੀ ਦੀ ਹਰ ਖ਼ਾਹਸ਼ ਨੂੰ ਪੂਰੀ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਦਾ ਹੈ। ਉੱਧਰ ਔਰਤ ਵੀ ਘਰ ਦੇ ਕੰਮਾਂ ਨੂੰ ਕਰਦੀ ਹੋਈ ਆਪਣੇ ਪਤੀ ਦਾ ਪੂਰਾ ਖ਼ਿਆਲ ਰੱਖਦੀ ਹੈ। ਉਸ ਦੇ ਖਾਣ-ਪੀਣ ਅਤੇ ਪਹਿਨਣ ਤੋਂ ਇਲਾਵਾ ਉਸ ਦੇ ਦੁੱਖ ਦਰਦ ਨੂੰ ਮਹਿਸੂਸ ਕਰਦੀ ਹੈ। ਘਰ ਵਿੱਚ ਜਿੰਨੀ ਜ਼ਿੰਮੇਵਾਰੀ ਉਸ ਦੀ ਪਤਨੀ ਨਿਭਾਉਂਦੀ ਹੈ, ਓਨੀ ਜ਼ਿੰਮੇਵਾਰੀ ਹੋਰ ਕਿਸੇ ਦੀ ਨਹੀਂ ਹੁੰਦੀ ਕਿਉਂਕਿ ਵਿਆਹ ਤੋਂ ਬਾਅਦ ਇਹ ਜ਼ਿੰਮੇਵਾਰੀ ਸਮਾਜ ਦੀ ਰੀਤ ਅਨੁਸਾਰ ਉਸ ਨੂੰ ਸੌਂਪੀ ਗਈ ਹੈ।



ਜੇਕਰ ਔਰਤ ਦਾ ਪਤੀ ਬਾਹਰ ਨੌਕਰੀ ਕਰਦਾ ਹੈ ਤਾਂ ਉਸ ਦੀ ਜ਼ਿੰਮੇਵਾਰੀ ਘਟ ਜਾਂਦੀ ਹੈ। ਸਰੀਰਕ ਸੁੱਖ ਮਹਿਸੂਸ ਕਰਦੀ ਔਰਤ ਦੇ ਮੂੰਹੋਂ ਆਪ ਮੁਹਾਰੇ ਬੋਲੀ ਫੁੱਟਦੀ ਹੈ:

ਤੇਰੇ ਬਿਨਾਂ ਮੈਂ ਬੜੀ ਵੇ ਸੁਖਾਲੀ
ਨਾ ਮਾਂਜਾਂ ਛੰਨਾ ਤੇ ਮਾਂਜਾਂ ਥਾਲੀ।

ਇਹ ਗੀਤ ਔਰਤ ਦੇ ਪਤੀ ਦੀ ਰੋਟੀ ਵੱਲ ਸੰਕੇਤ ਕਰਦਾ ਹੈ ਕਿਉਂਕਿ ਘਰ ਵਿੱਚ ਪਤੀ ਦੇ ਨਾ ਹੋਣ ਕਾਰਨ ਉਸ ਦੀ ਇਹ ਜ਼ਿੰਮੇਵਾਰੀ ਨਹੀਂ ਹੁੰਦੀ ਜਾਂ ਉਹ ਜ਼ਿੰਮੇਵਾਰੀ ਨਹੀਂ ਸਮਝਦੀ। ਦੂਜੀ ਗੱਲ ਉਸ ਨੂੰ ਰੋਟੀ ਖੁਆਉਣ ਤੋਂ ਬਾਅਦ ਭਾਂਡੇ ਚੁੱਕਣ ਦਾ ਕੰਮ ਵੀ ਨਹੀਂ ਹੁੰਦਾ। ਦੂਜੇ ਪਾਸੇ ਦੇਖਿਆ ਜਾਵੇ ਤਾਂ ਉਹ ਇਹ ਵੀ ਮਹਿਸੂਸ ਕਰਦੀ ਹੈ ਕਿ ਉਹ ਆਪਣੀਆਂ ਰੀਝਾਂ ਪੂਰੀਆਂ ਕਰਨ ਲਈ ਕਿਸ ਨੂੰ ਆਖੇ? ਉਸ ਦਾ ਹੱਕ ਆਪਣੇ ਪਤੀ ਉੱਤੇ ਹੀ ਹੈ। ਉਹੀ ਇਸ ਜ਼ਿੰਮੇਵਾਰੀ ਨੂੰ ਸਮਝਦਾ ਹੈ। ਜਦੋਂ ਉਸ ਨੂੰ ਆਪਣੇ ਪਤੀ ਦੀ ਗ਼ੈਰਹਾਜ਼ਰੀ ਰੜਕਦੀ ਹੈ ਤਾਂ ਉਸ ਨੂੰ ਆਪਣੇ ਪਤੀ ਬਗ਼ੈਰ ਆਪਣੀ ਜ਼ਿੰਦਗੀ ਅਧੂਰੀ ਜਾਪਦੀ ਹੈ ਤੇ ਫਿਰ ਉਸ ਦੇ ਮੂੰਹੋਂ ਆਪ ਮੁਹਾਰੇ ਬੋਲ ਨਿਕਲਦੇ ਹਨ ਜੋ ਗੀਤ ਦਾ ਰੂਪ ਧਾਰਨ ਕਰ ਜਾਂਦੇ ਹਨ:

ਤੇਰੇ ਬਿਨਾਂ ਮੈਂ ਬੜੀ ਵੇ ਬਰੁੱਚੀ
ਨਾ ਸਿਰ ਸਾਲੂ ਨਾ ਪੈਰ ਜੁੱਤੀ।

ਰੁੱਸਣਾ ਅਤੇ ਮਨਾਉਣਾ ਦੋਵੇਂ ਵਿਰੋਧੀ ਸ਼ਬਦ ਹਨ ਪਰ ਰੁੱਸੇ ਹੋਏ ਨੂੰ ਮਨਾਉਣ ਲਈ ਜੋ ਪਾਪੜ ਵੇਲਣੇ ਪੈਂਦੇ ਹਨ ਉਨ੍ਹਾਂ ਦਾ ਵੀ ਬਹੁਤ ਮਹੱਤਵ ਹੈ। ਆਦਮੀ ਹੋਵੇ ਜਾਂ ਔਰਤ, ਬੱਚਾ ਹੋਵੇ ਜਾਂ ਬਜ਼ੁਰਗ ਰੁੱਸਣਾ ਅਤੇ ਮੰਨਣਾ ਸਾਰਿਆਂ ਦਾ ਸੁਭਾਅ ਹੈ। ਜਦੋਂ ਰੁੱਸੇ ਹੋਏ ਨੂੰ ਮਨਾਇਆ ਜਾਂਦਾ ਹੈ ਤਾਂ ਉਹ ਸਮਾਂ ਵੀ ਲਾਜਵਾਬ ਹੁੰਦਾ ਹੈ। ਜਦੋਂ ਉਸ ਨੂੰ ਮਨਾਇਆ ਜਾਂਦਾ ਹੈ ਤਾਂ ਰੁੱਸੇ ਹੋਏ ਨੂੰ ਕਿੰਨਾ ਮਜ਼ਾ ਆਉਂਦਾ ਹੈ। ਉਸ ਸਮੇਂ ਹੋਣ ਵਾਲੀਆਂ ਕਿਰਿਆਵਾਂ ਅਤੇ ਸ਼ਬਦ ਬਹੁਤ ਸਵਾਦਲੇ ਹੁੰਦੇ ਹਨ ਤਾਂ ਹੀ ਇਨ੍ਹਾਂ ਨੂੰ ਲੋਕ ਗੀਤਾਂ ਵਿੱਚ ਲਿਆਂਦਾ ਗਿਆ ਹੈ:

ਮਾਂ ਨਾਲ ਰੁੱਸ ਕੇ ਰੋਟੀ ਨ੍ਹੀਂ ਖਾਂਦਾ
ਤੈਨੂੰ ਕੌਣ ਮਨਾਊਗਾ ਨਿੱਤ
ਵੇ ਨਿੱਤ, ਭੈੜਿਆ ਸੱਜਣਾ।

ਜੇਕਰ ਆਦਮੀ ਘਰਵਾਲੀ ਨਾਲ ਰੁੱਸਿਆ ਹੋਵੇ ਤਾਂ ਉਸ ਦਾ ਜ਼ਿਕਰ ਵੀ ਲੋਕ ਗੀਤਾਂ ਵਿੱਚ ਹੁੰਦਾ ਹੈ:

ਨਾਰ ਨਾਲ ਰੁੱਸ ਕੇ ਭੁੰਜੇ ਸੌਂ ਜਾਂਦਾ
ਕੀੜੇ ਪਤੰਗੇ ਦੀ ਰੁੱਤ ਵੇ
ਵੇ ਉੱਠ ਭੈੜਿਆ ਸੱਜਣਾ
ਐਵੇਂ ਨਾ ਮੇਰੇ ਨਾਲ ਰੁੱਸ ਵੇ।

ਔਰਤ ਦੀ ਇਹ ਖ਼ਾਸੀਅਤ ਹੈ ਕਿ ਉਹ ਆਪਣੇ ਪਤੀ ਨਾਲ ਲੜੇ-ਭਿੜੇ, ਰੁੱਸੀ ਹੋਵੇ ਜਾਂ ਨਾ ਰੁੱਸੀ ਹੋਵੇ ਪਰ ਉਹ ਆਪਣੇ ਘਰ ਦਾ ਭੇਤ ਕਿਸੇ ਨੂੰ ਨਹੀਂ ਦਿੰਦੀ। ਜੇਕਰ ਪਤੀ ਦਾ ਸੁਭਾਅ ਗੁਸੈਲਾ ਵੀ ਹੋਵੇ ਤਾਂ ਆਪ ਉਸ ਨੂੰ ਆਪਣੇ ਪਤੀ ਉੱਤੇ ਜਿੰਨਾ ਮਰਜ਼ੀ ਗੁੱਸਾ ਆਵੇ। ਗੁੱਸੇ ਵਿੱਚ ਆ ਕੇ ਉਸ ਨੂੰ ਤਾਅਨੇ ਮਿਹਣੇ ਵੀ ਦੇਵੇ ਪ੍ਰੰਤੂ ਦੂਜੇ ਦੇ ਸਾਹਮਣੇ ਉਹ ਉਸ ਦਾ ਪੱਖ ਚੰਗਾ ਹੀ ਪੇਸ਼ ਕਰਦੀ ਹੈ। ਉਸ ਦੀ ਬੁਰਾਈ ਉਸ ਤੋਂ ਬਰਦਾਸ਼ਤ ਨਹੀਂ ਹੁੰਦੀ ਤਾਂ ਹੀ ਤੁਰੰਤ ਮੋੜਵਾਂ ਉੱਤਰ ਦਿੰਦੀ ਹੈ:

ਮੇਰੇ ਲਈ ਤਾਂ ਬੜਾ ਸਿਆਣਾ
ਲੋਕਾਂ ਲਈ ਲੜਾਕੂ।
ਨੀਂ ਟਿੱਕੀਆਂ ਦੇ ਗੁੜ ਵਰਗਾ
ਮੇਰੀ ਗੁਰਬਚਨੋਂ ਦਾ ਬਾਪੂ।

ਪਤੀ-ਪਤਨੀ ਦੀ ਸਾਂਝ ਇੰਨੀ ਪਕੇਰੀ ਹੈ ਕਿ ਜਦੋਂ ਕਿਸੇ ਗੱਲ ਦਾ ਕੋਈ ਸ਼ਿਕਵਾ ਹੋਵੇ ਤਾਂ ਉਹ ਇੱਕ ਦੂਜੇ ਨੂੰ ਨਹੋਰੇ ਵੀ ਦਿੰਦੇ ਹਨ ਕਿਉਂਕਿ ਉਨ੍ਹਾਂ ਦਾ ਇੱਕ ਦੂਜੇ ਉੱਤੇ ਅਧਿਕਾਰ ਹੁੰਦਾ ਹੈ। ਉਹ ਨਹੋਰੇ ਦੇ ਕੇ ਆਪਣੇ ਮਨ ਨੂੰ ਹੌਲਾ ਕਰ ਲੈਂਦੇ ਹਨ। ਜਦੋਂ ਕਿਤੇ ਔਰਤ ਦੀ ਗ਼ੈਰ ਮੌਜੂਦਗੀ ਵਿੱਚ ਉਸ ਨੂੰ ਕੰਮ ਕਰਨਾ ਪੈ ਜਾਵੇ ਤਾਂ ਉਹ ਉਸ ਨੂੰ ਨਹੋਰਾ ਦਿੰਦਾ ਹੈ। ਲੋਕ ਗੀਤਾਂ ਵਿੱਚ ਇਸ ਦਾ ਜ਼ਿਕਰ ਇਸ ਤਰ੍ਹਾਂ ਆਉਂਦਾ ਹੈ ਜਿਸ ਨੂੰ ਗੀਤਕਾਰ ਆਪਣੇ ਸ਼ਬਦਾਂ ਵਿੱਚ ਇੰਜ ਬਿਆਨ ਕਰਦਾ ਹੈ:

ਆਪੇ ਭੌਰ ਨੇ ਥੱਪੀਆਂ ਰੋਟੀਆਂ
ਆਪੇ ਈ ਦਾਲ ਬਣਾਈ ਨੀਂ।
ਢਲ ਗਏ ਪਰਛਾਵੇਂ
ਕਿਹੜਿਆਂ ਕੰਮਾਂ 'ਚੋਂ ਆਈ ਨੀਂ।

ਔਰਤ ਵੀ ਆਪਣਾ ਪੱਖ ਨਹੋਰੇ ਨਾਲ ਹੀ ਪੇਸ਼ ਕਰਦੀ ਹੈ:

ਉਰਲੇ ਖੇਤ ਵਿੱਚ ਸਰ੍ਹੋਂ ਤੋਰੀਆ
ਪਰਲੇ ਖੇਤ ਵਿੱਚ ਰਾਈ ਵੇ
ਭਰਮਾਂ ਦਿਆ ਪੱਟਿਆ
ਸਾਗ ਤੋੜ ਕੇ ਲਿਆਈ ਵੇ।

ਔਰਤ ਨੂੰ ਆਪਣੇ ਪਤੀ ਉੱਤੇ ਮਾਣ ਹੁੰਦਾ ਹੈ ਕਿ ਉਸ ਦਾ ਪਤੀ ਸਭ ਤੋਂ ਵੱਧ ਵਫ਼ਾਦਾਰ ਹੈ ਪਰ ਜੇ ਕਿਤੇ ਸ਼ੱਕ ਪੈ ਜਾਵੇ ਤਾਂ ਉਹ ਆਪਣੀ ਸੂਝ-ਬੂਝ ਤੋਂ ਕੰਮ ਲੈਂਦਿਆਂ ਉਸ ਨੂੰ ਸਮਝਦਾਰੀ ਨਾਲ ਸਮਝਾਉਣ ਦੀ ਕੋਸ਼ਿਸ਼ ਕਰਦੀ ਹੈ। ਉਹ ਰੁੱਸਦੀ ਨਹੀਂ ਬਲਕਿ ਉਸ ਦਾ ਦਿਲ ਜਿੱਤਣ ਲਈ ਹਰ ਹਥਕੰਡਾ ਵਰਤਦੀ ਹੈ। ਕਈ ਵਾਰ ਤਾਂ ਉਹ ਬੋਲੀ ਪਾ ਕੇ ਹੀ ਸੁਣਾਉਂਦੀ ਹੈ ਤਾਂ ਕਿ ਹੱਸਦੇ ਹੱਸਦੇ ਗੱਲ ਵੀ ਕਹਿ ਦਿੱਤੀ ਜਾਵੇ ਅਤੇ ਅਗਲਾ ਗੁੱਸਾ ਵੀ ਨਾ ਕਰੇ। ਅਜਿਹੇ ਮੌਕੇ ਉਹ ਇਹ ਬੋਲੀ ਪਾ ਕੇ ਸੁਣਾਉਂਦੀ ਹੈ:

ਟਾਂਡੇ ਚੂਪਦੇਂ ਚਰ੍ਹੀ ਦੇ ਹਾਣੀਆਂ
ਵੇ ਘਰ 'ਚ, ਸੰਧੂਰੀ ਅੰਬੀਆਂ।

ਇਸ ਬੋਲੀ ਦੇ ਅਨੁਸਾਰ ਔਰਤ ਚੋਰੀ ਦੇ ਇਸ਼ਕ ਦਾ ਚਰ੍ਹੀ ਦੇ ਟਾਂਡਿਆਂ ਵਰਗਾ ਸਵਾਦ ਦੱਸਦੀ ਹੈ ਕਿਉਂਕਿ ਚਰ੍ਹੀ ਦੇ ਟਾਂਡੇ ਇੱਖ ਦੇ ਗੰਨੇ ਮੁਕਾਬਲੇ ਬਹੁਤ ਹੀ ਫਿੱਕੇ ਹੁੰਦੇ ਹਨ। ਸੋ ਚੋਰੀ ਦੇ ਇਸ਼ਕ ਦਾ ਮਿਹਣਾ ਅਤੇ ਡਰ ਦੋਵੇਂ ਹੀ ਪੱਖ ਹਨ। ਔਰਤਾਂ ਆਪਣੇ ਪਤੀ ਨਾਲ ਝਗੜਾ ਕਿਸੇ ਖ਼ਾਸ ਗੱਲ 'ਤੇ ਹੀ ਕਰਦੀਆਂ ਹਨ ਪਰ ਝਗੜਾ ਕਰਨ ਤੋਂ ਬਾਅਦ ਉਹ ਇਸ ਮਾਮਲੇ ਨੂੰ ਰਫ਼ਾ ਦਫ਼ਾ ਕਰਨ ਵਿੱਚ ਵੀ ਪਹਿਲ ਕਰ ਲੈਂਦੀਆਂ ਹਨ ਅਤੇ ਘਰ ਦੇ ਮਾਹੌਲ ਨੂੰ ਫਿਰ ਤੋਂ ਸਾਵਾਂ ਕਰ ਲੈਂਦੀਆਂ ਹਨ। ਉਨ੍ਹਾਂ ਦੇ ਦੋ ਸ਼ਬਦ ਜੋ ਉਹ ਸਨੇਹ ਨਾਲ ਕਹਿੰਦੀਆਂ ਹਨ, ਪਤੀ ਨੂੰ ਪੱਥਰ ਤੋਂ ਮੋਮ ਬਣਾ ਦਿੰਦੇ ਹਨ:

ਤੂੰ ਗੜਬਾ
ਮੈਂ ਤੇਰੀ ਡੋਰ ਵੇ ਮਾਹੀਆ।
ਤੇਰਾ ਮੇਰਾ ਝਗੜਾ
ਹੋਰ ਵੇ ਮਾਹੀਆ।

ਸਮਾਜ ਦੇ ਇਸ ਰਿਸ਼ਤੇ ਵਿੱਚ ਅਨੇਕਾਂ ਰਿਸ਼ਤੇ ਸਮਾਏ ਹੋਏ ਹਨ। ਇਸ ਰਿਸ਼ਤੇ ਵਿੱਚ ਬਖੇੜਾ ਪੈਣਾ ਸਮਾਜ ਅਤੇ ਪਰਿਵਾਰ ਲਈ ਖ਼ਤਰਨਾਕ ਸਿੱਧ ਹੁੰਦਾ ਹੈ। ਪੀੜ੍ਹੀਆਂ ਇਸ ਰਿਸ਼ਤੇ ਦੇ ਆਧਾਰ 'ਤੇ ਹੀ ਵਧਦੀਆਂ ਹਨ। ਦੋ ਜਣਿਆਂ ਨੂੰ ਪਤੀ-ਪਤਨੀ ਦੇ ਰੂਪ ਵਿੱਚ ਬੰਨ੍ਹਣ ਲਈ ਅਜਿਹੀ ਰੀਤ ਬਹੁਤ ਹੀ ਮਹੱਤਵਪੂਰਨ ਹੈ। ਸਮਾਜ ਰੂਪੀ ਸੰਸਥਾ ਇਸ ਸ਼ੁਭ ਕਾਰਜ ਨੂੰ ਲਾਗੂ ਕਰਨ ਵਿੱਚ ਸਦੀਵੀ ਸਹਾਈ ਹੋ ਚੁੱਕੀ ਹੈ।



# ਖੇਤੀ ਬਿਨਾਂ ਸੰਭਵ ਨਹੀਂ ਹੈ ਦੇਸ਼ ਦਾ ਵਿਕਾਸ

## ਅੰਨਦਾਤਾ ਦੀਆਂ ਸਮੱਸਿਆਵਾਂ ਪਹਿਲ ਦੇ ਆਧਾਰ 'ਤੇ ਹੱਲ ਕਰਨ ਦੀ ਲੋੜ

ਡਾ. ਰਣਜੀਤ ਸਿੰਘ

ਅੰਨਦਾਤਾ ਅਖਵਾਉਣ ਵਾਲਾ ਕਿਸਾਨ ਆਪ ਹਮੇਸ਼ਾ ਦੁਖੀ ਹੀ ਰਹਿੰਦਾ ਹੈ। ਪਹਿਲਾਂ ਉਸ ਨੂੰ ਜਾਗੀਰਦਾਰ ਲੁੱਟਦੇ ਸਨ, ਫਿਰ ਉਹ ਸ਼ਾਹੂਕਾਰਾਂ ਦੇ ਪੰਜੇ ਵਿੱਚ ਫਸ ਗਿਆ। ਹੁਣ ਉਸ ਦੀ ਲੁੱਟ ਮੰਡੀ ਵਿੱਚ ਆੜ੍ਹਤੀਏ ਤੇ ਬੈਂਕਾਂ ਵਾਲੇ ਕਰਦੇ ਹਨ। ਕਿਸਾਨ ਦੀ ਇਸ ਹਾਲਤ ਦਾ ਮੁੱਖ ਕਾਰਨ ਉਸ ਨੂੰ ਆਪਣੀ ਉਪਜ ਦਾ ਪੂਰਾ ਅਤੇ ਸਹੀ ਮੁੱਲ ਨਾ ਮਿਲਣਾ ਹੈ। ਮੰਡੀ ਵਿੱਚ ਉਸ ਦੀ ਉਪਜ ਦੀ ਬੋਲੀ ਲੱਗਦੀ ਹੈ ਤੇ ਖ਼ਰੀਦਦਾਰ ਆਪਣੀ ਮਨਮਰਜ਼ੀ ਦੀ ਕੀਮਤ 'ਤੇ ਖ਼ਰੀਦ ਕਰਦਾ ਹੈ।

ਆਜ਼ਾਦੀ ਪਿੱਛੋਂ ਦੇਸ਼ ਵਿੱਚ ਅਨਾਜ ਦੀ ਥੁੜ੍ਹ ਆ ਗਈ। ਭਾਰਤ ਸਰਕਾਰ ਲਈ ਵਸੋਂ ਦਾ ਢਿੱਡ ਭਰਨਾ ਔਖਾ ਹੋ ਗਿਆ। ਦੇਸ਼ ਵਿੱਚੋਂ ਅਨਾਜ ਦੀ ਥੁੜ੍ਹ ਨੂੰ ਪੂਰਾ ਕਰਨ ਲਈ ਭਾਰਤ ਨੂੰ ਮੁੱਖ ਤੌਰ ਉੱਤੇ ਅਮਰੀਕਾ 'ਤੇ ਨਿਰਭਰ ਹੋਣਾ ਪਿਆ। ਦੇਸ਼ ਕੋਲ ਇੰਨੇ ਪੈਸੇ ਵੀ ਨਹੀਂ ਸਨ ਕਿ ਅਨਾਜ ਖ਼ਰੀਦਿਆ ਜਾ ਸਕੇ। ਅਮਰੀਕਾ ਨੇ ਭਾਰਤ ਨੂੰ ਆਪਣੀ ਇੱਕ ਸਕੀਮ ਪੀਐੱਲ 480 ਅਧੀਨ ਕਣਕ ਭੇਜਣੀ ਸ਼ੁਰੂ ਕੀਤੀ। ਇਸ ਦਾ ਭੁਗਤਾਨ ਡਾਲਰ ਵਿੱਚ ਨਹੀਂ ਸਗੋਂ ਰੁਪਇਆਂ ਵਿੱਚ ਹੋਣਾ ਸੀ। ਇਹ ਪੈਸਾ ਅਮਰੀਕਾ ਨੇ ਖ਼ਰਚ ਵੀ ਇੱਥੇ ਹੀ ਕਰਨਾ ਸੀ। ਹੋਰ ਸਹਾਇਤਾ ਯੋਜਨਾਵਾਂ ਦੇ ਨਾਲੋ-ਨਾਲ ਅਮਰੀਕਾ ਨੇ ਆਪਣੇ ਕੁਝ ਮਾਹਿਰ ਭੇਜੇ ਤਾਂ ਜੋ ਭਾਰਤ ਵਿੱਚ ਅਨਾਜ ਦੀ ਪੈਦਾਵਾਰ ਵਿੱਚ ਵਾਧੇ ਲਈ ਕੋਈ ਯੋਜਨਾ ਉਲੀਕੀ ਜਾਵੇ। ਇਨ੍ਹਾਂ ਮਾਹਿਰਾਂ ਵਿੱਚ ਇੱਕ ਡਾ. ਫਰੈਂਕ ਪਾਰਕਰ ਵੀ ਸਨ। ਉਨ੍ਹਾਂ ਨੇ ਆਪਣੀ ਖੋਜ ਦੇ ਆਧਾਰ 'ਤੇ ਕਈ ਸਿਫ਼ਾਰਸ਼ਾਂ ਕੀਤੀਆਂ ਜਿਨ੍ਹਾਂ ਵਿੱਚ ਇੱਕ ਮੁੱਖ ਸਿਫ਼ਾਰਸ਼ ਸੀ ਕਿ ਕਿਸਾਨ ਨੂੰ ਉਸ ਦੀ ਉਪਜ ਦਾ ਪੂਰਾ ਮੁੱਲ ਮਿਲਣਾ ਚਾਹੀਦਾ ਹੈ ਤਾਂ ਜੋ ਉਹ ਉਤਸ਼ਾਹਤ ਹੋ ਕੇ ਹੋਰ ਮਿਹਨਤ ਕਰੇ ਤੇ ਖੇਤੀ ਦੇ ਨਵੇਂ ਢੰਗ-ਤਰੀਕੇ ਅਪਣਾਵੇ। ਉਨ੍ਹਾਂ ਨੇ ਆਪਣੀ ਰਿਪੋਰਟ ਉਦੋਂ ਦੇ ਖੇਤੀ ਤੇ ਖ਼ੁਰਾਕ ਮੰਤਰੀ ਅਜੀਤ ਪ੍ਰਸਾਦ ਜੈਨ ਨੂੰ ਭੇਜੀ ਸੀ। ਇਹ ਅਟਲ ਸੱਚਾਈ ਹੈ ਕਿ ਜਦੋਂ ਤੱਕ ਕਿਸੇ ਵੀ ਦੇਸ਼ ਦਾ ਕਿਸਾਨ ਖ਼ੁਸ਼ਹਾਲ ਨਹੀਂ ਹੁੰਦਾ ਤੇ ਵਪਾਰੀ ਇਮਾਨਦਾਰ ਨਹੀਂ ਹੁੰਦਾ ਉਦੋਂ ਤੱਕ ਉਹ ਦੇਸ਼ ਕਦੇ ਵੀ ਵਿਕਸਤ ਦੇਸ਼ ਦਾ ਦਰਜਾ ਪ੍ਰਾਪਤ ਨਹੀਂ ਕਰ ਸਕਦਾ। ਮਿਸਟਰ ਪਾਰਕਰ ਦੀ ਯਾਦ ਤਾਜ਼ਾ ਰੱਖਣ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਆਪਣੇ ਟੀਚਰਜ਼ ਹੋਮ ਦਾ ਨਾਮ ਪਾਰਕ ਹਾਊਸ ਰੱਖਿਆ ਹੈ।

ਸੁਬਰਾਮਨੀਅਮ ਦੇਸ਼ ਦਾ ਖੇਤੀ ਅਤੇ ਖ਼ੁਰਾਕ ਮੰਤਰੀ ਜੂਨ 1964 ਵਿੱਚ ਬਣਿਆ। ਉਹ ਧੜੱਲੇਦਾਰ ਸ਼ਖ਼ਸੀਅਤ ਦਾ ਮਾਲਕ ਸੀ ਅਤੇ ਤੇਜ਼ੀ ਨਾਲ ਫ਼ੈਸਲਾ ਲੈਣ ਵਿੱਚ ਵਿਸ਼ਵਾਸ ਰੱਖਦਾ ਸੀ। ਉਸ ਨੇ ਕਿਸਾਨ ਦੀ ਫ਼ਸਲ ਦਾ ਘੱਟੋ-ਘੱਟ ਸਮਰਥਨ ਮੁੱਲ ਦੇਣ ਦੀ ਤਜਵੀਜ਼ ਤਿਆਰ ਕੀਤੀ ਤੇ ਇਸ ਨੂੰ ਕੈਬਨਿਟ ਦੀ ਮੀਟਿੰਗ ਵਿੱਚ ਪੇਸ਼ ਕੀਤਾ। ਇਸ ਦਾ ਵਿਰੋਧ ਵਿੱਤ ਮੰਤਰੀ ਕ੍ਰਿਸ਼ਨਾਮਚਾਰੀ ਵੱਲੋਂ ਕੀਤਾ ਗਿਆ ਪਰ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਇਸ ਤਜਵੀਜ਼ ਨੂੰ ਪ੍ਰਵਾਨਗੀ ਦੇ ਦਿੱਤੀ ਕਿਉਂਕਿ ਅਨਾਜ ਦੀ ਥੁੜ੍ਹ ਪ੍ਰਧਾਨ ਮੰਤਰੀ ਲਈ ਸਭ ਤੋਂ ਵੱਡੀ ਚੁਣੌਤੀ ਸੀ।

ਇਸੇ ਕਰਕੇ ਉਨ੍ਹਾਂ 'ਜੈ ਜਵਾਨ, ਜੈ ਕਿਸਾਨ' ਦਾ ਨਾਅਰਾ ਦਿੱਤਾ ਸੀ ਤੇ ਲੋਕਾਂ ਨੂੰ ਹਫ਼ਤੇ ਵਿੱਚ ਇੱਕ ਦਿਨ ਵਰਤ ਰੱਖਣ ਦੀ ਵੀ ਅਪੀਲ ਕੀਤੀ ਸੀ। ਇਹ ਵੀ ਫ਼ੈਸਲਾ ਹੋਇਆ ਕਿ ਜੇਕਰ ਮੰਡੀ ਵਿੱਚ ਘੱਟੋ-ਘੱਟ ਮਿੱਥੇ ਮੁੱਲ ਤੋਂ ਹੇਠਾਂ ਕੀਮਤ ਆਉਂਦੀ ਹੈ ਤਾਂ ਸਰਕਾਰ ਖ਼ਰੀਦ ਕਰੇਗੀ। ਇਹ ਵੀ ਫ਼ੈਸਲਾ ਹੋਇਆ ਕਿ ਫ਼ਸਲਾਂ ਦਾ ਘੱਟੋ-ਘੱਟ ਮੁੱਲ ਮਿੱਥਣ ਲਈ ਇੱਕ ਕਮਿਸ਼ਨ ਬਣਾਇਆ ਜਾਵੇ। ਅਨਾਜ ਦੇ ਭੰਡਾਰ ਦੀ ਜ਼ਿੰਮੇਵਾਰੀ ਲਈ ਵੇਅਰ ਹਾਊਸਿੰਗ ਕਾਰਪੋਰੇਸ਼ਨ ਬਣਾਈ ਗਈ। ਅਨਾਜ ਦੀ ਖ਼ਰੀਦ ਤੇ ਵੰਡ ਦੀ ਜ਼ਿੰਮੇਵਾਰੀ ਲਈ ਫੂਡ ਕਾਰਪੋਰੇਸ਼ਨ ਆਫ ਇੰਡੀਆ ਬਣਾਉਣ ਦਾ ਫ਼ੈਸਲਾ ਕੀਤਾ ਗਿਆ। ਜਦੋਂ ਮੁੱਲ ਕਮਿਸ਼ਨ ਹੋਂਦ ਵਿੱਚ ਆਇਆ ਤਾਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਅਰਥ ਸ਼ਾਸਤਰੀ ਡਾ. ਅਵਤਾਰ ਸਿੰਘ ਕਾਹਲੋਂ ਨੂੰ ਚੇਅਰਮੈਨ ਬਣਾਇਆ ਗਿਆ। ਇੱਥੋਂ ਦੇ ਹੀ ਅਰਥ ਸ਼ਾਸਤਰੀ ਡਾ. ਸਰਦਾਰਾ ਸਿੰਘ ਜੌਹਲ ਨੂੰ ਵੀ ਇਸ ਪਦਵੀ 'ਤੇ ਕੰਮ ਕਰਨ ਦਾ ਮੌਕਾ ਮਿਲਿਆ ਸੀ।

ਉਦੋਂ ਹੀ ਮੈਕਸੀਕੋ ਵਿਖੇ ਡਾ. ਬੌਰਲਾਗ ਦੀ ਅਗਵਾਈ ਹੇਠ ਕਣਕ ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਵਿਕਸਤ ਹੋਈਆਂ। ਖੇਤੀ ਮੰਤਰੀ ਸੁਬਰਾਮਨੀਅਮ ਨੇ ਬਿਨਾਂ ਸਰਕਾਰੀ ਲਾਲ ਫੀਤਾਸ਼ਾਹੀ ਦੀ ਪਰਵਾਹ ਕੀਤਿਆਂ ਵੱਡੀ ਮਾਤਰਾ ਵਿੱਚ ਉੱਥੋਂ ਬੀਜ ਦੀ ਖ਼ਰੀਦ ਕਰਵਾਈ ਅਤੇ ਕਿਸਾਨਾਂ ਨੂੰ ਵੰਡਿਆ। ਕਣਕ ਦੀ ਪੈਦਾਵਾਰ ਵਿੱਚ ਤੇਜ਼ੀ ਨਾਲ ਵਾਧਾ ਹੋਇਆ। ਸਰਕਾਰ ਨੇ ਵੀ ਮਿੱਥੇ ਮੁੱਲ 'ਤੇ ਇਸ ਦੀ ਖ਼ਰੀਦ ਕੀਤੀ। ਜੇਕਰ ਅਜਿਹਾ ਨਾ ਹੋਇਆ ਹੁੰਦਾ ਤਾਂ ਸ਼ਾਇਦ ਉੱਤਰੀ ਭਾਰਤ ਵਿੱਚ ਹਰਾ ਇਨਕਲਾਬ ਨਾ ਸਿਰਜਿਆ ਜਾਂਦਾ। ਆਪਣੀ ਉਪਜ ਦਾ ਪੂਰਾ ਮੁੱਲ ਮਿਲਣ ਕਰਕੇ ਕਿਸਾਨਾਂ ਨੇ ਪਹਿਲੀ ਵਾਰ ਖ਼ੁਸ਼ਹਾਲੀ ਦਾ ਮੂੰਹ ਵੇਖਿਆ।



ਤੇਜ਼ੀ ਨਾਲ ਵਧ ਰਹੀ ਆਬਾਦੀ ਦਾ ਢਿੱਡ ਭਰਨ ਲਈ ਅਨਾਜ ਦੀ ਉਪਜ ਵਿੱਚ ਵਾਧਾ ਜ਼ਰੂਰੀ ਹੈ। ਉੱਨਤ ਦੇਸ਼ਾਂ ਵਾਂਗ ਭਾਰਤ ਵਿੱਚ ਵਸੋਂ ਦੇ ਜ਼ਿਆਦਾਤਰ ਹਿੱਸੇ ਨੂੰ ਸਨਅਤੀ ਅਤੇ ਦੂਜੇ ਖੇਤਰਾਂ ਵਿੱਚ ਰੁਜ਼ਗਾਰ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਸਵੈ-ਚਾਲਕ ਮਸ਼ੀਨਾਂ ਆਉਣ ਨਾਲ ਕਾਮਿਆਂ ਦੀ ਲੋੜ ਘਟਦੀ ਜਾ ਰਹੀ ਹੈ। ਮਸਨੂਈ ਸਿਆਣਪ ਵਿੱਚ ਹੋ ਰਹੇ ਵਾਧੇ ਕਾਰਨ ਸਰਕਾਰੀ ਅਤੇ ਗ਼ੈਰ-ਸਰਕਾਰੀ ਅਦਾਰਿਆਂ ਵਿੱਚ ਨੌਕਰੀਆਂ ਘੱਟ ਹੋ ਰਹੀਆਂ ਹਨ। ਇਸ ਕਰਕੇ ਸਰਕਾਰ ਨੂੰ ਦੇਸ਼ ਦੀ ਖ਼ੁਸ਼ਹਾਲੀ ਲਈ ਜਿੱਥੇ ਨਵੀਂ ਤਕਨਾਲੋਜੀ ਦੀ ਲੋੜ ਹੈ ਉੱਥੇ ਹੀ ਉਪਜ ਦਾ ਪੂਰਾ ਮੁੱਲ ਦੇਣਾ ਵੀ ਜ਼ਰੂਰੀ ਹੈ। ਇਸ ਵਿੱਚ ਵਪਾਰੀ ਵੀ ਸਰਕਾਰ ਦੀ ਸਹਾਇਤਾ ਕਰ ਸਕਦੇ ਹਨ। ਕਿਸਾਨ ਦੀ ਲੁੱਟ ਕਰਨ ਦੀ ਥਾਂ ਇਮਾਨਦਾਰੀ ਨਾਲ ਉਸ ਦੀ ਉਪਜ ਦੀ ਪੂਰੀ ਕੀਮਤ ਦਿੱਤੀ ਜਾਵੇ। ਗ਼ਰੀਬ ਕਿਸਾਨ ਦੀ ਮਜਬੂਰੀ ਦਾ ਫ਼ਾਇਦਾ ਨਾ ਉਠਾਇਆ ਜਾਵੇ ਸਗੋਂ ਉਸ ਦੀ ਬਾਂਹ ਫੜੀ ਜਾਵੇ। ਜਿਵੇਂ ਸਰਕਾਰ ਕਾਰੋਬਾਰੀਆਂ ਦੀ ਬਾਂਹ ਫੜਦੀ ਹੈ ਅਤੇ ਉਨ੍ਹਾਂ ਨੂੰ ਅਨੇਕਾਂ ਸਹੂਲਤਾਂ ਦਿੰਦੀ ਹੈ ਉਸੇ ਤਰ੍ਹਾਂ ਕਿਸਾਨ ਦੀ ਵੀ ਬਾਂਹ ਫੜਨ ਦੀ ਲੋੜ ਹੈ।

ਇਹ ਮੰਨਣਾ ਪਵੇਗਾ ਕਿ ਦੇਸ਼ ਦੀ ਲਗਪਗ ਅੱਧੀ ਵਸੋਂ ਨੂੰ ਸੰਤੁਲਿਤ ਭੋਜਨ ਨਸੀਬ ਨਹੀਂ ਹੁੰਦਾ ਅਤੇ ਸਰਕਾਰ ਕੋਈ 80 ਕਰੋੜ ਲੋਕਾਂ ਨੂੰ ਮੁਫ਼ਤ ਭੋਜਨ ਦੇ ਰਹੀ ਹੈ। ਇਸ ਕਰਕੇ ਖੇਤੀ ਦੇ ਵਿਕਾਸ 'ਤੇ ਹੀ ਦੇਸ਼ ਦਾ ਉਜਵਲ ਭਵਿੱਖ ਨਿਰਭਰ ਕਰਦਾ ਹੈ। ਸਵਰਗਵਾਸੀ ਡਾ. ਸਵਾਮੀਨਾਥਨ ਨੇ ਆਖਿਆ ਸੀ ਕਿ ਭਵਿੱਖ ਵਿੱਚ ਉਹ ਦੇਸ਼ ਤਾਕਤਵਾਰ ਨਹੀਂ ਹੋਵੇਗਾ ਜਿਸ ਕੋਲ ਸ਼ਕਤੀਸ਼ਾਲੀ ਫ਼ੌਜ ਹੋਵੇਗੀ ਸਗੋਂ ਉਹ ਦੇਸ਼ ਹੀ ਤਾਕਤਵਰ ਹੋਵੇਗਾ ਜਿਸ ਕੋਲ ਭੋਜਨ ਹੋਵੇਗਾ। ਸਰਕਾਰ ਹੁਣ 22 ਕੁ ਫ਼ਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਐਲਾਨ ਕਰਦੀ ਹੈ।

ਇਸ ਨੂੰ ਲਾਗੂ ਕਰਨ ਵਿੱਚ ਕੁਝ ਮੁਸ਼ਕਿਲਾਂ ਤਾਂ ਆ ਸਕਦੀਆਂ ਹਨ ਪਰ ਇਹ ਨਾਮੁਮਕਿਨ ਨਹੀਂ ਹੈ। ਸਰਕਾਰ ਨੂੰ ਸਾਰੀ ਵਸੋਂ ਦਾ ਢਿੱਡ ਭਰਨ ਲਈ ਅਨਾਜ ਦਾ ਬਹੁਤਾ ਹਿੱਸਾ ਤਾਂ ਆਪ ਹੀ ਖ਼ਰੀਦਣਾ ਪਵੇਗਾ ਪਰ ਹਰੇਕ ਜਿਨਸ ਦੀ ਸਰਕਾਰੀ ਖ਼ਰੀਦ ਜ਼ਰੂਰੀ ਨਹੀਂ ਹੈ। ਸਰਕਾਰ ਰਾਜਾਂ ਦੇ ਮੰਡੀ ਬੋਰਡਾਂ ਰਾਹੀਂ ਇਹ ਨਿਸ਼ਚਤ ਕਰਵਾਏ ਕਿ ਮੰਡੀ ਵਿੱਚ ਜਿਨਸ ਦੀ ਬੋਲੀ ਮਿੱਥੇ ਗਏ ਘੱਟੋ ਘੱਟ ਮੁੱਲ ਤੋਂ ਸ਼ੁਰੂ ਕੀਤੀ ਜਾਵੇ। ਇੰਝ ਕਿਸਾਨ ਦੀ ਲੁੱਟ ਨੂੰ ਰੋਕਿਆ ਜਾ ਸਕਦਾ ਹੈ। ਜਿਨਸਾਂ ਦਾ ਮੁੱਲ ਵੀ ਡਾ. ਸਵਾਮੀਨਾਥਨ ਦੀ ਸਿਫ਼ਾਰਸ਼ ਅਨੁਸਾਰ ਹੀ ਮਿੱਥਿਆ ਜਾਵੇ ਤਾਂ ਜੋ ਕਿਸਾਨ ਵੀ ਰੱਜਵੀਂ ਰੋਟੀ ਖਾ ਸਕੇ। ਜੇਕਰ ਸਰਕਾਰ ਸਨਅਤਕਾਰਾਂ ਦੀ ਇੰਨੀ ਮਾਇਕ ਸਹਾਇਤਾ ਦੇ ਸਕਦੀ ਹੈ ਤਾਂ ਕਿਸਾਨ ਦੀ ਮਦਦ ਕਿਉਂ ਨਹੀਂ ਕੀਤੀ ਜਾ ਸਕਦੀ ਜਿਹੜਾ ਕਿ ਮਨੁੱਖ ਦੀ ਸਭ ਤੋਂ ਮੁੱਢਲੀ ਲੋੜ ਭੋਜਨ ਪੈਦਾ ਕਰਦਾ ਹੈ। ਚੰਨ ਉੱਤੇ ਜਾਣ ਨਾਲੋਂ ਵੀ ਕਿਸਾਨ ਦੀ ਖ਼ੁਸ਼ਹਾਲੀ ਵਧੇਰੇ ਜ਼ਰੂਰੀ ਹੈ।



ਹੁਣ ਪੰਜਾਬ ਬਾਰੇ ਵੀ ਚਰਚਾ ਕਰਨੀ ਬਣਦੀ ਹੈ ਕਿਉਂਕਿ ਪੰਜਾਬ ਹੀ ਦੇਸ਼ ਦੇ ਅੰਨ ਭੰਡਾਰ ਵਿੱਚ ਸਭ ਤੋਂ ਵੱਧ ਹਿੱਸਾ ਪਾਉਂਦਾ ਹੈ। ਪੰਜਾਬ ਵਿੱਚ ਕਣਕ, ਚੌਲ, ਕਪਾਹ, ਗੰਨਾ ਅਤੇ ਦੁੱਧ ਪਹਿਲਾਂ ਹੀ ਘੱਟੋ-ਘੱਟ ਮਿੱਥੇ ਸਮਰਥਨ ਮੁੱਲ 'ਤੇ ਹੀ ਖ਼ਰੀਦੇ ਜਾਂਦੇ ਹਨ। ਇਹ ਮੁੱਲ ਮਿੱਥਦੇ ਸਮੇਂ ਵਧ ਰਹੀਆਂ ਕੀਮਤਾਂ ਦਾ ਪੂਰਾ ਧਿਆਨ ਜ਼ਰੂਰ ਰੱਖਿਆ ਜਾਵੇ। ਜਿੱਥੋਂ ਤੱਕ ਦਾਲਾਂ ਅਤੇ ਤੇਲ ਬੀਜਾਂ ਦਾ ਸਬੰਧ ਹੈ ਇਸ ਸਮੇਂ ਸੂਬੇ ਵਿਚ 6500 ਟਨ ਦਾਲਾਂ ਅਤੇ 74000 ਟਨ ਤੇਲ ਬੀਜ ਪੈਦਾ ਹੁੰਦੇ ਹਨ। ਇਨ੍ਹਾਂ ਦੀ ਕੀਮਤ ਘੱਟ ਹੋਣ ਤੋਂ ਰੋਕਣ ਵਿੱਚ ਕੇਂਦਰ ਸਰਕਾਰ ਦੀ ਸਹਾਇਤਾ ਨਾਲ ਰਾਜ ਸਰਕਾਰ ਵਧੀਆ ਭੂਮਿਕਾ ਨਿਭਾ ਸਕਦੀ ਹੈ। ਜੇਕਰ ਪੰਜਾਬ ਦੇ ਅਦਾਰੇ ਅਸਾਮ ਤੋਂ ਚਾਹ ਪੱਤੀ ਖ਼ਰੀਦ ਕੇ ਵੇਚ ਸਕਦੇ ਹਨ ਤਾਂ ਆਪਣੇ ਸੂਬੇ ਦੀਆਂ ਦਾਲਾਂ ਅਤੇ ਤੇਲ ਬੀਜਾਂ ਦਾ ਤੇਲ ਕਿਉਂ ਨਹੀਂ ਵੇਚ ਸਕਦੇ? ਮੱਕੀ ਅਤੇ ਬਾਜਰੇ ਦੀ ਖੇਤੀ ਨੂੰ ਉਤਸ਼ਾਹਤ ਕਰਨ ਲਈ ਜਿਥੇ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਵਿਕਸਤ ਕਰਨ ਦੀ ਲੋੜ ਹੈ। ਇਹ ਪੈਦਾਵਾਰ ਇੰਨੀ ਵੱਧ ਨਹੀਂ ਹੈ ਕਿ ਇਸ ਦੇ ਖ਼ਰੀਦ ਮੁੱਲ ਨੂੰ ਸਥਿਰ ਨਾ ਰੱਖਿਆ ਜਾ ਸਕੇ। ਰਾਜ ਸਰਕਾਰ ਨੂੰ ਚਾਹੀਦਾ ਹੈ ਕਿ ਖੇਤੀ ਆਧਾਰਤ ਸਨਅਤਾਂ ਨੂੰ ਉਤਸ਼ਾਹਤ ਕਰੇ। ਇਸ ਨਾਲ ਕਿਸਾਨ ਨੂੰ ਉਪਜ ਦਾ ਮੁੱਲ ਵੀ ਪੂਰਾ ਮਿਲ ਸਕੇਗਾ ਅਤੇ ਉਨ੍ਹਾਂ ਲਈ ਰੁਜ਼ਗਾਰ ਦੇ ਵਸੀਲੇ ਵੀ ਪੈਦਾ ਹੋਣਗੇ। ਸਨਅਤੀ ਵਿਕਾਸ ਲਈ ਵੀ ਖੇਤੀ ਵਿਕਾਸ ਜ਼ਰੂਰੀ ਹੈ ਕਿਉਂਕਿ ਜੇ ਪਿੰਡਾਂ ਦੇ ਲੋਕਾਂ ਦੀ ਖ਼ਰੀਦ ਸ਼ਕਤੀ ਵਿਚ ਵਾਧਾ ਹੋਵੇਗਾ ਤਾਂ ਹੀ ਉਹ ਸਨਅਤੀ ਵਸਤਾਂ ਦੀ ਖ਼ਰੀਦਦਾਰੀ ਕਰ ਸਕਣਗੇ।



# ਪੰਜਾਬੀ ਸਮਾਜ ਵਿੱਚ ਵਿਚੋਲੇ ਦਾ ਮਹੱਤਵ

**ਜੋਗਿੰਦਰ ਕੌਰ ਅਗਨੀਹੋਤਰੀ**

ਵਿਚੋਲੇ ਵੱਲੋਂ ਚੰਗਾ ਸਬੰਧ ਜੋੜਨ ਲਈ ਉਸ ਦਾ ਆਦਰ-ਮਾਣ ਕੀਤਾ ਜਾਂਦਾ ਹੈ। ਘਰ ਆਉਣ 'ਤੇ ਵਿਚੋਲੇ ਦੀ ਪੂਰੀ ਖ਼ਾਤਰਦਾਰੀ ਕੀਤੀ ਜਾਂਦੀ ਹੈ ਕਿਉਂਕਿ ਦੋਵਾਂ ਘਰਾਂ ਦੀ ਪੱਤ ਦਾ ਰਾਖਾ ਉਹੀ ਮੰਨਿਆ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਜੇਕਰ ਕਿਸੇ ਪਾਸੇ ਕੋਈ ਕਮੀ ਵੀ ਰਹਿ ਜਾਂਦੀ ਹੈ ਤਾਂ ਉਹ ਸਮਝਾ ਕੇ ਇੱਕ ਦੂਜੇ ਨੂੰ ਚੁੱਪ ਕਰਵਾ ਦਿੰਦਾ ਹੈ।

ਵਿਆਹ ਵਿੱਚ ਲੈਣ-ਦੇਣ ਅਤੇ ਹੋਰ ਪਰੰਪਰਾਵਾਂ ਦੀ ਪਾਲਣਾ ਕਰਨ ਲਈ ਉਹ ਆਪਣਾ ਮਹੱਤਵਪੂਰਨ ਕਿਰਦਾਰ ਨਿਭਾਉਂਦਾ ਹੈ। ਇਸ ਕਰਕੇ ਹੀ ਉਹ ਇਸ ਮਹੱਤਵਪੂਰਨ ਕਾਰਜ ਨੂੰ ਸਿਰੇ ਚੜ੍ਹਾਉਂਦਾ ਹੈ। ਕੁੜੀ ਵਾਲੇ ਵਿਚੋਲੇ ਅਤੇ ਵਿਚੋਲਣ ਦਾ ਮਾਣ ਸੂਟ ਅਤੇ ਕੰਬਲ/ਖੇਸ, ਮਿਠਾਈ ਆਦਿ ਦੇ ਕੇ ਕਰਦੇ ਹਨ ਜਦਕਿ ਮੁੰਡੇ ਵਾਲੇ ਵਿਚੋਲੇ ਅਤੇ ਵਿਚੋਲਣ ਦਾ ਮਾਣ ਸੂਟ ਅਤੇ ਕੰਬਲ/ਖੇਸ, ਮਿਠਾਈ ਆਦਿ ਤੋਂ ਬਿਨਾ ਛਾਪ (ਮੁੰਦਰੀ) ਵੀ ਪਾਉਂਦੇ ਹਨ। ਅਜਿਹਾ ਮਾਣ ਅਪਣੱਤ ਵਜੋਂ ਕੀਤਾ ਜਾਂਦਾ ਹੈ ਕਿਉਂਕਿ ਉਸ ਨੂੰ ਦੋਵੇਂ ਘਰਾਂ ਦਾ ਭੇਤ ਹੁੰਦਾ ਹੈ। ਦੋਵੇਂ ਘਰ ਉਸ ਨੂੰ ਆਪਣਾ ਸਮਝਦੇ ਹਨ। ਜਦੋਂ ਉਹ ਵਿਚੋਲੇ ਨੂੰ ਆਪਣਾ ਮੰਨ ਲੈਂਦੇ ਹਨ ਤਾਂ ਉਨ੍ਹਾਂ ਦਾ ਉਸ ਉੱਤੇ ਆਪਣਿਆਂ ਵਾਂਗ ਹੀ ਅਧਿਕਾਰ ਹੋ ਜਾਂਦਾ ਹੈ।

ਸੋ ਰਿਸ਼ਤੇਦਾਰਾਂ ਨਾਲ ਵਿਚੋਲੇ ਲਈ ਵੀ ਗੀਤ ਗਾਏ ਜਾਂਦੇ ਹਨ। ਵਿਚੋਲੇ ਦੀ ਚੰਗੀ ਕਾਰਗੁਜ਼ਾਰੀ ਦੇਖ ਕੇ ਉਸ ਦੀ ਪ੍ਰਸ਼ੰਸਾ ਕੀਤੀ ਜਾਂਦੀ ਹੈ ਅਤੇ ਅਸੀਸਾਂ ਦਿੱਤੀਆਂ ਜਾਂਦੀਆਂ ਹਨ ਕਿ ਉਸ ਨੇ ਵਧੀਆ ਮੇਲ ਮਿਲਾਇਆ ਹੈ:

ਵਿਚੋਲਿਆ ਵੇ ਤੇਰਾ ਪੁੱਤ ਜੀਵੇ
ਸਾਡਾ ਜੀਵੇ ਵੇ ਪਰਿਵਾਰ।
ਐਸਾ ਬੂਟਾ ਲਾ ਦਿੱਤਾ
ਜਿਹੜਾ ਸੋਹੇ ਬਾਬਲ ਦੇ ਬਾਰ।

ਇਹ ਦੋਹਾ ਮੁੰਡੇ ਅਤੇ ਕੁੜੀ ਵਾਲੇ ਦੋਵੇਂ ਹੀ ਲਾਉਂਦੇ ਹਨ ਕਿਉਂਕਿ ਘਰ ਵਿੱਚ ਜੁਆਈ ਚੰਗਾ ਆ ਜਾਵੇ ਤਾਂ ਸਭ ਨੂੰ ਵਧੀਆ ਲੱਗਦਾ ਹੈ। ਇਸ ਲਈ ਜੇਕਰ ਨੂੰਹ ਚੰਗੀ ਆ ਜਾਵੇ ਤਾਂ ਵੀ ਪਰਿਵਾਰ ਖ਼ੁਸ਼ ਕਿਉਂਕਿ ਨੂੰਹਾਂ ਹੀ ਘਰ ਦੀਆਂ ਨੀਹਾਂ ਹੁੰਦੀਆਂ ਹਨ। ਉਨ੍ਹਾਂ ਨਾਲ ਹੀ ਘਰ ਸਵਰਗ ਬਣਦਾ ਹੈ ਅਤੇ ਦੇਹਲੀ ਭਾਵ ਵੰਸ਼ ਵਧਦੀ ਹੈ। ਵਿਚੋਲੇ ਦੀ ਪ੍ਰਸ਼ੰਸਾ ਕਰਨ ਤੋਂ ਬਾਅਦ ਮਖੌਲ ਕਰਨ ਭਾਵ ਸਿੱਠਣੀਆਂ ਦੀ ਲੜੀ ਵੀ ਸ਼ੁਰੂ ਹੋ ਜਾਂਦੀ ਹੈ। ਪ੍ਰਸ਼ੰਸਾ ਦਾ ਪਾਤਰ ਵਿਚੋਲਾ ਨਿੰਦਿਆ ਦੀ ਜਕੜ ਵਿੱਚ ਆ ਜਾਂਦਾ ਹੈ। ਸਿੱਠਣੀਆਂ ਰਾਹੀਂ ਉਸ ਦੀ ਖ਼ੂਬ ਲਾਹ ਪਾਹ ਕੀਤੀ ਜਾਂਦੀ ਹੈ। ਵਿਚੋਲੇ ਨੂੰ ਬੇਸ਼ਰਮ ਹਾਸੀ ਹੱਸਣੀ ਪੈਂਦੀ ਹੈ ਅਤੇ ਸਬਰ ਕਰਨਾ ਪੈਂਦਾ ਹੈ ਕਿਉਂਕਿ ਉਹ ਗੀਤਾਂ ਰਾਹੀਂ ਉਸ ਦੀ ਬੇਇੱਜ਼ਤੀ ਕਰ ਰਹੀਆਂ ਨਾਲ ਉਹ ਮੁਕਾਬਲਾ ਕਿਵੇਂ ਕਰੇ ? ਸਿੱਠਣੀਆਂ ਵਾਲੀਆਂ ਤਾਂ ਇੱਕ ਤੋਂ ਇੱਕ ਸਿੱਠਣੀ ਤਿਆਰ ਰੱਖਦੀਆਂ ਹਨ। ਪਹਿਲੀ ਸਿੱਠਣੀ ਇਹ ਹੁੰਦੀ ਹੈ:

ਕੁੜਮੋਂ ਕੁੜਮੀ ਵਰਤਣਗੇ
ਵਿਚੋਲੇ ਬੈਠੇ ਤਰਸਣਗੇ।



ਵਿਚੋਲਾ ਤਾਂ ਵਿਆਹ ਤੱਕ ਹੀ ਹੁੰਦਾ ਹੈ ਅਤੇ ਵਰਤਣਾ ਵੀ ਕੁੜਮਾਂ ਨੇ ਆਪਸ ਵਿੱਚ ਹੀ ਹੁੰਦਾ ਹੈ, ਪਰ ਤਰਸੇਵਾਂ ਕਿਸ ਗੱਲ ਦਾ ? ਇਹ ਸਿਰਫ਼ ਵਿਚੋਲੇ ਨੂੰ ਖਿਝਾਉਣ ਲਈ ਹੁੰਦਾ ਹੈ। ਇੱਥੇ ਹੀ ਬਸ ਨਹੀਂ। ਉਹ ਨਵੇਂ ਬੰਦ ਲੈ ਕੇ ਹੋਰ ਅੱਗੇ ਵਧਦੀਆਂ ਹਨ:

ਕੁੜਮੋਂ ਕੁੜਮੀਂ ਚੰਗੀ ਹੋਈ ਐ
ਵਿਚੋਲੇ ਦੀ ਇੱਜ਼ਤ ਨੰਗੀ ਹੋਈ ਐ।



ਕਾਰਜ ਨੂੰ ਸਫਲਤਾਪੂਰਵਕ ਨੇਪਰੇ ਚੜ੍ਹਾਉਣ ਵਾਲੇ ਵਿਚੋਲੇ ਨੂੰ ਬਦਨਾਮ ਕਰਨ 'ਤੇ ਤੁਲੀਆਂ ਮੇਲਣਾਂ ਇੱਕ ਹੋਰ ਨਵੀਂ ਤੁਹਮਤ ਵਿਚੋਲੇ ਦੀ ਮਾਂ 'ਤੇ ਵੀ ਲਾ ਦਿੰਦੀਆਂ ਹਨ:

ਕੁੜਮੋਂ ਕੁੜਮੀਂ ਅੱਛੀ ਹੋਈ ਐ
ਵਿਚੋਲੇ ਦੀ ਮਾਂ ਦੇ ਵੱਛੀ ਹੋਈ ਐ।

ਅਜਿਹੀਆਂ ਤੁਹਮਤਾਂ ਕੁੜੀ ਵਾਲੇ ਪਾਸੇ ਦੀਆਂ ਮੇਲਣਾਂ ਲਾਉਂਦੀਆਂ ਹੋਈਆਂ ਕੁੜਮਾਂ ਦੀ ਵਡਿਆਈ ਕਰਦੀਆਂ ਹਨ ਅਤੇ ਵਿਚੋਲੇ ਦੀ ਬਗਦੋਈ। ਵਿਚੋਲਾ ਸਬਰ ਸੰਤੋਖ ਅਤੇ ਸਹਿਣਸ਼ੀਲਤਾ ਦਾ ਧਾਰਨੀ ਹੁੰਦਾ ਹੈ। ਇਸ ਲਈ ਇਸ ਨੂੰ ਉਦੋਂ ਹੀ ਪਰਖ ਲਿਆ ਜਾਂਦਾ ਹੈ ਜਦੋਂ ਕਿਸੇ ਪਾਸਿਉਂ ਕਮੀਂ ਦਿਸਦੀ ਹੋਵੇ ਤਾਂ ਉਹ ਝੱਟ ਹੀ ਦਰੁਸਤ ਕਰਦਾ ਹੈ। ਉਹ ਗੱਲ ਨੂੰ ਅੱਗੇ ਨਹੀਂ ਵਧਣ ਦਿੰਦਾ ਸਗੋਂ ਇੱਕ ਦੂਜੇ ਦੀ ਚੰਗਿਆਈ ਦਿਖਾ ਕੇ ਪੇਸ਼ ਕਰਦਾ ਹੈ, ਪਰ ਭੰਡਣ ਵਾਲਿਆਂ ਕੋਲ ਭੰਡਣ ਦੇ ਤਰੀਕਿਆਂ ਦੀ ਕਮੀ ਨਹੀਂ ਹੁੰਦੀ। ਉਨ੍ਹਾਂ ਨੇ ਆਪਣੇ ਸ਼ਬਦਾਂ ਦੇ ਬਾਣਾਂ ਰਾਹੀਂ ਵਿਚੋਲੇ ਨੂੰ ਵਿੰਨ੍ਹ ਹੀ ਦੇਣਾ ਹੈ:

ਕੁੜਮੋਂ ਕੁੜਮੀਂ ਲੱਖ ਵਾਰੀ
ਵਿਚੋਲੇ ਦੀ ਢੂਹੀ ਵਿੱਚ ਲੱਤ ਮਾਰੀ।

ਵਿਚੋਲਾ ਤਾਂ ਅਜੇ ਆਪਣੀ ਗ਼ਲਤੀ ਬਾਰੇ ਹੀ ਸੋਚਦਾ ਹੈ ਕਿ ਉਸ ਨੇ ਕੋਈ ਗਲਤੀ ਨਹੀਂ ਕੀਤੀ ਅਤੇ ਲੱਤ ਮਾਰਨ ਵਾਲੀ ਗੱਲ ਕਿਉਂ ਹੁੰਦੀ ਹੈ ਤਾਂ ਅਚਾਨਕ ਉਸ ਉੱਤੇ ਸਿੱਠਣੀ ਦਾ ਇੱਕ ਹੋਰ ਬਾਣ ਡਿੱਗਦਾ ਹੈ:

ਕੁੜਮੋਂ ਕੁੜਮੀਂ ਸੌ ਵਾਰੀ
ਵਿਚੋਲੇ ਦੀ ਢੂਹੀ ਵਿੱਚ ਚੌ ਮਾਰੀ।

ਚੌ ਹਲ਼ ਵਿੱਚ ਜੜਿਆ ਉਹ ਪੁਰਜ਼ਾ ਹੈ ਜੋ ਬਹੁਤ ਹੀ ਤਿੱਖਾ ਹੁੰਦਾ ਹੈ। ਉਹ ਧਰਤੀ ਵਿੱਚ ਖੁੱਭ ਕੇ ਉਸ ਨੂੰ ਚੀਰਦਾ ਹੋਇਆ ਅੱਗੇ ਵਧਦਾ ਹੈ। ਸੋ ਉਹ ਵੀ ਵਿਚੋਲੇ ਦੀ ਕਮਰ ਵਿੱਚ ਮਾਰਨ ਦੀ ਲੋੜ ਸਮਝੀ ਗਈ। ਵਿਚੋਲਾ ਅੰਤਾਂ ਦੀ ਸਹਿਣਸ਼ੀਲਤਾ ਦਾ ਧਾਰਨੀ ਹੁੰਦਾ ਹੈ ਅਤੇ ਸਿੱਠਣੀਆਂ ਦੇ ਬਾਣਾਂ ਨੂੰ ਇਸ਼ਕ ਦੇ ਮਰੀਜ਼ ਵਾਂਗ ਸਹਿ ਜਾਂਦਾ ਹੈ ਕਿਉਂਕਿ ਵਿਚੋਲਾ ਬਣਨਾ ਵੀ ਕੋਈ ਸੌਖਾ ਕੰਮ ਨਹੀਂ। ਇਸ ਨੂੰ ਨਿਭਾਉਣ ਲਈ ਅਨੇਕਾਂ ਸਮੱਸਿਆਵਾਂ ਨਾਲ ਜੂਝਣਾ ਪੈਂਦਾ ਹੈ, ਪਰ ਇਹ ਇਸ਼ਕ ਵਾਂਗ ਸਿਦਕ ਅਤੇ ਸਿਰੜ ਨਾਲ ਹੀ ਨਿਭਾਉਣਾ ਪੈਂਦਾ ਹੈ। ਫਿਰ ਵੀ ਸਿੱਠਣੀਆਂ ਦੇਣ ਵਾਲੀਆਂ ਉਸ ਦੇ ਸਬਰ ਨੂੰ ਪਰਖਣ ਲਈ ਅਜਿਹੇ ਸ਼ਬਦਾਂ ਦੀ ਚੋਣ ਕਰਦੀਆਂ ਹਨ ਕਿ ਹਰ ਵਾਰ ਬਾਣ ਦਾ ਰੁਖ਼ ਨਿਵੇਕਲਾ ਹੁੰਦਾ ਹੈ:

ਮੱਕੀ ਦਾ ਦਾਣਾ ਟਿੰਡ ਵਿੱਚ ਨੀਂ,
ਵਿਚੋਲਾ ਨ੍ਹੀਂ ਛੱਡਣਾ ਪਿੰਡ ਵਿੱਚ ਨੀਂ।

ਸਿੱਠਣੀਆਂ ਦੇਣ ਵਾਲੀਆਂ ਇੱਕ ਨਹੀਂ ਬਲਕਿ ਦੋ ਜਣੀਆਂ ਹੁੰਦੀਆਂ ਹਨ। ਵਿਚੋਲੇ ਨੂੰ ਪਿੰਡ ਵਿੱਚੋਂ ਬਾਹਰ ਕੱਢਣ ਦੀ ਕੋਸ਼ਿਸ਼ ਦੇ ਨਾਲ ਨਾਲ ਉਸ ਦਾ ਚੰਗੀ ਤਰ੍ਹਾਂ ਜਲੂਸ ਕੱਢਣ 'ਤੇ ਤੁਲ ਜਾਂਦੀਆਂ ਹਨ:

ਮੱਕੀ ਦਾ ਦਾਣਾ ਖੂਹ ਵਿੱਚ ਨੀਂ
ਵਿਚੋਲਾ ਨ੍ਹੀਂ ਛੱਡਣਾ ਜੂਹ ਵਿੱਚ ਨੀਂ।

ਵਿਚੋਲੇ ਨੂੰ ਸਿੱਠਣੀਆਂ ਦੇਣ ਦਾ ਮਕਸਦ ਸੱਚੀਮੁੱਚੀ ਉਸ ਨੂੰ ਬਦਨਾਮ ਕਰਨਾ ਨਹੀਂ ਬਲਕਿ ਖ਼ੁਸ਼ੀ ਦੇ ਮੌਕੇ 'ਤੇ ਜਿਵੇਂ ਘਰ ਦੇ ਪ੍ਰਾਹੁਣਿਆਂ ਨੂੰ, ਨਾਨਕੀਆਂ ਵੱਲੋਂ ਦਾਦਕੀਆਂ ਨੂੰ ਅਤੇ ਹੋਰ ਰਿਸ਼ਤੇਦਾਰਾਂ ਨੂੰ ਸਿੱਠਿਆ ਜਾਂਦਾ ਹੈ ਉਵੇਂ ਜਿਵੇਂ ਹੀ ਵਿਚੋਲੇ ਨੂੰ ਅਪਣੱਤ ਦਿਖਾ ਕੇ ਸਿੱਠਿਆ ਜਾਂਦਾ ਹੈ। ਇਹ ਸਿੱਠਣੀਆਂ ਸਾਡੀ ਲੋਕਧਾਰਾ ਦੀ ਇੱਕ ਮਹੱਤਵਪੂਰਨ ਵਿਧਾ ਹੈ ਜਿਸ ਦੀ ਵਰਤੋਂ ਵਿਆਹ ਸ਼ਾਦੀ ਮੌਕੇ ਕਰਨਾ ਚੰਗਾ ਲੱਗਦਾ ਹੈ। ਔਰਤਾਂ ਦਾ ਇਸ ਕਲਾ ਵਿੱਚ ਨਿਪੁੰਨ ਹੋਣ ਵੀ ਸਾਡੇ ਅਮੀਰ ਸੱਭਿਆਚਾਰ ਦੀ ਨਿਸ਼ਾਨੀ ਹੈ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਸਿਰਦਾਰ ਕਪੂਰ ਸਿੰਘ ਨੂੰ ਉਹਨਾਂ ਦੀ ਵਡਮੁੱਲੀ ਦੇਣ ਲਈ 'ਪੰਥ ਰਤਨ' ਐਲਾਨਿਆ ਜਾਵੇ

## ਜਨਮ ਦਿਨ 'ਤੇ ਕੈਨੇਡਾ ਦੀਆਂ ਸਿੱਖ ਸੰਗਤਾਂ ਵੱਲੋਂ ਉੱਠੀ ਮੰਗ




ਸਰੀ ਡੈਲਟਾ/ਏ.ਟੀ.ਨਿਊਜ਼ : 'ਪ੍ਰੋਫੈਸਰ ਆਫ ਸਿੱਖਿਜ਼ਮ', ਪੰਜਾਬੀ ਅਤੇ ਅੰਗਰੇਜ਼ੀ ਦੇ ਸਮਰੱਥ ਲਿਖਾਰੀ ਅਤੇ ਮਹਾਨ ਸਿੱਖ ਚਿੰਤਕ ਸਿਰਦਾਰ ਕਪੂਰ ਸਿੰਘ ਦੇ ਜਨਮ ਦਿਨ 'ਤੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਡੈਲਟਾ ਵਿਖੇ ਸਮਾਗਮ ਕਰਵਾਏ ਗਏ। ਲੋਕ ਲਿਖਾਰੀ ਪੰਜਾਬੀ ਸਾਹਿਤ ਸਭਾ ਉੱਤਰੀ ਅਮਰੀਕਾ ਅਤੇ ਗਿਆਨੀ ਦਿੱਤ ਸਿੰਘ ਸਾਹਿਤ ਸਭਾ ਬੀਸੀ ਕੈਨੇਡਾ ਦੇ ਸਹਿਯੋਗ ਨਾਲ ਹੋਏ ਇਹਨਾਂ ਸਮਾਗਮ ਮੌਕੇ ਗੁਰਦੁਆਰਾ ਸਾਹਿਬ ਵਿਖੇ ਸ਼ਾਮ ਦੇ ਸਮਾਗਮ 'ਚ ਸਿਰਦਾਰ ਕਪੂਰ ਸਿੰਘ ਜੀ ਦੇ ਜੀਵਨ ਇਤਿਹਾਸ ਅਤੇ ਪੰਥਕ ਦੇਣ ਬਾਰੇ ਵਿਚਾਰਾਂ ਹੋਈਆਂ।

ਇਸ ਸਮਾਗਮ ਦੇ ਮੁੱਖ ਬੁਲਾਰੇ ਡਾ. ਗੁਰਵਿੰਦਰ ਸਿੰਘ ਨੇ ਕੈਨੇਡਾ ਦੀਆਂ ਸਿੱਖ ਸੰਗਤਾਂ ਵੱਲੋਂ ਇਹ ਮੰਗ ਰੱਖੀ ਕਿ ਸਿਰਦਾਰ ਕਪੂਰ ਸਿੰਘ ਨੂੰ ਸਿੱਖ ਪੰਥ ਦੀਆਂ ਵਡਮੁੱਲੀਆਂ ਸੇਵਾਵਾਂ ਬਦਲੇ 'ਪੰਥ ਰਤਨ' ਸਨਮਾਨ ਦੇ ਕੇ ਨਿਵਾਜਿਆ ਜਾਏ, ਜਿਸ ਨੂੰ ਵੱਡੀ ਤਾਦਾਦ ਵਿੱਚ ਹਾਜ਼ਰ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਵਿੱਚ ਪ੍ਰਵਾਨਗੀ ਦਿੱਤੀ। ਸਿਰਦਾਰ ਕਪੂਰ ਸਿੰਘ ਜੀ ਦੇ ਜੀਵਨ ਸਫਰ ਅਤੇ ਸੰਘਰਸ਼ ਬਾਰੇ ਜਾਣਕਾਰੀ ਦਿੰਦਿਆਂ ਉਹਨਾਂ ਕਿਹਾ ਕਿ ਆਪ ਦਾ ਜਨਮ 2 ਮਾਰਚ, 1909 ਨੂੰ ਜਗਰਾਉਂ, ਜ਼ਿਲ੍ਹਾ ਲੁਧਿਆਣਾ ਦੇ ਇੱਕ ਨੇੜਲੇ ਪਿੰਡ ਵਿਖੇ, ਸ. ਦੀਦਾਰ ਸਿੰਘ ਧਾਲੀਵਾਲ ਅਤੇ ਮਾਤਾ ਹਰਨਾਮ ਕੌਰ ਦੇ ਗ੍ਰਹਿ ਵਿਖੇ ਹੋਇਆ। ਬਾਅਦ ਵਿੱਚ ਇਹ ਪਰਿਵਾਰ ਪੱਛਮੀ ਪੰਜਾਬ ਦੇ ਜ਼ਿਲ੍ਹਾ ਲਾਇਲਪੁਰ ਦੇ ਚੱਕ ਨੰ: 531 ਵਿੱਚ ਜਾ ਵਸਿਆ। ਸਰਕਾਰੀ ਕਾਲਜ ਲਾਹੌਰ ਤੋਂ ਐਮ. ਏ. ਫਸਟ ਕਲਾਸ ਕਰਣ ਮਗਰੋਂ, ਉਚੇਰੀ ਸਿੱਖਿਆ ਲਈ ਆਪ ਕੈਂਬਰਿਜ਼ ਯੂਨੀਵਰਸਿਟੀ, ਇੰਗਲੈਂਡ ਚਲੇ ਗਏ। ਪੰਜਾਬ ਵਾਪਸ ਪਰਤ ਕੇ, ਆਪ ਨੇ ਲੋਕ ਸੇਵਾ ਨੂੰ ਹੀ ਤਰਜ਼ੀਹ ਦਿੱਤੀ। ਇਸੇ ਦੌਰਾਨ ਆਪ ਨੇ ਇੰਡੀਅਨ ਐਡਮਨਿਸਟਰੇਸ਼ਨ ਸਰਵਿੱਸ ਦਾ ਇਮਤਿਹਾਨ ਪਾਸ ਕਰ ਲਿਆ ਅਤੇ ਬਤੌਰ ਡਿਪਟੀ ਕਮਿਸ਼ਨਰ ਦੇ ਪ੍ਰਸ਼ਾਸਨਕ ਸੇਵਾ ਸ਼ੁਰੂ ਕਰ ਦਿੱਤੀ, ਜਿਸ ਨੂੰ ਆਪ ਨੇ ਪੂਰੀ ਤਨਦੇਹੀ ਤੇ ਬੜੀ ਇਮਾਨਦਾਰੀ ਨਾਲ ਨਿਭਾਇਆ।

1962 ਦੀਆਂ ਸੰਸਦੀ ਚੋਣਾਂ ਵਿੱਚ ਸਿਰਦਾਰ ਕਪੂਰ ਸਿੰਘ ਨੇ ਲੁਧਿਆਣਾ ਪਾਰਲੀਮਾਨੀ ਹਲਕੇ ਤੋਂ ਅਕਾਲੀ ਦਲ ਦੀ ਟਿਕਟ 'ਤੇ ਚੋਣ ਜਿੱਤੇ ਅਤੇ ਸਾਲ 1969 ਵਿੱਚ ਸਮਰਾਲਾ ਵਿਧਾਨ ਸਭਾ ਹਲਕੇ ਤੋਂ ਪੰਜਾਬ ਵਿਧਾਨ ਸਭਾ ਲਈ ਚੋਣ ਜਿੱਤੇ। 1984 ਸਬੰਧ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇੱਕ ਵਾਈਟ ਪੇਪਰ (ਦਾ ਮੈਸੇਕਰ ਸਿੱਖਜ਼ – ਵਾਈਟ ਪੇਪਰ ਬਾਈ ਸਿੱਖ ਰੀਲੀਜੀਅਸ ਪਾਰਲੀਮੈਂਟ) ਜਾਰੀ ਕੀਤਾ ਗਿਆ ਸੀ, ਜਿਸ ਦਾ ਖਰੜਾ ਵੀ ਸਿਰਦਾਰ ਸਾਹਿਬ ਨੇ ਹੀ ਤਿਆਰ ਕੀਤਾ। ਸਿਰਦਾਰ ਕਪੂਰ ਸਿੰਘ ਨੇ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਅਨੇਕਾਂ ਪੁਸਤਕਾਂ ਲਿਖ ਕੇ ਸਿੱਖ ਸਾਹਿਤ ਦੀ ਝੋਲੀ ਵਿੱਚ ਪਾਈਆਂ। ਸਿਰਦਾਰ ਕਪੂਰ ਸਿੰਘ ਦੇ 1952 ਈ: ਵਿੱਚ ਬਹੁ ਵਿਸਥਾਰ ਅਤੇ ਪੁੰਦਰੀਕ ਨਾਂਅ ਦੇ ਦੋ ਲੇਖ ਸੰਗ੍ਰਹਿ ਪ੍ਰਕਾਸ਼ਿਤ ਹੋਏ। ਆਪ ਵਲੋਂ ਲਿੱਖੀ ਅੰਗਰੇਜ਼ੀ ਪੁਸਤਕ ਪ੍ਰਾਸ਼ਰ ਪ੍ਰਸ਼ਨਾ–ਵੈਸਾਖੀ ਆਫ ਗੁਰੂ ਗੋਬਿੰਦ ਸਿੰਘ ਸਿੱਖ ਫਿਲਾਸਫੀ ਨੂੰ ਪੇਸ਼ ਕਰਦੀ ਇੱਕ ਸ਼ਾਹਕਾਰ ਰਚਨਾ ਹੈ। ਆਪ ਜੀ ਦੀਆਂ ਪ੍ਰਸਿੱਧ ਪੁਸਤਕਾਂ ਵਿੱਚ ਸਾਚੀ ਸਾਖੀ (ਜੀਵਨ ਸੰਘਰਸ਼ ਦੀ ਦਾਸਤਾਨ), ਪ੍ਰਾਸ਼ਰ–ਪ੍ਰਸ਼ਨਾ, ਹਸ਼ੀਸ਼ (ਕਵਿਤਾਵਾਂ), ਸਪਤ–ਸਰਿੰਗ (ਸੱਤ ਉੱਚ–ਹਸਤੀਆਂ ਦੀਆਂ ਜੀਵਨੀਆਂ), ਮਨਸੂਰ ਅੱਲ–ਹਲਾਜ, ਸਿਖਇਜ਼ਮ ਫਾਰ ਮਾਡਰਨ ਮੈਨ, ਮੀ ਜੂਡੀਸ, ਸੇਕਰਡ ਰਾਈਟਿੰਗਜ਼ ਆਫ ਦੀ ਸਿਖਜ਼ (ਯੂਨਾਇਟਿਡ ਨੇਸ਼ਨਜ਼ ਦੀ ਸੰਸਥਾ ਯੂਨੈਸਕੋ ਵਲੋਂ ਪ੍ਰਕਾਸ਼ਿਤ ), ਕੰਟਰੀਬਿਊਸ਼ਨਜ਼ ਆਫ ਗੁਰੂ ਨਾਨਕ, ਦੀ ਆਵਰ ਆਫ ਸਵੋਰਡ, ਗੁਰੂ ਅਰਜਨ ਐਂਡ ਹਿਜ਼ ਸੁਖਮਨੀ ਆਦਿ ਸ਼ਾਮਲ ਹਨ। 14 ਜੁਲਾਈ, 1965 ਨੂੰ ਲੁਧਿਆਣੇ ਵਿਖੇ ਨਲਵਾ ਅਕਾਲੀ ਕਾਨਫਰੰਸ ਹੋਈ, ਉਸ ਵਿੱਚ 'ਸਿੱਖ ਹੋਮਲੈਂਡ ਦਾ ਜਿਹੜਾ ਮਤਾ ਪਾਸ ਕੀਤਾ ਗਿਆ, ਉਸ ਦਾ ਖਰੜਾ ਸਿਰਦਾਰ ਕਪੂਰ ਸਿੰਘ ਨੇ ਹੀ ਤਿਆਰ ਕੀਤਾ ਸੀ। 1973 ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਅਨੰਦਪੁਰ ਸਾਹਿਬ ਵਿਖੇ ਇੱਕ ਮਤਾ ਪਾਸ ਕੀਤਾ ਸੀ, ਜਿਸ ਨੂੰ 'ਅਨੰਦਪੁਰ ਸਾਹਿਬ' ਦੇ ਮਤੇ ਦੇ ਨਾਂਅ ਨਾਲ ਜਾਣਿਆ ਗਿਆ। ਇਸ ਮਤੇ ਦਾ ਖਰੜਾ ਵੀ ਸਿਰਦਾਰ ਕਪੂਰ ਸਿੰਘ ਦੀ ਹੀ ਮਿਹਨਤ ਦਾ ਨਤੀਜਾ ਸੀ ਜੂਨ–1984 ਦੇ ਸਾਲ ਦੌਰਾਨ ਇੰਦਰਾ ਗਾਂਧੀ ਵੱਲੋਂ ਅਕਾਲ ਤਖਤ ਸਾਹਿਬ 'ਤੇ ਕਰਵਾਇਆ ਗਿਆ ਹਮਲਾ ਅਤੇ ਫੇਰ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਨਵੰਬਰ – 1984 ਦੀ ਸਿੱਖਾਂ ਦੀ ਨਸਲਕੁਸ਼ੀ ਦੀ ਪੀੜ ਨੂੰ ਸਿਰਦਾਰ ਸਾਹਿਬ ਨੇ ਬੜੀ ਸ਼ਿੱਦਤ ਅਤੇ ਬੜੇ ਦਰਦ ਦੇ ਨਾਲ ਹੰਢਾਇਆ। ਇਹ ਕਵਿਤਾ ਸਿੱਖ ਚਿੰਤਕ ਸਿਰਦਾਰ ਕਪੂਰ ਸਿੰਘ ਦੀ ਲਿਖੀ ਹੋਈ ਹੈ, ਜੋ ਪਹਿਲੀ ਵਾਰ 1974 'ਚ ਪ੍ਰਕਾਸ਼ਿਤ ਹੋਈ ਸੀ ਅਤੇ ਅੱਜ 50 ਸਾਲ ਬਾਅਦ ਵੀ ਬਿਲਕੁਲ ਸੱਚ ਜਾਪ ਰਹੀ ਹੈ;



ਸ਼੍ਰੋਮਣੀ ਹਮਾਰੀ ਰਹੇ, ਸੇਵਾ ਚੰਦਾ ਜਾਰੀ ਰਹੇ
ਸੰਘ੍ਰ ਨਾਲ਼ ਯਾਰੀ ਰਹੇ, ਥੱਲੇ ਆਰੀਆ ਸਮਾਜ ਕੇ*
ਸਿੱਖੀ ਕੀ ਨਾ ਬਾਤ ਚਲੈ, ਪੰਥ ਕੀ ਨਾ ਗਾਥ ਚਲੈ
ਲੂਟ ਦੋਨੋਂ ਹਾਥ ਚਲੈ, ਸੰਗ ਸਾਜ ਬਾਜ ਕੇ
ਅਕਲ ਕੀ ਨਾ ਗੱਲ ਕਹੈ, ਇੱਕੋ 'ਕਾਲੀ ਦਲ ਰਹੈ
ਨਿੱਤ ਤਰਥੱਲ ਰਹੈ, ਜਿੰਦਾਬਾਦ ਗਾਜ ਕੇ
ਝੰਡੀ ਵਾਲੀ ਕਾਰ ਰਹੈ, ਫੂਲਨ ਕੇ ਹਾਰ ਰਹੈ
ਗੋਲਕੇਂ ਭਰਪੂਰ ਕਰੈ, ਸਿੱਖ ਭਾਜ ਭਾਜ ਕੇ
ਪੰਥ ਕੇ ਦਰਦ ਹਿੱਤ, ਬੁੱਧੀ ਕੀ ਜੋ ਸੇਧ ਦੇਵੈ
ਨਿਕਟ ਨਾ ਆਣ ਪਾਵੈ, ਰਾਜ ਭਾਗ ਕਾਜ ਕੇ
ਝੂਲਤੇ ਨਿਸ਼ਾਨ ਰਹੇ, ਪੰਥ ਮਹਾਰਾਜ ਕੇ।





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

## ਦਿੱਲੀ ਫ਼ਤਹਿ ਦਿਵਸ 'ਤੇ ਵਿਸ਼ੇਸ਼

# ਸਿੱਖ ਜਰਨੈਲਾਂ ਵੱਲੋਂ ਦਿੱਲੀ ਫ਼ਤਹਿ

ਅੱਠਾਰਵੀਂ ਸਦੀ ਦੇ ਅੱਧ ਤੱਕ ਉੱਤਰੀ ਭਾਰਤ ਵਿੱਚ , ਸਿੱਖਾਂ ਦੀ ਸ਼ਕਤੀ ਉਭਰ ਕੇ ਆਈ। ਲੰਬੀਆਂ ਜੰਗਾਂ ਤੋਂ ਬਾਅਦ ਮੁਗਲ ਥੱਕ ਚੁੱਕੇ ਸਨ। ਮਰਾਠੇ 1761 ਦੀ ਪਾਣੀਪਤ ਦੀ ਜੰਗ ਅਬਦਾਲੀ ਤੋਂ ਹਾਰ ਚੁੱਕੇ ਸਨ। ਰੁਹੇਲਾਂ ਦੀ ਤਾਕਤ ਵੀ ਘੱਟਦੀ ਜਾ ਰਹੀ ਸੀ। ਇਸ ਕਰਕੇ ਦਿੱਲੀ ਦਾ ਸਿੰਘਾਸਨ ਡਾਵਾਂਡੋਲ ਸੀ, ਪਰ ਇਸ ਸਥਿਤੀ ਵਿੱਚ ਸਿੱਖ ਬਾਰਾਂ ਮਿਸਲਾਂ ਵਿੱਚ ਸੰਗਠਿਤ ਹੋ ਚੁੱਕੇ ਸਨ। ਉਹ ਆਪਣੇ ਆਪਣੇ ਅਜ਼ਾਦ ਖੇਤਰ ਵਿੱਚ ਛੋਟੇ ਛੋਟੇ ਸਰਦਾਰ ਨਵਾਬਾਂ ਤੋਂ ਮਹਿਸੂਲ ਵਸੂਲ ਕਰਨ ਲੱਗੇ। ਸਿੱਖਾਂ ਦੇ ਮਨਾਂ ਵਿੱਚ ਮੁਗਲਾਂ ਦੇ ਵਿਦੇਸ਼ੀ ਹਮਲਿਆਂ ਦਾ ਰੋਹ ਸੀ। ਕੁਪਰਹੀੜੇ ਦੇ ਮੈਦਾਨ ਵਿੱਚ ਅਬਦਾਲੀ ਨੇ 30 ਹਜ਼ਾਰ ਤੋਂ ਉਪਰ ਸਿੱਖਾਂ ਦਾ ਭਾਰੀ ਕਤਲੇਆਮ ਕੀਤਾ ਸੀ। ਉਪਰੰਤ ਹਰਿਮੰਦਰ ਸਾਹਿਬ ਜੀ ਦੀ ਬੇਅਦਬੀ ਦਾ ਬਦਲਾ ਲੈਣਾ ਸੀ।



ਸਿੱਖਾਂ ਦੇ ਮੁਕਾਬਲੇ ਵਿੱਚ ਕਮਜੋਰ ਮੁਗਲ ਸ਼ਾਸ਼ਕ ਸ਼ਾਹ ਆਲਮ ਦੂਜਾ ਸੀ। ਹਰ ਸ਼ਾਸ਼ਕ ਦੀ ਨਜ਼ਰ ਹੁਣ ਦਿੱਲੀ ਦੇ ਸਿੰਘਾਸਨ 'ਤੇ ਸੀ। ਯਮੁਨਾ, ਸਤਿਲੁੱਜ ਖੇਤਰ ਵਿੱਚ ਸਿੱਖਾਂ ਦੇ ਮੁਕਾਬਲੇ ਕੋਈ ਵੀ ਨਹੀ ਸੀ। ਸਾਰਾ ਖੇਤਰ ਸਿੱਖਾਂ ਲਈ ਖੁੱਲ੍ਹਾ ਸੀ। ਕਰੋੜਸਿੰਘੀਆਂ ਮਿਸਲ ਦਾ ਸਰਦਾਰ ਬਘੇਲ ਸਿੰਘ ਦੱਖਣ ਪੂਰਬੀ ਪੰਜਾਬ ਵਿੱਚ ਸ਼ਕਤੀਸ਼ਾਲੀ ਸੀ। ਜਿਸਦਾ ਜਨਮ ਪਿੰਡ ਝਬਾਲ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਕਰੋੜਸਿੰਘੀਆਂ ਮਿਸਲ ਦੇ ਸਰਦਾਰ ਬਣੇ। ਉਹ ਇਕ ਸੁਲਝਿਆ ਰਾਜਨੀਤੀਵਾਨ, ਕੁਸ਼ਲ ਨੀਤੀਵਾਨ, ਬਹਾਦਰ ਬੁਲਾਰਾ ਸੀ। ਉਹ ਨਿਡਰ ਸੀ ਤੇ ਉਸ ਕੋਲ 12 ਹਜ਼ਾਰ ਘੋੜ ਸਵਾਰ ਫੌਜ਼ ਸੀ। ਦੁਸ਼ਮਣ ਵੀ ਜਾਣ ਗਏ ਸਨ ਕਿ ਹੁਣ ਜਿੱਤਾਂ ਤਾਂ ਇਸਦੀ ਕਿਸਮਤ ਵਿੱਚ ਹਨ। ਉਸਨੇ ਦਿੱਲੀ ਦੇ ਆਲੇ ਦੁਆਲੇ ਦੇ ਇਲਾਕਿਆਂ 'ਤੇ ਕਬਜ਼ਾ ਕਰ ਲਿਆ। ਜਿਵੇਂ ਮੇਰਠ, ਖੁਜ਼ਰਾ,ਅਲੀਗੜ੍ਹ, ਸ਼ਿਕੋਹਾਬਾਦ, ਫਾਰੂਖਬਾਦ, ਆਗਰਾ ਆਦਿ। ਅਪ੍ਰੈਲ 1775 ਵਿੱਚ ਉਸਨੇ ਸਹਾਰਨਪੁਰ 'ਤੇ ਕਬਜ਼ਾ ਕਰ ਲਿਆ। ਫਿਰ 1776 ਵਿੱਚ ਮੁਜ਼ਫਰਨਗਰ ਵਿਖੇ ਮੁਗਲਾਂ ਨੂੰ ਕਰਾਰੀ ਹਾਰ ਦਿੱਤੀ। ਇਸ ਤਰਾਂ ਉਸਦਾ ਯਮੁਨਾ , ਗੰਗਾ , ਦੁਆਬ ਤਕ ਕਾਫੀ ਪ੍ਰਭਾਵ ਫੈਲ ਗਿਆ। ਸ਼ਾਹਦਰਾਂ ਵੀ ਉਸਨੇ ਜਿੱਤ ਲਿਆ ਸੀ। ਜੁਲਾਈ 1775 ਨੂੰ ਪਹਾੜ੍ਹਗੰਜ , ਜੈ ਸਿੰਘ ਪੁਰਾ 'ਤੇ ਕਬਜ਼ਾ ਕੀਤਾ ਸੀ। ਉਸਦਾ ਨਿਸ਼ਾਨਾ ਦਿੱਲੀ ਫਤਹਿ ਕਰਨ ਦਾ ਹੀ ਸੀ। ਅਨਾਜ਼-ਰਸਦ ਦੀ ਕਮੀ ਕਰਕੇ ਕੁਝ ਸਮੇਂ ਲਈ ਉਸਨੇ ਹਮਲੇ ਰੋਕ ਦਿੱਤੇ ਸਨ। ਉਸਨੇ ਦਿੱਲੀ ਦੇ ਦੁਆਲੇ ਹੀ ਡੇਰੇ ਲਾ ਲਏ ਸਨ।1783 ਦੇ ਸ਼ੁਰੂ ਵਿੱਚ ਲਾਲ ਕਿਲੇ 'ਤੇ ਕਬਜ਼ਾ ਕਰਨ ਦੀ ਤਿਆਰੀ ਵਿੱਚ 60 ਹਜ਼ਾਰ ਦੀ ਫੌਜ਼ ਇਕੱਠੀ ਕਰ ਲਈ। ਜਿਸ ਵਿੱਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨਾਲ ਗਾਜ਼ੀਆਬਾਦ ਇੱਕਠੇ ਹੋ ਕੇ ਹਮਲਾ ਕਰਨ ਲਈ ਇਕੱਤਰ ਹੋਏ। ਉਨ੍ਹਾਂ ਦਿੱਲੀ ਲੁੱਟ ਲਈ। ਤੁਰੰਤ ਰਕਮ ਦਾ ਦਸਵੰਦ ਹਰਿਮੰਦਰ ਸਾਹਿਬ ਦੀ ਸ਼ਾਨ ਵਧਾਉਣ ਲਈ ਭੇਜ ਦਿੱਤਾ। ਮਾਰਚ 8, 1783 ਨੂੰ ਮੁਲਕਗੰਜ ਤੇ ਸਬਜ਼ੀ ਮੰਡੀ 'ਤੇ ਕਬਜ਼ਾ ਕੀਤਾ। ਮਿਰਜ਼ਾ ਸਿਕੋਹ ਨੇ ਮੁਕਾਬਲਾ ਕਰਨਾ ਚਾਹਿਆ ਪਰ ਮੈਦਾਨ ਛੱਡ ਕੇ ਭੱਜ ਗਿਆ। ਮਾਰਚ 9, 1783 ਨੂੰ ਅਜਮੇਰੀ ਗੇਟ ਸਰ ਕੀਤਾ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ 10 ਹਜ਼ਾਰ ਦੀ ਫੌਜ਼ ਲੈ ਕੇ ਆਣ ਮਿਲਿਆ, ਜਿਥੇ ਬਾਬਾ ਬਘੇਲ ਸਿੰਘ ਜੀ ਨੇ 30 ਹਜ਼ਾਰ ਘੋੜਿਆਂ ਦਾ ਕੈਂਪ ਲਗਾਇਆ ਹੋਇਆ ਸੀ, ਉਸ ਨੂੰ ਤੀਸ ਹਜ਼ਾਰੀ ਕਿਹਾ ਜਾਂਦਾ ਹੈ। ਮਾਰਚ 8, 1873 ਨੂੰ ਲਾਲ ਕਿਲੇ 'ਤੇ ਕਬਜ਼ਾ ਕਰਨ ਦੀ ਵਿਉਤ ਬਣਾਈ । ਤਦ ਨੇੜਲੇ ਪਿੰਡ ਦੇ ਇਕ ਵਿਅਕਤੀ ਨੇ ਉਹ ਜਗ੍ਹਾ ਦਿਖਾਈ, ਜਿਥੇ ਕਿਲੇ ਦੀ ਦੀਵਾਰ ਕਮਜੋਰ ਪੈ ਕੇ ਧੱਸ ਚੁੱਕੀ ਸੀ। ਸਿੰਘਾਂ ਨੇ ਲੱਕੜੀ ਦੀ ਇਕ ਭਾਰੀ ਲੱਠ ਨਾਲ ਦੀਵਾਰ ਤੋੜ ਕੇ ਰਸਤਾ ਬਣਾ ਲਿਆ ਅਤੇ ਅੰਦਰ ਜਾ ਵੜੇ। ਜਿਥੇ ਮੋਰੀ ਗੇਟ ਅੰਤਰਰਾਜੀ ਬੱਸ ਅੱਡਾ ਦਿੱਲੀ ਹੈ। ਮਾਰਚ 11, 1783 ਨੂੰ ਸਿੰਘਾਂ ਨੇ ਲਾਲ ਕਿਲੇ 'ਤੇ ਕੇਸਰੀ ਨਿਸ਼ਾਨ ਸਾਹਿਬ ਝੁਲਾ ਦਿਤਾ। ਤਖਤ ਦੀਵਾਨੇ -ਆਮ 'ਤੇ ਕਬਜ਼ਾ ਕਰ ਲਿਆ। ਜਿਥੇ ਬੈਠ ਕੇ ਬਾਦਸ਼ਾਹ ਪਰਜਾਂ ਦੀਆਂ ਫਰਿਆਦਾਂ ਸੁਣਦਾ ਸੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਤਖਤ 'ਤੇ ਬੈਠਾਉਣਾ ਚਾਹਿਆ ਪਰ ਜੱਸਾ ਸਿੰਘ ਰਾਮਗੜ੍ਹੀਆ ਨੇ ਵਿਰੋਧ ਕੀਤਾ, ਇਸ ਤੋਂ ਪਹਿਲਾਂ ਕਿ ਸਥਿਤੀ ਵਿਗੜ ਜਾਂਦੀ, ਜੱਸਾ ਸਿੰਘ ਆਹਲੂਵਾਲੀਆ ਨੇ ਤਖਤ ਛੱਡ ਦਿਤਾ।

ਬਾਦਸ਼ਾਹ ਨੇ ਸੰਧੀ ਕਰ ਲਈ ਕਿ ਤਿੰਨ ਲੱਖ ਦਾ ਖਰਚਾ ਭਰੇਗਾ। ਕੋਤਵਾਲੀ ਵਾਲੀ ਥਾਂ ਸਰਦਾਰ ਬਘੇਲ ਸਿੰਘ ਜੀ ਨੂੰ ਦੇ ਦਿਤੀ। ਇਤਿਹਾਸਿਕ ਗੁਰਦੁਆਰਿਆਂ ਦੀ ਮਨਜ਼ੂਰੀ ਦਿਤੀ। ਸਰਦਾਰ ਬਘੇਲ ਸਿੰਘ ਨੇ ਚਾਰ ਹਜ਼ਾਰ ਫੌਜ਼ ਕੋਲ ਰੱਖ ਲਈ, ਬਾਕੀ ਵਾਪਿਸ ਭੇਜ ਦਿਤੀ। ਜਦ ਤਕ ਇਤਿਹਾਸਿਕ ਗੁਰਦੁਆਰਿਆਂ ਦੀ ਉਸਾਰੀ ਮੁਕੰਮਲ ਨਹੀ ਹੁੰਦੀ, ਖਰਚਾ ਬਾਦਸ਼ਾਹ ਦੇਣਾ ਮੰਨ ਗਿਆ। ਦਿੱਲੀ ਵਿੱਚ ਅਮਨ ਚੈਨ ਪਰਤ ਆਇਆ। ਸਿੰਘ ਪਰਜ਼ਾ ਦੀ ਰਾਖੀ ਲਈ ਦਿੱਲੀ ਵਿੱਚ ਗਸ਼ਤ ਕਰਨ ਲੱਗੇ। ਮੁਗਲ ਹਕੂਮਤ ਨੂੰ ਬੜੀ ਢਾਅ ਲੱਗੀ। ਬਾਬਾ ਬਘੇਲ ਸਿੰਘ ਜੀ ਇਕ ਸਾਲ ਵਿੱਚ ਇਤਿਹਾਸਿਕ ਗੁਰਦੁਆਰੇ ਮੁਕੰਮਲ ਕਰਕੇ ਆਪਣੀ ਮਿਸਲ ਨੂੰ ਮੁੜ ਗਏ।

ਦਿੱਲੀ ਵਿੱਚ ਉਸਾਰੇ ਗਏ ਗੁਰਦੁਆਰਿਆਂ ਦੀ ਸੂਚੀ :

1. ਗੁਰਦੁਆਰਾ ਮਾਤਾ ਸੁੰਦਰੀ ਜੀ
2. ਗੁਰਦੁਆਰਾ ਬੰਗਲਾ ਸਾਹਿਬ ਜੀ
3. ਗੁਰਦੁਆਰਾ ਬਾਲਾ ਸਾਹਿਬ ਜੀ
4. ਗੁਰਦੁਆਰਾ ਰਕਾਬ ਗੰਜ ਜੀ,
5. ਗੁਰਦੁਆਰਾ ਸੀਸ ਗੰਜ ਜੀ
6. ਗੁਰਦੁਆਰਾ ਮੋਤੀ ਬਾਗ ਜੀ
7. ਗੁਰਦੁਆਰਾ ਮੰਜਨੂੰ ਕਾ ਟੀਲਾ ਜੀ

ਅੰਤਿਕਾ : ਬਾਬਾ ਬਘੇਲ ਸਿੰਘ ਜੀ ਜਿਥੇ ਨਿੱਡਰ ਯੋਧਾ ਸਨ, ਉਥੇ ਉਸ ਵਿੱਚ ਸਿੱਖ ਧਰਮ ਦੀ ਆਸਥਾ ਦਾ ਜਨੂੰਨ ਸੀ। ਸਿੱਖ ਧਰਮ ਪ੍ਰਚਾਰ ਲਈ, ਉਨ੍ਹਾਂ ਦਿੱਲੀ ਵਿੱਚ ਸੱਤ ਗੁਰਦੁਆਰਿਆਂ ਦੀ ਉਸਾਰੀ ਬੜੀ ਸ਼ਰਧਾ ਭਾਵਨਾ ਨਾਲ ਕਰਵਾਈ। ਉਹ ਜਾਣ ਗਏ ਸਨ ਕਿ ਦਿੱਲੀ ਦਾ ਰਾਜ ਪ੍ਰਬੰਧ ਚਲਾਉਣ ਲਈ ਅਹਿਲਕਾਰ ਨਹੀ ਹਨ। ਆਪਣੀ ਮਿਸਲ ਦੀ ਸਥਾਪਤੀ ਕਰਨੀ ਉਹਨਾਂ ਬੇਹਤਰ ਸਮਝੀ । ਮਿਸਲ ਦੀ ਸਥਾਪਤੀ ਅਤੇ ਸਿੱਖ ਧਰਮ ਦੇ ਪ੍ਰਚਾਰ ਲਈ ਉਹ ਹਮੇਸ਼ਾ ਸਮਰਪਿਤ ਰਹੇ। ਅਜਿਹੇ ਹਾਲਾਤ ਦੇਖਦਿਆਂ ਉਨ੍ਹਾਂ ਨੇ ਦਿੱਲੀ ਛੱਡ ਦਿਤੀ।






# ਲਿੰਗਕ ਨਾ-ਬਰਾਬਰੀ ਦਾ ਸ਼ਿਕਾਰ ਭਾਰਤੀ ਨਾਰੀ

ਗੁਰਮੀਤ ਸਿੰਘ ਪਲਾਹੀ
9815802070





ਵਿਸ਼ਵ ਲਿੰਗਕ ਨਾ-ਬਰਾਬਰੀ ਰਿਪੋਰਟ-2022 ਅਨੁਸਾਰ ਭਾਰਤ ਵਿਸ਼ਵ ਦੇ 146 ਦੇਸ਼ਾਂ ਵਿਚੋਂ 48 ਵੇਂ ਦਰਜੇ 'ਤੇ ਹੈ, ਜਦਕਿ ਸਾਡੇ ਗੁਆਂਢੀ ਮੁਲਕ ਬੰਗਲਾ ਦੇਸ਼ ਦਾ ਰੈਂਕ 9ਵਾਂ ਹੈ। ਦੇਸ਼ ਭਾਰਤ, ਵਿਸ਼ਵ ਦੀ ਤੀਜੀ ਵੱਡੀ ਅਰਥ ਵਿਵਸਥਾ ਬਨਣ ਦੇ ਗੇੜ ਵਿੱਚ ਹੈ, ਪਰ ਦੇਸ਼ 'ਚ ਗਰੀਬ-ਅਮੀਰ ਦਾ ਪਾੜਾ ਵਧ ਰਿਹਾ ਹੈ ਅਤੇ ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਪ੍ਰਾਪਤ ਕਰਨ 'ਚ ਦੇਸ਼ ਲਗਾਤਾਰ ਪੱਛੜ ਰਿਹਾ ਹੈ।

ਆਰਥਿਕ ਤੇ ਸਿਆਸੀ ਤੌਰ 'ਤੇ ਹੀ ਨਹੀਂ, ਸਮਾਜਿਕ ਤੌਰ 'ਤੇ ਵੀ ਦੇਸ਼ ਭਾਰਤ 'ਚ ਲਿੰਗਕ ਅਸਮਾਨਤਾ ਹੈ। ਦੇਸ਼ 'ਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਮਜ਼ਦੂਰੀ ਨਹੀਂ ਮਿਲਦੀ, ਸਮਾਜਿਕ ਤੌਰ 'ਤੇ ਤ੍ਰਿਸਕਾਰ ਇੰਨਾ ਕਿ ਹਾਲੇ ਵੀ ਦੇਸ਼ ਦੇ ਕੁਝ ਖੇਤਰਾਂ 'ਚ ਉਸ ਨਾਲ ਹੱਦੋਂ ਵੱਧ ਭੈੜਾ ਸਲੂਕ ਹੁੰਦਾ ਹੈ। ਉਹਨਾਂ ਨੂੰ ਡੈਣ ਤੱਕ ਕਿਹਾ ਜਾਂਦਾ ਹੈ। ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਦੀ ਪਾਲਣ-ਪੋਸਣ ਅਤੇ ਸਿੱਖਿਆ ਨਹੀਂ। ਖਾਣ-ਪੀਣ 'ਚ ਵੀ ਘਰਾਂ 'ਚ ਦਰੇਗ ਹੁੰਦਾ ਹੈ ਅਤੇ ਕਈ ਥਾਈਂ ਤਾਂ ਹਾਲਤ ਇਹੋ ਜਿਹੇ ਹਨ ਕਿ ਉਹਨਾਂ ਦੇ ਜੰਮਣ 'ਤੇ ਵੀ ਪਾਬੰਦੀ ਹੈ, ਭਾਵ ਕੁੱਖਾਂ ਵਿੱਚ ਹੀ ਉਸ ਨੂੰ ਮਾਰ ਦਿੱਤਾ ਜਾਂਦਾ ਹੈ। ਸਿੱਟਾ ਦੇਸ਼ ਵਿੱਚ ਇਸ ਵੇਲੇ ਮਰਦ ਔਰਤ, ਅਨੁਪਾਤ 1000 ਮਰਦਾਂ ਪਿੱਛੇ 952 ਔਰਤਾਂ ਹਨ।

ਭਾਰਤ ਦੇਸ਼ ਵਿੱਚ ਲਿੰਗ ਭੇਦ ਭਾਵ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਅਤੇ ਮਜ਼ਬੂਤ ਹਨ। ਲਿੰਗਕ ਨਾ-ਬਰਾਬਰੀ ਦੇਸ਼ ਵਿੱਚ ਇਸ ਕਦਰ ਪੈਰ ਪਸਾਰ ਚੁੱਕੀ ਹੈ ਕਿ ਅਕਸਰ ਵੇਖਣ ਨੂੰ ਮਿਲਦਾ ਹੈ ਕਿ ਘਰ ਵਿੱਚ ਲਏ ਫ਼ੈਸਲਿਆਂ 'ਚ ਔਰਤਾਂ ਦੀ ਕੋਈ ਭੂਮਿਕਾ ਹੀ ਨਹੀਂ। ਇਥੇ ਹੀ ਬੱਸ ਨਹੀਂ ਸਮਾਜਿਕ ਸੰਗਠਨਾਂ 'ਚ ਵੀ ਔਰਤਾਂ ਦੀ ਭੂਮਿਕਾ ਨਾ ਮਾਤਰ ਹੈ। ਸਿਆਸੀ ਖੇਤਰ 'ਚ ਤਾਂ ਉਹ ਹੱਦੋਂ ਵੱਧ ਪਿੱਛੇ ਧੱਕੀਆਂ ਗਈਆਂ ਹੋਈਆਂ ਹਨ। ਦੇਸ ਦੀ ਪਹਿਲੀ ਲੋਕ ਸਭਾ 'ਚ ਸਿਰਫ਼ 5 ਫ਼ੀਸਦੀ ਔਰਤਾਂ ਹੀ ਦੇਸ਼ ਦੀ ਪਾਰਲੀਮੈਂਟ ਵਿੱਚ ਬੈਠ ਸਕੀਆਂ ਸਨ। ਇੰਝ ਦੇਸ਼ ਦੇ ਨੀਤੀ ਨਿਰਧਾਰਨ 'ਚ ਖ਼ਾਸ ਕਰਕੇ ਔਰਤਾਂ ਪ੍ਰਤੀ ਨੀਤੀਆਂ ਘੜਨ 'ਚ ਉਹਨਾਂ ਦੀ ਭੂਮਿਕਾ ਨਾ ਮਾਤਰ ਹੀ ਰਹੀ ਹੈ।

ਭਾਰਤੀ ਨਾਰੀ, ਜਿਥੇ ਮਰਦ ਪ੍ਰਧਾਨ ਸਮਾਜ 'ਚ ਮਾਨਸਿਕ ਪੀੜਾਂ ਵਿਚੋਂ ਲੰਘ ਰਹੀ ਹੈ, ਉਥੇ ਜਿਸਮਾਨੀ ਤੌਰ 'ਤੇ ਵੀ ਉਸ ਦਾ ਬੇਹੱਦ ਸ਼ੋਸ਼ਣ ਹੁੰਦਾ ਹੈ। ਘਰੇਲੂ ਕਿਰਤ ਤੋਂ ਬਿਨ੍ਹਾਂ ਪਰਿਵਾਰ ਦੇ ਪਾਲਣ ਪੋਸ਼ਣ ਲਈ ਉਸ ਦੀ ਜਿਸਮਾਨੀ ਮਿਹਨਤ ਦਾ ਉਸ ਨੂੰ ਇਵਜ਼ਾਨਾ ਨਹੀਂ ਮਿਲਦਾ। ਦੇਸ਼ ਦੀ ਖੇਤੀਬਾੜੀ ਵਿੱਚ ਔਰਤਾਂ ਦੀ ਕਿਰਤ ਦਾ ਹਿੱਸਾ 62.9 ਫ਼ੀਸਦੀ ਹੈ, ਪਰ ਉਹਨੂੰ ਤਾਂ ਕਈ ਹਾਲਤਾਂ ਵਿੱਚ ਢਿੱਡ ਭਰ ਕੇ ਰੋਟੀ ਵੀ ਨਸੀਬ ਨਹੀਂ ਹੁੰਦੀ। ਕਿੱਡਾ ਵੱਡਾ ਤ੍ਰਿਸਕਾਰ ਅਤੇ ਵਿਤਕਰਾ ਹੈ ਇਹ!

ਦੇਸ਼ ਦੀ ਆਜ਼ਾਦੀ ਦੀ ਪੌਣੀ ਸਦੀ ਬੀਤਣ ਅਤੇ ਭਾਰਤੀ ਸੰਵਿਧਾਨ ਵਿੱਚ ਬਰਾਬਰ ਦੇ ਹੱਕ ਪ੍ਰਦਾਨ ਕੀਤੇ ਜਾਣ ਦੇ ਬਾਵਜੂਦ ਵੀ ਭਾਰਤੀ ਨਾਰੀ ਦੇ ਦੇਸ਼ ਵਿੱਚ ਹਾਲਾਤ ਸੁਖਾਵੇਂ ਨਹੀਂ। ਭਾਵੇਂ ਦੇਸ਼ ਦੇ ਕੁਝ ਖਿੱਤਿਆਂ 'ਚ ਉਸ ਨੂੰ ਸਨਮਾਨ ਜਨਕ ਹੱਕ ਮਿਲੇ ਹਨ, ਸਿੱਖਿਆ ਪ੍ਰਾਪਤੀ ਅਤੇ ਮੁੜ ਨੌਕਰੀਆਂ 'ਚ ਵੀ ਉਸ ਨੂੰ ਕੁਝ ਹਿੱਸਾ ਮਿਲਿਆ ਹੈ, ਪਰ ਦੇਸ਼ ਦੀ ਆਬਾਦੀ ਦਾ ਲਗਭਗ 'ਅੱਧ' ਹੋਣ 'ਤੇ ਵੀ ਉਸ ਨੂੰ ਬਹੁਤੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਹੁਣੇ ਜਿਹੇ ਭਾਰਤ ਦੀ 17ਵੀਂ ਪਾਰਲੀਮੈਂਟ ਵਿੱਚ 106 ਵੀਂ ਸੋਧ ਔਰਤਾਂ ਅਤੇ ਮਰਦਾਂ 'ਚ ਅਸਮਾਨਤਾ ਦਾ ਖੱਪਾ ਪੂਰਿਆਂ ਕਰਨ ਲਈ ਕੀਤੀ ਗਈ ਹੈ, ਜਿਸ ਅਨੁਸਾਰ ਲੋਕ ਸਭਾ, ਦੇਸ਼ ਦੀਆਂ ਸਾਰੀਆਂ ਵਿਧਾਨ ਸਭਾਵਾਂ, ਦਿੱਲੀ ਅਸੰਬਲੀ ਵਿੱਚ ਕੁੱਲ ਸੀਟਾਂ ਦਾ ਤੀਜਾ ਹਿੱਸਾ ਔਰਤਾਂ ਲਈ ਰਾਖਵਾਂ ਕੀਤਾ ਗਿਆ ਹੈ। ਮੌਜੂਦਾ ਲੋਕ ਸਭਾ (2019-2024) ਵਿੱਚ ਔਰਤਾਂ ਦੀ ਗਿਣਤੀ ਮਸਾਂ



15 ਫ਼ੀਸਦੀ ਹੈ ਅਤੇ ਵਿਧਾਨ ਸਭਾਵਾਂ 'ਚ ਇਹਨਾਂ ਦੀ ਗਿਣਤੀ ਮਸਾਂ 9 ਫ਼ੀਸਦੀ ਹੈ।

ਪਰ ਹੈਰਾਨੀ ਦੀ ਗੱਲ ਹੈ ਕਿ ਇਹ ਕਾਨੂੰਨ ਉਸ ਵੇਲੇ ਲਾਗੂ ਗਿਣਿਆ ਜਾਏਗਾ, ਜਦੋਂ ਭਾਰਤ ਵਿੱਚ ਮਰਦਮਸ਼ੁਮਾਰੀ ਹੋਣ ਉਪਰੰਤ ਉਸ ਦੇ ਅੰਕੜੇ ਛਪਣਗੇ। 2021 'ਚ ਹੋਣ ਵਾਲੀ ਮਰਦਮਸ਼ੁਮਾਰੀ ਕਰੋਨਾ ਦੀ ਭੇਂਟ ਚੜ੍ਹ ਗਈ ਸੀ। ਅਤੇ ਹਾਲੇ ਨੇੜ ਭਵਿੱਖ 'ਚ ਇਹ ਮਰਦਮਸ਼ੁਮਾਰੀ ਹੋਣ ਦੀ ਸੰਭਾਵਨਾ ਨਹੀਂ। ਜੇਕਰ 2025 ਜਾਂ 2026 'ਚ ਮਰਦਮਸ਼ੁਮਾਰੀ ਹੋ ਜਾਂਦੀ ਹੈ ਤਦ ਵੀ ਅੰਕੜੇ ਛਾਪਣ ਲਈ ਘੱਟੋ-ਘੱਟ ਦੋ ਸਾਲ ਲਗਦੇ ਹਨ। ਜਿਸ ਦਾ ਸਿੱਧਾ ਅਰਥ ਅਤੇ ਅੰਦਾਜ਼ਾ ਇਹ ਹੈ ਕਿ ਇਹ ਕਾਨੂੰਨ 2029 ਦੀਆਂ ਚੋਣਾਂ 'ਚ ਸ਼ਾਇਦ ਹੀ ਲਾਗੂ ਹੋ ਸਕੇ। ਉਂਜ ਇਹ ਕਾਨੂੰਨ ਲਾਗੂ ਹੋਣ ਤੋਂ ਬਾਅਦ 15 ਸਾਲਾਂ ਲਈ ਗਿਣਿਆ ਜਾਏਗਾ ਅਸਲ ਵਿੱਚ ਦੇਸ਼ ਦੇ ਹਾਕਮ ਸਮੇਂ-ਸਮੇਂ 'ਤੇ ਔਰਤਾਂ ਦੀਆਂ ਵੋਟਾਂ ਹਥਿਆਉਣ ਲਈ ਨਵੇਂ ਕਾਨੂੰਨ ਬਨ੍ਹਾਉਣ ਦੇ ਦਮਗਜੇ ਮਾਰਦੇ ਰਹੇ, ਪਰ ਇਹ ਪਾਰਲੀਮੈਂਟ 'ਚ ਪੇਸ਼ ਕੀਤੇ ਬਿੱਲ ਔਰਤਾਂ ਨੂੰ ਲੋਕ ਸਭਾ, ਵਿਧਾਨ ਸਭਾਵਾਂ 'ਚ ਸੀਟਾਂ ਰਾਖਵੀਂਆਂ ਕਰਨ ਲਈ ਪੇਸ਼ ਬਿੱਲ, ਕਾਨੂੰਨ ਨਾ ਬਣ ਸਕੇ। 1979, 1996, 1998, 1999 'ਚ ਪੇਸ਼ ਇਹ ਬਿੱਲ ਕਿਸੇ ਸਿਰੇ ਨਾ ਲੱਗੇ। ਫਿਰ 2008 'ਚ ਇਹ ਬਿੱਲ ਰਾਜ ਸਭਾ 'ਚ ਡਿੱਗ ਪਿਆ ਸੀ । ਦੇਸ਼ ਦੀ ਹਰੇਕ ਪਾਰਟੀ ਨੇ ਔਰਤਾਂ ਨਾਲ ਦਰੇਗ ਕੀਤਾ ਅਤੇ ਇਹ ਹੁਣ ਵੀ ਜਾਰੀ ਹੈ। ਦੇਸ਼ ਦੀਆਂ ਸਿਆਸੀ ਪਾਰਟੀਆਂ ਮੌਜੂਦਾ ਦੌਰ 'ਚ ਆਪਣੀਆਂ ਲੋਕ ਸਭਾ, ਵਿਧਾਨ ਸਭਾ ਸੀਟਾਂ 'ਤੇ ਬਹੁਤ ਘੱਟ ਔਰਤ ਉਮੀਦਵਾਰਾਂ ਨੂੰ ਟਿਕਟਾਂ ਦਿੰਦੀਆਂ ਹਨ ਅਤੇ ਉਹਨਾਂ ਨੂੰ ਵਜ਼ਾਰਤ ਵਿੱਚ ਬਹੁਤ ਘੱਟ ਗਿਣਤੀ 'ਚ ਸ਼ਾਮਲ ਕਰਦੀਆਂ ਹਨ।

ਦੇਸ਼ ਦੀ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ 'ਚ ਰਾਖਵੇਂ ਕਰਨ ਦੇ ਨਾਲ-ਨਾਲ ਸਥਾਨਕ ਸਰਕਾਰਾਂ ਭਾਵ ਪੰਚਾਇਤਾਂ, ਮਿਊਂਸਪਲ ਕਮੇਟੀਆਂ ਆਦਿ ਵਿੱਚ ਸੰਵਿਧਾਨ 'ਚ ਸੋਧ ਕਰਕੇ ਔਰਤਾਂ ਨੂੰ 33 ਫ਼ੀਸਦੀ ਰਾਖਵਾਂ ਕਰਨ ਦਿੱਤਾ ਗਿਆ। ਪਰ ਜ਼ਮੀਨੀ ਹਕੀਕਤ ਇਹ ਹੈ ਕਿ ਪਿੰਡਾਂ, ਸ਼ਹਿਰਾਂ ਦੀਆਂ ਸਥਾਨਕ ਸਰਕਾਰਾਂ 'ਚ ਚੁਣੀਆਂ ਸਰਪੰਚ, ਪੰਚ ਜਾਂ ਮੈਂਬਰਾਨ ਦੀ ਥਾਂ ਉਹਨਾਂ ਦੇ ਪਤੀ, ਭਰਾ, ਪਿਓ ਜਾਂ ਕੋਈ ਹੋਰ ਨਜ਼ਦੀਕੀ ਰਿਸ਼ਤੇਦਾਰ ਕੰਮ ਕਰਦੇ ਵੇਖੇ ਜਾਂਦੇ ਹਨ ਭਾਵ ਉਹਨਾਂ ਨੂੰ ਆਪਣੇ ਹੱਕ ਵਰਤਣ ਦਾ ਮੌਕਾ ਹੀ ਨਹੀਂ ਮਿਲਦਾ।

ਨੀਤੀ ਨਿਰਮਾਣ ਖੇਤਰ (ਭਾਵ ਪਾਰਲੀਮੈਂਟ ਆਦਿ) 'ਚ ਹੀ ਨਹੀਂ, ਔਰਤਾਂ ਨੂੰ ਦੇਸ਼ ਦੀ ਗਵਰਨੈਂਸ 'ਚ ਵੀ ਬਰਾਬਰ ਹੱਕ ਕਦੇ ਨਹੀਂ ਮਿਲੇ। ਹੁਣ ਤੱਕ ਦੇਸ਼ ਵਿੱਚ ਸਿਰਫ਼ ਇੱਕ ਔਰਤ ਹੀ ਪ੍ਰਧਾਨ ਮੰਤਰੀ ਬਣੀ, ਸਿਰਫ਼ ਦੋ ਔਰਤਾਂ ਰਾਸ਼ਟਰਪਤੀ ਦਾ ਅਹੁਦਾ ਪ੍ਰਾਪਤ ਕਰ ਸਕੀਆਂ ਅਤੇ ਸਿਰਫ਼ 15 ਔਰਤਾਂ ਮੁੱਖ ਮੰਤਰੀ ਦੇ ਅਹੁਦੇ ਉੱਤੇ ਪੁੱਜ ਸਕੀਆਂ। ਇਥੇ ਹੀ ਬੱਸ ਨਹੀਂ ਦੇਸ਼ ਦੀ ਸੁਪ੍ਰੀਮ ਕੋਰਟ ਦੀ ਕੋਈ ਵੀ ਔਰਤ ਜੱਜ, ਮੁੱਖ ਜੱਜ ਦੇ ਅਹੁਦੇ ਤੱਕ ਨਹੀਂ ਪੁੱਜ ਸਕੀ।

ਭਾਵੇਂ ਭਾਰਤ ਵਿੱਚ ਅੱਜ ਵੀ ਵਿਵਹਾਰਿਕ ਤੌਰ 'ਤੇ ਸੁਪ੍ਰੀਮ ਕੋਰਟ ਦੇ ਹੁਕਮਾਂ ਅਨੁਸਾਰ ਅਤੇ ਸਾਡੇ ਦੇਸ਼ ਦੇ ਸੰਵਿਧਾਨ ਦੀ ਮਨਸ਼ਾ ਅਨੁਸਾਰ ਔਰਤਾਂ ਨੂੰ ਮਰਦਾਂ ਦੇ ਬਰਾਬਰ ਦੇ ਜਾਇਦਾਦ ਵਿੱਚ ਹੱਕ ਹਨ, ਪਰ ਅਸਲ ਸੱਚਾਈ ਕੁਝ ਹੋਰ ਹੀ ਹੈ। ਔਰਤ ਨਾਲ ਜਾਇਦਾਦ ਦੇ ਹੱਕ ਵਿੱਚ ਭੇਦ ਭਾਵ ਹੈ। ਪਰੰਪਰਾਗਤ ਰੂਪ ਵਿੱਚ ਸਮਾਜ ਵਿੱਚ ਔਰਤਾਂ ਨੂੰ ਕਮਜ਼ੋਰ ਵਰਗ ਵਜੋਂ ਦੇਖਿਆ ਜਾਂਦਾ ਹੈ। ਉਸ ਨਾਲ ਘਰ ਅਤੇ ਸਮਾਜ ਦੋਵੇਂ ਥਾਂਵਾਂ 'ਤੇ ਸ਼ੋਸ਼ਣ, ਅਪਮਾਨ ਅਤੇ ਭੇਦ ਭਾਵ ਹੁੰਦਾ ਹੈ। ਪ੍ਰਸਿੱਧ ਸਮਾਜ ਸ਼ਾਸਤਰੀ ਸਿਲਵਿਆ ਵਾਲਵੇ ਅਨੁਸਾਰ ਪਿਤਾ ਪੁਰਖੀ ਸਮਾਜਿਕ ਬਣਤਰ 'ਚ ਇਹੋ ਜਿਹੀ ਪ੍ਰਕਿਰਿਆ ਅਤੇ ਵਿਵਸਥਾ ਹੈ, ਜਿਸ ਵਿੱਚ ਆਦਮੀ ਔਰਤ ਉੱਤੇ ਆਪਣੀ ਧੌਂਸ ਜਮਾਉਂਦਾ ਹੈ, ਉਸ ਉੱਤੇ ਰੋਹਬ ਪਾਉਂਦਾ ਹੈ ਅਤੇ ਉਸ ਦਾ ਸ਼ੋਸ਼ਣ ਕਰਦਾ ਹੈ।

(ਬਾਕੀ ਸਫ਼ਾ 31 'ਤੇ)

# ਹਰ ਖੇਤਰ ਵਿੱਚ ਕੁੜੀਆਂ ਨੇ ਕੀਤੀ ਹੈ ਤਰੱਕੀ

ਪ੍ਰਣਵ ਪ੍ਰਿਆਦਰਸ਼ੀ



ਇਹ ਸਾਡੇ ਸਾਰਿਆਂ ਦੇ ਸਾਂਝੇ ਤਜ਼ਰਬੇ ਦਾ ਹਿੱਸਾ ਰਿਹਾ ਹੈ ਕਿ ਜੇਕਰ ਕੋਈ ਮੁਟਿਆਰ ਕਿਸੇ ਹੋਰ ਸ਼ਹਿਰ, ਸੂਬੇ ਜਾਂ ਦੇਸ਼ ਵਿੱਚ ਪੜ੍ਹਨ ਜਾਂ ਕੰਮ ਕਰਨ ਦੀ ਗੱਲ ਕਰਦੀ ਤਾਂ ਕੁਝ ਦਹਾਕੇ ਪਹਿਲਾਂ ਤੱਕ ਪਰਿਵਾਰ ਦਾ ਪਹਿਲਾ ਪ੍ਰਤੀਕਰਮ ਇਹ ਹੁੰਦਾ ਸੀ ਕਿ ਵਿਆਹ ਕਰਵਾ ਲੈ, ਫਿਰ ਜਿੱਥੇ ਜਾਣਾ ਹੈ, ਜਾ ਆਉਣਾ ਪਰ ਹਾਲ ਹੀ ਦੇ ਸਾਲਾਂ ਵਿੱਚ ਇਹ ਸਥਿਤੀ ਤੇਜ਼ੀ ਨਾਲ ਬਦਲ ਗਈ ਹੈ। ਅੰਕੜੇ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਕੁੜੀਆਂ ਹੁਣ ਆਪਣੇ ਘਰ ਛੱਡ ਕੇ ਆਪਣੀ ਦੁਨੀਆਂ ਦੀ ਪੜਚੋਲ ਕਰ ਰਹੀਆਂ ਹਨ।

ਵਿਦੇਸ਼ਾਂ ਵਿੱਚ ਪੜ੍ਹਨ ਲਈ ਅਪਲਾਈ ਕਰਨ ਵਾਲੇ ਵਿਦਿਆਰਥੀਆਂ ਵਿੱਚੋਂ ਲਗਭਗ ਅੱਧੀਆਂ ਲੜਕੀਆਂ ਹਨ। ਇਨ੍ਹਾਂ ਵਿੱਚ ਇੱਕ ਵੱਡੀ ਗਿਣਤੀ ਕੁਆਰੀਆਂ ਕੁੜੀਆਂ ਦੀ ਹੈ। ਸਿੱਖਿਆ ਸਲਾਹਕਾਰਾਂ ਦੇ ਅਨੁਸਾਰ, ਸਾਲ 2021 ਵਿੱਚ ਵਿਦਿਆਰਥਣਾਂ ਦੀਆਂ ਅਰਜ਼ੀਆਂ ਦੀ ਗਿਣਤੀ 20-30 ਪ੍ਰਤੀਸ਼ਤ ਸੀ, ਜੋ ਕਿ 2024 ਵਿੱਚ 40-45 ਪ੍ਰਤੀਸ਼ਤ ਤੱਕ ਪਹੁੰਚ ਜਾਵੇਗੀ। ਖਾਸ ਗੱਲ ਇਹ ਹੈ ਕਿ ਅਜਿਹਾ ਸਿਰਫ ਮੈਟਰੋ ਸ਼ਹਿਰਾਂ 'ਚ ਹੀ ਨਹੀਂ ਹੋ ਰਿਹਾ ਹੈ। ਗੈਰ-ਮੈਟਰੋ ਜਾਂ ਛੋਟੇ ਸ਼ਹਿਰਾਂ ਵਿੱਚ ਵੀ ਇਹੀ ਨਜ਼ਾਰਾ ਹੈ। ਜੇਕਰ ਇਨ੍ਹਾਂ ਲੜਕੀਆਂ ਦੇ ਤਜ਼ਰਬੇ 'ਤੇ ਨਜ਼ਰ ਮਾਰੀਏ ਤਾਂ ਆਪਣੀਆਂ ਧੀਆਂ ਨੂੰ ਵਿਦੇਸ਼ ਭੇਜਣ ਵਰਗੇ ਸਵਾਲਾਂ 'ਤੇ ਭਾਰਤੀ ਪਰਿਵਾਰਾਂ ਦਾ ਰਵੱਈਆ ਬਹੁਤ ਬਦਲ ਗਿਆ ਹੈ। ਜ਼ਾਹਿਰ ਹੈ ਕਿ ਇਨ੍ਹਾਂ ਕੁੜੀਆਂ ਦਾ ਆਤਮ-ਵਿਸ਼ਵਾਸ ਵੀ ਇਸੇ ਅਨੁਪਾਤ ਵਿੱਚ ਵਧਿਆ ਹੈ।

ਪਰ ਇਸ ਖੁੱਲ੍ਹੇਪਣ ਦਾ ਇੱਕ ਹੋਰ ਪਹਿਲੂ ਧਿਆਨ ਦੇਣ ਯੋਗ ਹੈ। ਕੁੜੀਆਂ ਦੇ ਸਾਹਮਣੇ ਜੋ ਦੁਨੀਆ ਖੁੱਲ੍ਹ ਰਹੀ ਹੈ, ਉਸ 'ਤੇ ਨਜ਼ਰ ਮਾਰੀਏ ਤਾਂ ਇਹ ਮੁੰਡਿਆਂ ਦੇ ਸਾਹਮਣੇ ਵੀ ਖੁੱਲ੍ਹ ਚੁੱਕੀ ਹੈ। ਕੈਰੀਅਰ ਦਾ ਸਵਾਲ ਹੋਵੇ ਜਾਂ ਘੁੰਮਣ-ਫਿਰਨ ਦਾ ਜਾਂ ਫਿਰ ਬਾਹਰ ਜਾਣ ਅਤੇ ਪੜ੍ਹਾਈ ਦਾ, ਇਸ ਮਾਮਲੇ ਵਿੱਚ ਲੜਕੇ ਵੀ ਪਿੱਛੇ ਨਹੀਂ ਰਹੇ। ਸਰਵੇਖਣ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਅੱਜ ਪੜ੍ਹੀਆਂ-ਲਿਖੀਆਂ ਔਰਤਾਂ ਅਤੇ ਮਰਦ ਕੈਰੀਅਰ ਦੀਆਂ ਇੱਛਾਵਾਂ ਦੇ ਮਾਮਲੇ ਵਿੱਚ ਲਗਭਗ ਇੱਕੋ ਜਿਹੇ ਹਨ। ਫਰਕ ਉਦਾਰਵਾਦੀ ਰਵੱਈਏ ਵਿੱਚ ਹੈ। ਕੁੜੀਆਂ ਮੁੰਡਿਆਂ ਨਾਲੋਂ ਵਧੇਰੇ ਉਦਾਰਵਾਦੀ ਵਿਚਾਰ ਰੱਖਦੀਆਂ ਹਨ। ਸਰਵੇਖਣ ਮੁਤਾਬਕ ਇਸ ਗੱਲ ਦੀ ਜ਼ਿਆਦਾ ਸੰਭਾਵਨਾ ਹੈ ਕਿ ਲੜਕੀਆਂ ਆਪਣੀ ਜਾਤ, ਭਾਈਚਾਰੇ, ਧਰਮ ਅਤੇ ਲਿੰਗ ਦੀਆਂ ਹੱਦਾਂ ਤੋਂ ਪਾਰ ਰਹਿ ਕੇ ਦੋਸਤ ਬਣਾਉਣਗੀਆਂ। ਜ਼ਾਹਿਰ ਹੈ ਕਿ ਜਾਣੇ-ਅਣਜਾਣੇ ਵਿੱਚ ਉਨ੍ਹਾਂ ਦੇ ਅਨੁਭਵਾਂ ਨੂੰ ਵੱਡਾ ਘੇਰਾ ਮਿਲ ਜਾਂਦਾ ਹੈ।

ਸਮਾਜ 'ਤੇ ਇਸ ਦੇ ਪ੍ਰਭਾਵ ਨੂੰ ਦੇਖਣ ਲਈ ਕੁਝ ਸਮਾਂ ਲੱਗ ਸਕਦਾ ਹੈ, ਪਰ ਯਕੀਨ ਰੱਖੋ ਕਿ ਨੌਜਵਾਨ, ਉਦਾਰਵਾਦੀ, ਔਰਤਾਂ - ਇਹ ਇੱਕ ਅਜਿਹਾ ਸਮੂਹ ਹੈ ਜੋ ਆਉਣ ਵਾਲੇ ਯੁੱਗ ਵਿੱਚ ਸੰਸਾਰ ਨੂੰ ਆਕਾਰ ਦੇਣ ਵਿੱਚ ਸਭ ਤੋਂ ਮਹੱਤਵਪੂਰਨ ਭੂਮਿਕਾ ਨਿਭਾਏਗਾ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

ਕਹਾਣੀ

ਬੀ. ਐਸ. ਬੀਰ

# ਪੁਰਸਕਾਰ ਤੇ ਰਾਜਨੀਤੀ



ਭਲੇ ਵੇਲਿਆਂ ਦੀ ਗੱਲ ਹੈ ਕਿ ਇੱਕ ਪਰਾਕਰਮੀ ਰਾਜਾ ਵੱਡੇ ਸਾਮਰਾਜ ’ਤੇ ਰਾਜ ਕਰਦਾ ਸੀ। ਉਹ ਆਪਣੇ ਆਪ ਨੂੰ ਚਕਰਵਰਤੀ ਰਾਜਾ ਵੀ ਅਖਵਾਉਂਦਾ ਕਿਉਂਕਿ ਉਹ ਸੱਤ ਚੱਕਰਾਂ ਭਾਵ ਸਾਮਰਾਜ ਦੇ ਸੱਤ ਵੱਡੇ ਪ੍ਰਾਂਤਾਂ ਦਾ ਸਮਰਾਟ ਸੀ। ਉਸ ਦਾ ਨਾਂ ਵੀ ਸਰਵ. ਸ੍ਰੀ ਚਕਰਧਰ ਸੀ। ਉਹ ਭੈਅ ਤੇ ਭਾਉ ਦੋਵਾਂ ਦਾ ਪ੍ਰਤੀਕ ਸੀ। ਪਰਜਾ ਤੇ ਵਿਰੋਧੀ ਉਸ ਦੇ ਗੁਸੈਲੇ ਸੁਭਾਅ ਤੋਂ ਸਹਿਮਦੇ ਸਨ ਤੇ ਉਸ ਦੇ ਨੇਕ ਕੰਮਾਂ ਕਾਰਨ ਉਸ ਨੂੰ ਪਿਆਰ ਵੀ ਕਰਦੇ ਸਨ। ਉਸ ਨੇ ਆਪਣੇ ਮੰਤਰੀ ਮੰਡਲ ਵਿੱਚ ਸੱਤ ਮੰਤਰੀ ਰੱਖੇ ਹੋਏ ਸਨ ਜਿਨ੍ਹਾਂ ਨੂੰ ਵੱਖ-ਵੱਖ ਵਿਭਾਗਾਂ ਦੀ ਜ਼ਿੰਮੇਵਾਰੀ ਸੌਂਪੀ ਹੋਈ ਸੀ। ਜਿਹੜਾ ਮੰਤਰੀ ਆਪਣੇ ਫ਼ਰਜ਼ਾਂ ਤੋਂ ਕੁਤਾਹੀ ਕਰਦਾ, ਉਸ ਨੂੰ ਬਹੁਤ ਸਖ਼ਤ ਸਜ਼ਾ ਦਿੱਤੀ ਜਾਂਦੀ ਸੀ। ਜੇ ਅਪਰਾਧ ਜਾਂ ਦੋਸ਼ ਸਜ਼ਾ-ਏ-ਕਾਬਿਲ ਹੁੰਦਾ ਤਾਂ ਅਜਿਹਾ ਮੰਤਰੀ ਲੋਕਾਂ ਸਾਹਮਣੇ ਫਾਂਸੀ ’ਤੇ ਲਟਕਾ ਦਿੱਤਾ ਜਾਂਦਾ। ਉਸ ਨੇ ਆਪਣੇ ਸੱਤ ਚੱਕਰਾਂ ਭਾਵ ਸੱਤ ਪ੍ਰਾਂਤਾਂ ਦੇ ਸੱਤ ਲੋਕਪਾਲ ਨਿਯੁਕਤ ਕੀਤੇ ਹੋਏ ਸਨ ਜੋ ਆਪਣੇ-ਆਪਣੇ ਪ੍ਰਾਂਤਾਂ ਦਾ ਕੁਸ਼ਲ ਪ੍ਰਬੰਧ ਕਰਦੇ ਸਨ। ਉਸ ਦੇ ਸੱਤ ਸੈਨਾਪਤੀ ਸਨ ਤੇ ਕਿਸੇ ਵੀ ਸੈਨਾਪਤੀ ਨੂੰ ਉਹ ਇੱਕ ਸਾਲ ਤੋਂ ਵੱਧ ਮੁੱਖ ਸੈਨਾਪਤੀ ਨਹੀਂ ਸੀ ਰਹਿਣ ਦਿੰਦਾ।

ਪਰਜਾ ਦਾ ਦਿਲ ਜਿੱਤਣ ਲਈ ਚਕਰਵਰਤੀ ਮਹਾਰਾਜੇ ਚਕਰਧਰ ਨੇ ਆਪਣੇ ਦਰਬਾਰ ਵਿੱਚ ਸੱਤ ਰਤਨ ਵੀ ਰੱਖੇ ਹੋਏ ਸਨ ਜੋ ਵੱਖ-ਵੱਖ ਕਲਾਵਾਂ ਨਾਲ ਜੁੜੇ ਹੋਏ ਸਨ। ਧਰਮ, ਅਰਥ, ਕਾਮ, ਮੋਖ, ਸੰਗੀਤ ਕਲਾ, ਨਾਟ-ਨ੍ਰਿਤ ਤੇ ਸਾਹਿਤ ਨਾਲ ਜੁੜੀਆਂ ਸ਼ਖ਼ਸੀਅਤਾਂ ਰਤਨ ਅਖਵਾਉਂਦੀਆਂ ਸਨ। ਹਰ ਸ਼ਖ਼ਸੀਅਤ ਨੂੰ ਤਿੰਨ ਸਾਲ ਦਾ ਸਮਾਂ ਦਿੱਤਾ ਜਾਂਦਾ। ਹਰ ਮਹੀਨੇ ਸੌ ਮੋਹਰਾਂ ਹਰ ਸ਼ਖ਼ਸੀਅਤ ਨੂੰ ਮਾਸਿਕ-ਭੱਤੇ ਦੇ ਤੌਰ ’ਤੇ ਮਿਲਦੀਆਂ। ਤਿੰਨ ਸਾਲਾਂ ਲਈ ਰਹਿਣ ਲਈ ਮਹਿਲਨੁਮਾ ਇਮਾਰਤ ਵੀ ਦਿੱਤੀ ਜਾਂਦੀ। ਜਦੋਂ ਚੋਣ ਹੁੰਦੀ ਤਾਂ ਪਹਿਲੇ ਨੰਬਰ ’ਤੇ ਆਉਣ ਵਾਲੇ ਵਿਅਕਤੀ ਨੂੰ ਗਿਆਰਾਂ ਸੌ ਮੋਹਰਾਂ ਵੀ ਪੁਰਸਕਾਰ ਵਿੱਚ ਮਿਲਦੀਆਂ। ਇਉਂ ਰਾਜਾ ਲੋਕਾਂ ਵਿੱਚ ਵਾਹ-ਵਾਹ ਖੱਟਦਾ। ਉਸ ਕੋਲ ਸ਼ਿਲਪਕਲਾ ਦੇ ਵੀ ਮਾਹਿਰ ਸਨ। ਉਸ ਨੇ ਪਰਜਾ ਦੇ ਵੇਖਣ ਤੇ ਮਾਣਨ ਲਈ ਅਨੇਕਾਂ ਯਾਦਗਾਰੀ ਇਮਾਰਤਾਂ, ਸਰਾਵਾਂ, ਖੂਹ, ਧਰਮਸ਼ਾਲਾਵਾਂ, ਨਾਟ-ਸ਼ਾਲਾਵਾਂ ਤੇ ਮੰਦਰ ਵੀ ਬਣਵਾਏ। ਇੱਕ ਪ੍ਰਸਿੱਧ ਮੰਦਰ ਖੁਜਰਾ-ਚੱਕਰ ਸੀ ਜਿਸ ਨੂੰ ਵੇਖਣ ਲਈ ਹਮੇਸ਼ਾਂ ਭੀੜ ਲੱਗੀ ਰਹਿੰਦੀ। ਉਸ ਮੰਦਰ ਵਿੱਚ ਸੱਤ ਪਰਿਕਰਮਾਵਾਂ ਸਨ ਤੇ ਹਰ ਪਰਿਕਰਮਾ ਵਿੱਚ ਇਸਤਰੀ-ਪੁਰਸ਼ ਦੇ ਸਬੰਧਾਂ ਨਾਲ ਜੁੜੀਆਂ ਵੱਖ-ਵੱਖ ਅਦਾਵਾਂ ਸਨ। ਸੱਤ ਪਰਿਕਰਮਾ ਕਰਨ ਮਗਰੋਂ ਕੇਂਦਰ ਵਿੱਚ ਤਿੰਨ ਸਿਰਮੌਰ ਦੇਵਤਿਆਂ ਦੀਆਂ ਤਿੰਨ ਮੂਰਤਾਂ ਸਨ ਅਤੇ ਉਹ ਦੈਵੀ-ਮੂਰਤਾਂ ਮਹਾਰਾਜਾ ਚਕਰਧਰ ਦੇ ਬੁੱਤ ਨੂੰ ਆਸ਼ੀਰਵਾਦ ਦਿੰਦੀਆਂ ਨਜ਼ਰ ਆਉਂਦੀਆਂ ਸਨ। ਉਸ ਮੰਦਰ ਨੂੰ ਮੋਖ ਦੁਆਰ ਵੀ ਕਿਹਾ ਜਾਂਦਾ ਹੈ। ਠੀਕ ਇਸੇ ਤਰ੍ਹਾਂ ਉਸ ਦੇ ਰਤਨ ਆਪਣੀ ਕਲਾ ਵਿੱਚ ਆਪਣੇ ਜੌਹਰ ਵਿਖਾਉਂਦੇ। ਇੱਕ ਪਾਸੇ ਪਰਜਾ ਵਿੱਚ ਉਹ ਵਾਹ-ਵਾਹ ਖੱਟਦੇ ਤੇ ਦੂਜੇ ਪਾਸੇ ਪਰਜਾ, ਰਾਜਾ ਚਕਰਧਰ ਦੀ ਵੀ ਜੈ-ਜੈ ਕਾਰ ਕਰਦੀ। ਇਨ੍ਹਾਂ ਸੱਤ ਰਤਨਾਂ ਦੀ ਚੋਣ ਕਰਨ ਸਮੇਂ ਬੜਾ ਧਿਆਨ ਰੱਖਿਆ ਜਾਂਦਾ ਕਿ ਸਿੱਧੇ-ਪੁੱਠੇ ਢੰਗ ਨਾਲ ਜਾਂ ਕੋਈ ਚੋਰ ਦਰਵਾਜ਼ੇ ਰਾਹੀਂ ਇਸ ਅਹੁਦੇ ’ਤੇ ਕਾਬਜ਼ ਨਾ ਹੋ ਜਾਵੇ। ਮਹਾਰਾਜੇ ਦਾ ਇੱਕ ਚਕਰ-ਅਚਾਰੀਆ ਮੁਖੀ ਹੁੰਦਾ ਜਿਸ ਨੂੰ ਸ਼ਿਖੰਡੀਧਰ ਦਾ ਦਰਜਾ ਦਿੱਤਾ ਜਾਂਦਾ। ਇਨ੍ਹਾਂ ਰਤਨਾਂ ਦੀ ਚੋਣ ਮੁੱਖ ਤੌਰ ’ਤੇ ਸ਼ਿਖੰਡੀਧਰ ਹੀ ਕਰਦਾ ਪਰ ਉਹ ਮਹਾਰਾਜੇ ਨਾਲ ਵੀ ਇਸ ਲਈ ਸਲਾਹ-ਮਸ਼ਵਰਾ ਕਰਦਾ ਰਹਿੰਦਾ। ਮਹਾਰਾਜੇ ਦਾ ਹੁਕਮ ਸੀ ਕਿ ਕੋਈ ਵੀ ਰਤਨ ਅਜਿਹਾ ਨਾ ਹੋਵੇ ਜਿਸ ਦੀਆਂ ਅੱਖਾਂ ਆਰ-ਪਾਰ ਵੇਖ ਸਕਦੀਆਂ ਹੋਣ, ਨਾ ਹੀ ਉਸ ਦੇ ਕੰਨ ਆਰ-ਪਾਰ ਸੁਣ ਸਕਦੇ ਹੋਣ ਤੇ ਨਾ ਹੀ ਨੱਕ ਆਰ-ਪਾਰ ਸੁੰਘ ਸਕਦੇ ਹੋਣ ਤੇ ਉਨ੍ਹਾਂ ਦੀ ਆਵਾਜ਼ ਵੀ ਆਰ-ਪਾਰ ਨਾ ਜਾ ਸਕਦੀ ਹੋਵੇ। ਮਹਾਰਾਜੇ ਤੇ ਚਕਰ-ਅਚਾਰੀਆ ਦੋਵਾਂ ਨੂੰ ਪਤਾ ਸੀ ਕਿ ਆਰ-ਪਾਰ ਤੇ ਪਰਜਾ ਦਾ ਆਪਸ ਵਿੱਚ ਗੂੜ੍ਹਾ ਸਬੰਧ ਹੁੰਦਾ ਹੈ।

ਪਰਜਾ ਵਿੱਚੋਂ ਕੋਈ ਵੀ ਵਿਅਕਤੀ ਮਹਾਰਾਜੇ ਜਾਂ ਮੰਤਰੀ ਦੀ ਹੁਕਮ-ਅਦੂਲੀ ਕਰਨ ਦੀ ਹਿੰਮਤ ਨਹੀਂ ਸੀ ਕਰਦਾ ਕਿਉਂਕਿ ਹੁਕਮ-ਅਦੂਲੀ ਕਰਨ ਵਾਲਿਆਂ ਨੂੰ ਜਾਂ ਤਾਂ ਜਿਉਂਦਿਆਂ ਸਾੜ ਦਿੱਤਾ ਜਾਂਦਾ ਜਾਂ ਸਰੀਰ ਦੇ ਅੰਗ ਵੱਢ ਦਿੱਤੇ ਜਾਂਦੇ ਜਾਂ ਫਿਰ ਸੂਲੀ ਟੰਗ ਦਿੱਤਾ ਜਾਂਦਾ।

ਚਕਰਧਰ ਪ੍ਰਾਂਤ ਦਾ ਲੋਕਪਾਲ ਅਮੀਰ ਚੰਦ ਨਾਂ ਦਾ ਵਿਅਕਤੀ ਸੀ ਤੇ ਉਹ ਅਤਿ-ਅਭਿਲਾਸ਼ੀ ਕਿਸਮ ਦਾ ਵਿਅਕਤੀ ਸੀ। ਉਹ ਚਾਹੁੰਦਾ ਸੀ ਕਿ ਉਹ ਕਿਵੇਂ ਨਾ ਕਿਵੇਂ ਮਹਾਰਾਜਾ ਚਕਰਧਰ ਦੇ ਨੇੜੇ ਪਹੁੰਚੇ ਤੇ ਹੋਰ ਸੱਤਾ ਤੇ ਪੁਰਸਕਾਰਾਂ ਦਾ ਆਨੰਦ ਮਾਣੇ। ਉਸ ਨੇ ਇੱਕ ਪ੍ਰਸਿੱਧ ਸਾਹਿਤਕਾਰ ਨੂੰ ਕੁਝ ਮੋਹਰਾਂ ਦੇ ਕੇ ਨੌਕਰੀ ’ਤੇ ਰੱਖ ਲਿਆ ਅਤੇ ਦੁਨੀਆਂ ਦੀਆਂ ਸਿਰਮੌਰ ਰਚਨਾਵਾਂ ਵਿੱਚ ਪਾਤਰਾਂ ਤੇ ਕਥਾਨਕ ਵਿੱਚ ਤਬਦੀਲੀ ਕਰ ਕੇ ਇੱਕ ਨਵੀਂ ਕਾਵਿ-ਰਚਨਾ ਆਪਣੇ ਨਾਂ ’ਤੇ ਤਿਆਰ ਕਰਵਾ ਲਈ। ਉਸ ਨੇ ਬੜੀ ਹੁਸ਼ਿਆਰੀ ਨਾਲ ਇਹ ਕੰਮ ਦੋ ਸਾਲਾਂ ਵਿੱਚ ਪੂਰਾ ਕੀਤਾ। ਫਿਰ ਉਸ ਨੌਕਰੀ ’ਤੇ ਰੱਖੇ ਸਾਹਿਤਕਾਰ ਨੂੰ ਕਿਸੇ ਮਿੱਥੀ ਦੁਰਘਟਨਾ ਵਿੱਚ ਮਰਵਾ ਦਿੱਤਾ ਗਿਆ। ਉਸ ਨੇ ਉਹ ਰਚਨਾ ਚਕਰ-ਅਚਾਰੀਆ ਸ਼ਿਖੰਡੀ ਕੋਲ ਭੇਜੀ ਤੇ ਆਪਣਾ ਹੱਕ ਸਾਹਿਤ ਰਤਨ ਭਾਵ ਸਾਹਿਤ ਰਾਜਸ਼੍ਰੀ ਪੁਰਸਕਾਰ ’ਤੇ ਜਤਾਇਆ।

ਚਕਰ-ਅਚਾਰੀਆ ਸ਼ਿਖੰਡੀ ਨੇ ਹੋਰ ਉਮੀਦਵਾਰਾਂ ਦੇ ਨਾਲ-ਨਾਲ ਅਮੀਰ ਚੰਦ ਨੂੰ ਵੀ ਬੁਲਾ ਲਿਆ ਤੇ ਅਮੀਰ ਚੰਦ ਵੀ ਕਾਫ਼ੀ ਤਿਆਰੀ ਕਰ ਕੇ ਰਾਜ-ਦਰਬਾਰੇ ਪੁੱਜਾ। ਚਕਰ-ਅਚਾਰੀਆ ਸ਼ਿਖੰਡੀ ਨੇ ਉਹ ਪੁਸਤਕ ਪਹਿਲਾਂ ਪੜ੍ਹਵਾ ਲਈ ਸੀ ਅਤੇ ਵਿਦਵਾਨਾਂ ਨੇ ਉਸ ਨੂੰ ਇਸ ਤੋਂ ਜਾਣੂੰ ਕਰਵਾਇਆ ਸੀ ਕਿ ਇਹ ਰਚਨਾ ਮੌਲਿਕ ਨਹੀਂ ਹੈ।

ਚਕਰ-ਅਚਾਰੀਆ ਨੇ ਪਹਿਲਾ ਪ੍ਰਸ਼ਨ ਕੀਤਾ: ਆਪ ਨੂੰ ਇਸ ਰਚਨਾ ਦੀ ਪ੍ਰੇਰਣਾ ਕਿੱਥੋਂ ਤੇ ਕਿਵੇਂ ਮਿਲੀ?

ਅਮੀਰ ਚੰਦ ਨੇ ਜੁਆਬ ਦਿੱਤਾ: ਬਸ ਇੱਕ ਦਿਨ ਸੁਪਨਾ ਆਇਆ ਤੇ ਸੁਪਨੇ ਵਿੱਚ ਦੇਵੀ ਮਾਤਾ ਨੇ ਮੈਨੂੰ ਇਹ ਰਚਨਾ ਕਰਨ ਦਾ ਆਦੇਸ਼ ਦਿੱਤਾ।

ਚਕਰ-ਅਚਾਰੀਏ ਨੇ ਦੂਜਾ ਪ੍ਰਸ਼ਨ ਕੀਤਾ: ਇਸ ਰਚਨਾ ਨੂੰ ਸਿਰਜਣ ਵਿੱਚ ਤੁਹਾਨੂੰ ਕਿੰਨਾ ਸਮਾਂ ਲੱਗਿਆ?

ਜੁਆਬ ਸੀ: ਬਸ ਛੇ ਮਹੀਨੇ।

ਚਕਰ-ਅਚਾਰੀਆ ਨੇ ਫਿਰ ਪ੍ਰਸ਼ਨ ਕੀਤਾ: ਇੰਨੀ ਵੱਡ-ਅਕਾਰੀ ਤੇ ਮਹਾਨ ਰਚਨਾ ਦੀ ਸਿਰਜਣਾ ਛੇ ਮਹੀਨੇ ਵਿੱਚ ਕਿਵੇਂ ਸੰਭਵ ਹੈ? ਇਨ੍ਹਾਂ ਛੇ ਮਹੀਨਿਆਂ ਵਿੱਚ ਤੁਸੀਂ ਚੱਕਰ ਦਾ ਭਾਵ ਪ੍ਰਾਂਤ ਦਾ ਕੋਈ ਕੰਮ ਨਹੀਂ ਕੀਤਾ ਹੋਵੇਗਾ ਤਾਂ ਹੀ ਇਹ ਰਚਨਾ ਰਚ ਸਕੇ ਹੋਵੋਗੇ?

ਅਮੀਰ ਚੰਦ ਬੌਂਦਲ ਗਿਆ ਤੇ ਉਸ ਨੇ ਥਥਲਾਉਂਦਿਆਂ ਕਿਹਾ: ਸਭ ਦੇਵੀ ਮਾਤਾ ਮੈਥੋਂ ਕਰਵਾਉਂਦੀ ਰਹੀ ਹੈ। ਜੋ ਉਹ ਲਿਖਵਾਉਂਦੀ ਰਹੀ ਮੈਂ ਲਿਖਦਾ ਰਿਹਾ ਹਾਂ।

ਚਕਰ-ਅਚਾਰੀਆ ਨੇ ਫਿਰ ਪੁੱਛਿਆ: ਇਹ ਰਚਨਾ ਪੂਰੀ ਹੋਣ ਮਗਰੋਂ ਫਿਰ ਕਦੇ ਦੇਵੀ ਮਾਤਾ ਪ੍ਰਗਟ ਹੋਈ?

ਜੁਆਬ ਸੀ: ਨਹੀਂ ਹਾਂ ਇੱਕ ਵਾਰ। ਬਸ ਆਸ਼ੀਰਵਾਦ ਦੇ ਕੇ ਚਲੀ ਗਈ।

ਚਕਰ-ਅਚਾਰੀਆ ਨੇ ਦੋਵਾਂ ਹੱਥਾਂ ਨਾਲ ਤਾੜੀ ਵਜਾਈ ਤੇ ਤਿੰਨ ਵਿਅਕਤੀ ਹਾਜ਼ਰ ਹੋ ਗਏ ਜਿਨ੍ਹਾਂ ਨੇ ਆਪਣੇ ਹੱਥਾਂ ਵਿੱਚ ਮਹਾਨ ਗ੍ਰੰਥ ਚੁੱਕੇ ਹੋਏ ਸਨ ਜਿਨ੍ਹਾਂ ਵਿੱਚੋਂ ਉਹ ਰਚਨਾ ਚੋਰੀ ਕੀਤੀ ਗਈ ਸੀ। ਮਹਾਰਾਜਾ ਚਕਰਧਰ ਨੂੰ ਦੋਸ਼ਾਂ ਦਾ ਪਤਾ ਲੱਗਾ ਤੇ ਅਮੀਰ ਚੰਦ ਨੂੰ ਸਾਰੀ ਉਮਰ ਇੱਕ ਭੋਰੇ ਵਿੱਚ ਬੰਦ ਰੱਖਣ ਦਾ ਹੁਕਮ ਸੁਣਾ ਦਿੱਤਾ ਗਿਆ।

ਪਰ ਫਿਰ ਵੀ ਕੁਝ ਵਿਅਕਤੀ ਸਖ਼ਤ ਅਸੂਲਾਂ ਦੀ ਵਾੜ ਟੱਪ ਹੀ ਲੈਂਦੇ। ਸਮਰਾਟ ਚੱਕਰਧਰ ਖ਼ੁਸ਼ ਹੁੰਦਾ ਕਿ ਕੋਈ ਵੀ ਰਤਨ ਜਾਂ ਅਹਿਮ ਅਹੁਦੇਦਾਰ ਆਪਣੀਆਂ ਅੱਖਾਂ, ਆਪਣੇ ਕੰਨਾਂ ਜਾਂ ਨੱਕ ਦਾ ਉਪਯੋਗ ਨਹੀਂ ਸੀ ਕਰਦਾ। ਲੋਭ-ਲਾਲਚ ਨੇ ਮਹਾਨ ਸ਼ਖ਼ਸੀਅਤਾਂ ਦੀ ਜ਼ਮੀਰ ਨੂੰ ਵੀ ਤਾਲੇ ਮਾਰ ਦਿੱਤੇ ਸਨ। ਉਹ ਦਰਬਾਰ ਦੁਆਰਾ ਪਰੋਸੇ ਭੋਜਨ ਨੂੰ ਵੀ ਅੰਮ੍ਰਿਤ ਦੱਸਦੇ ਤੇ ਅਕਸਰ ਪਰੋਸੇ ਛੱਤੀ ਪਦਾਰਥਾਂ ਵਿੱਚ ਅੰਮ੍ਰਿਤ ਹੀ ਤਲਾਸ਼ਦੇ। ਉਨ੍ਹਾਂ ਦੀਆਂ ਪਤਨੀਆਂ ਰਾਜੇ ਦੇ ਹਮਾਮ ਦੀ ਸ਼ੋਭਾ ਬਣਦੀਆਂ ਤੇ ਉਹ ਇਸ ਵੱਲੋਂ ਵੀ ਆਪਣੇ ਅੱਖਾਂ-ਕੰਨ ਲਪੇਟ ਕੇ ਰੱਖਦੇ। ਸ਼ਾਹੀ ਦਰਬਾਰ ਦੇ ਹਮਾਮ ਦਾ ਮੁੱਖ ਪ੍ਰਬੰਧਕ ਚਕਰ-ਅਚਾਰੀਆ ਸ਼ਿਖੰਡੀ ਹੀ ਹੁੰਦਾ।

ਮਹਾਰਾਜਾ ਚੱਕਰਧਰ ਭਾਵੇਂ ਪਰਜਾ ਵਿੱਚ ਹਰਮਨ ਪਿਆਰਾ ਸੀ ਤੇ ਬਹੁਤੇ ਲੋਕ ਉਸ ਤੋਂ ਸਹਿਮਦੇ ਹੋਏ ਦੜ ਵੱਟੀ ਰੱਖਦੇ ਸਨ ਪਰ ਹਜ਼ਾਰਾਂ ਵਿੱਚੋਂ ਇੱਕਾ, ਦੁੱਕਾ ਵਿਅਕਤੀ ਮਹਾਰਾਜੇ ਨੂੰ ਦਬੀ ਸੁਰ ਵਿੱਚ ਚਾਲਬਾਜ਼, ਮੱਕਾਰ, ਸ਼ੋਸ਼ਣ ਕਰਨ ਵਾਲਾ ਤੇ ਆਉਣ ਵਾਲੀਆਂ ਪੀੜ੍ਹੀਆਂ ਦਾ ਨਾਸ਼ਕ ਦੱਸਦੇ। ਅਜਿਹੇ ਵਿਅਕਤੀਆਂ ਦਾ ਇੱਕ ਪ੍ਰਤੀਨਿਧ ਸੀ ਕੇਸਰ ਕ੍ਰਾਂਤੀ। ਉਹ ਬੇਖ਼ੌਫ਼ ਹੋ ਕੇ ਪਰਜਾ ਵਿੱਚ ਮਹਾਰਾਜੇ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਦੀ ਹਿਮਾਕਤ ਤੇ ਹਿੰਮਤ ਕਰਦਾ। ਜੋ ਕੋਈ ਕੇਸਰ ਕ੍ਰਾਂਤੀ ਤੋਂ ਉਸ ਦੀ ਰਚਨਾ ਕ੍ਰਾਂਤੀ ਧੁਨ ਸੁਣ ਲੈਂਦਾ, ਉਹ ਉਸ ਦਾ ਮੁਰੀਦ ਬਣ ਜਾਂਦਾ ਤੇ ਉਹ ਵੀ ਮਹਾਰਾਜੇ ਚਕਰਧਰ ਖ਼ਿਲਾਫ਼ ਬਾਗ਼ੀ ਸੁਰ ਦਾ ਝੰਡਾ ਚੁੱਕ ਲੈਂਦਾ।

ਮਹਾਰਾਜਾ ਚੱਕਰਧਰ ਨੇ ਸੈਨਾਪਤੀ, ਮੰਤਰੀਆਂ ਤੇ ਚਕਰ-ਅਚਾਰੀਆ ਨਾਲ ਸਲਾਹ-ਮਸ਼ਵਰਾ ਕਰ ਕੇ ਕੇਸਰ ਕ੍ਰਾਂਤੀ ਅਤੇ ਉਸ ਦੇ ਸਾਥੀਆਂ ਨੂੰ ਦੋਸ਼ ਧਰੋਹ ਦੇ ਸੰਗੀਨ ਜੁਰਮ ਵਿੱਚ ਕੈਦਖਾਨੇ ਵਿੱਚ ਸੁੱਟ ਦਿੱਤਾ ਜਿੱਥੇ ਕੈਦੀਆਂ ਤੋਂ ਮੁਸ਼ੱਕਤ ਭਰਿਆ ਕੰਮ ਲਿਆ ਜਾਂਦਾ ਅਤੇ ਖਾਣ ਨੂੰ ਨਾਂ-ਮਾਤਰ ਇੱਕ ਮੁੱਠੀ ਚਾਵਲ ਤੇ ਇੱਕ ਰੋਟੀ ਹਰ ਰੋਜ਼ ਦਿੱਤੀ ਜਾਂਦੀ। ਕੈਦੀ ਹੱਡ-ਭੰਨਵੀਂ ਮਿਹਨਤ-ਮੁਸ਼ੱਕਤ ਤੇ ਘੱਟ ਖੁਰਾਕ ਕਾਰਨ ਲਿੱਸੇ ਤੇ ਬੀਮਾਰ ਹੁੰਦੇ ਜਾਂਦੇ। ਇਸ ਦੌਰਾਨ ਕੇਸਰ ਕ੍ਰਾਂਤੀ ਦੀਆਂ ਅੱਖਾਂ ਦੀ ਜੋਤ ਚਲੀ ਗਈ ਤੇ ਉਸ ਨੂੰ ਸੁਣਨਾ ਵੀ ਬੰਦ ਹੋ ਗਿਆ ਪਰ ਉਹ ਅਜੇ ਵੀ ਕ੍ਰਾਂਤੀ ਧੁਨ ਦੀ ਰਚਨਾ ਰਚਦਾ ਤੇ ਆਪਣੇ ਸਾਥੀ ਕੈਦੀਆਂ ਨੂੰ ਸੁਣਾਉਂਦਾ। ਕੁਝ ਧੁਨਾਂ ਜੇਲ੍ਹ ਤੋਂ ਬਾਹਰ ਵੀ ਚਲੀਆਂ ਜਾਂਦੀਆਂ ਤੇ ਮਹਾਰਾਜੇ ਦੀ ਨੀਂਦ ਉਡਾ ਦਿੰਦੀਆਂ। ਕੇਸਰ ਕ੍ਰਾਂਤੀ ਦੇ ਪਰਿਵਾਰ ਨੇ ਮਹਾਰਾਜੇ ਨੂੰ ਬੇਨਤੀ ਕੀਤੀ ਕਿ ਉਸ ਨੂੰ ਰਿਹਾਅ ਕਰ ਦਿੱਤਾ ਜਾਵੇ ਕਿਉਂਕਿ ਉਹ ਹੁਣ ਨਾ ਤਾਂ ਸੁਣ ਸਕਦਾ ਹੈ ਤੇ ਨਾ ਹੀ ਕੁਝ ਵੇਖ ਸਕਦਾ ਹੈ। ਪਰਿਵਾਰ ਨੂੰ ਜੁਆਬ ਮਿਲਿਆ: ਉਹ ਬੋਲ ਤਾਂ ਸਕਦਾ ਹੈ ਨਾ?

ਇੱਕ ਹੋਰ ਮੰਤਰੀ ਨੇ ਮਹਾਰਾਜੇ ਨੂੰ ਕਿਹਾ: ਉਹ ਅੰਨਾ ਹੋ ਕੇ ਵੀ ਆਰ-ਪਾਰ ਦੇਖ ਸਕਦਾ ਹੈ ਤੇ ਬੋਲਾ ਹੋ ਕੇ ਵੀ ਆਰ-ਪਾਰ ਦੀਆਂ ਗੱਲਾਂ ਸੁਣ ਸਕਦਾ ਹੈ!

ਪਰਿਵਾਰ ਦੇ ਜੀਆਂ ਨੇ ਚਕਰ-ਅਚਾਰੀਆ ਤੇ ਮਹਾਰਾਜੇ ਨੂੰ ਭਰੋਸਾ ਦਿਵਾਇਆ ਕਿ ਅਜਿਹਾ ਕੁਝ ਵੀ ਨਹੀਂ ਹੋਵੇਗਾ। ਉਸ ਦੀ ਪਤਨੀ, ਉਸ ਦੇ ਬੱਚੇ, ਉਸ ਦੇ ਕੰਧੀ ਉੱਤੇ ਰੁੱਖੜੇ ਮਾਂ-ਪਿਓ ਉਸ ਦੀ ਰਿਹਾਈ ਲਈ ਬੇਤਾਬ ਸਨ। ਉਨ੍ਹਾਂ ਸਭਨਾਂ ਨੇ ਭਰੋਸਾ ਦਿੱਤਾ ਕਿ ਉਸ ਨੂੰ ਅਜਿਹਾ ਕੁਝ ਵੀ ਨਹੀਂ ਕਰਨ ਦੇਣਗੇ ਜਿਸ ਨਾਲ ਮਹਾਰਾਜੇ ਜਾਂ ਕਿਸੇ ਹੋਰ ਦੀ ਨੀਂਦ ਉੱਡੇ।

ਮਹਾਰਾਜੇ ਨੇ ਕਾਫ਼ੀ ਦੇਰ ਗੰਭੀਰਤਾ ਨਾਲ ਸੋਚਿਆ ਤੇ ਫਿਰ ਚਕਰ-ਅਚਾਰੀਆ ਦੀ ਸਲਾਹ ’ਤੇ ਉਸ ਨੂੰ ਜੇਲ੍ਹ ਤੋਂ ਮੁਕਤ ਕਰ ਦਿੱਤਾ।

ਕੇਸਰ ਕ੍ਰਾਂਤੀ ਘਰ ਪੁੱਜਾ ਤਾਂ ਉਹ ਪਹਿਲਾਂ ਆਪਣੇ ਘਰ-ਪਰਿਵਾਰ ਦੇ ਜੀਆਂ ਨਾਲ ਔਖਾ ਭਾਰਾ ਹੋਇਆ ਕਿਉਂਕਿ ਉਸ ਦੇ ਸੈਂਕੜੇ ਸਾਥੀ ਤਾਂ ਅਜੇ ਵੀ ਜੇਲ੍ਹ ਵਿੱਚ ਸਨ। ਉਸ ਨੂੰ ਘਰ ਦੇ ਅੰਦਰ ਹੀ ਰਹਿਣ ਦਾ ਹੁਕਮ ਸੀ। ਲੋਕ ਉਸ ਨੂੰ ਮਿਲਣ ਲਈ ਆਉਂਦੇ ਤੇ ਉਸ ਨੂੰ ਕ੍ਰਾਂਤੀ ਧੁਨ ਗਾਉਣ ਲਈ ਆਖਦੇ। ਹੁਣ ਉਹ ਕ੍ਰਾਂਤੀ ਧੁਨ ਕਰੁਣਾਮਈ ਬਣ ਗਈ ਸੀ। ਬੀਰ ਰਸ, ਕਰੁਣਾ ਰਸ ਵਿੱਚ ਤਬਦੀਲ ਹੁੰਦਾ ਜਾਪਦਾ। ਲੋਕ ਜਿੱਥੇ ਕੇਸਰ ਕ੍ਰਾਂਤੀ ਨਾਲ ਹਮਦਰਦੀ ਜਤਾਉਂਦੇ, ਉੱਥੇ ਮਹਾਰਾਜਾ ਚਕਰਧਰ ਦੀ ਤਾਰੀਫ਼ ਵੀ ਕਰਦੇ ਕਿ ਉਸ ਨੇ ਕੇਸਰ ਕ੍ਰਾਂਤੀ ਨੂੰ ਜੇਲ੍ਹ ਤੋਂ ਆਖ਼ਰ ਮੁਕਤ ਕਰ ਹੀ ਦਿੱਤਾ ਹੈ। ਚਕਰ-ਅਚਾਰੀਆ ਸ਼ਿਖੰਡੀ ਨੇ ਇੱਕ ਹੋਰ ਚਾਲ ਚੱਲੀ ਅਤੇ ਮਹਾਰਾਜੇ ਨਾਲ ਗੁਪਤ ਗੱਲਬਾਤ ਕੀਤੀ। ਕੇਸਰ ਕ੍ਰਾਂਤੀ ਦੇ ਪਰਿਵਾਰ ਦੇ ਇੱਕ ਅਹਿਮ ਮੈਂਬਰ ਨੂੰ ਬੁਲਾ ਕੇ ਕਿਹਾ ਗਿਆ ਕਿ ਮਹਾਰਾਜਾ ਕੇਸਰ ਕ੍ਰਾਂਤੀ ਨੂੰ ਸਾਹਿਤ ਸ਼੍ਰੀ ਦਾ ਪੁਰਸਕਾਰ ਦੇਣ ਲਈ ਤਿਆਰ ਹੈ ਜੇ ਉਹ ਕ੍ਰਾਂਤੀ ਧੁਨ ਦੀ ਥਾਂ ਚਕਰਧੁਨ ਸੁਣਾਉਣਾ ਸ਼ੁਰੂ ਕਰ ਦੇਵੇ। ਪਰਿਵਾਰ ਦੇ ਅਹਿਮ ਵਿਅਕਤੀ ਨੇ ਭਰੋਸਾ ਦਿੱਤਾ ਕਿ ਉਹ ਇਸ ਲਈ ਕੇਸਰ ਕ੍ਰਾਂਤੀ ਨੂੰ ਮਨਾ ਲਵੇਗਾ। ਕੇਸਰ ਕ੍ਰਾਂਤੀ ਨੂੰ ਜਦੋਂ ਮਹਾਰਾਜੇ ਚਕਰਧਰ ਦੀ ਭੇਟ ਬਾਰੇ ਦੱਸਿਆ ਗਿਆ ਤਾਂ ਉਹ ਨੀਮ ਪਾਗਲ ਹੋ ਗਿਆ ਅਤੇ ਉੱਚੀ-ਉੱਚੀ ਮਹਾਰਾਜੇ, ਸਬੰਧਿਤ ਮੰਤਰੀ ਤੇ ਘਰ ਦੇ ਜੀਆਂ ਨੂੰ ਗਾਲ੍ਹਾਂ ਕੱਢਣ ਲੱਗਾ। ਘਰ ਦੇ ਉਸ ਅਹਿਮ ਵਿਅਕਤੀ ਨੇ ਚਕਰ-ਅਚਾਰੀਆ ਸ਼ਿਖੰਡੀ ਨਾਲ ਗੰਢ-ਤੁੱਪ ਕੀਤੀ ਤੇ ਸ਼ਾਹੀ ਹਕੀਮ ਤੋਂ ਇੱਕ ਪੁੜੀ ਲੈ ਆਇਆ ਕਿ ਇਸ ਨਾਲ ਕੇਸਰ ਕ੍ਰਾਂਤੀ ਨੌਂ-ਬਰ-ਨੌਂ ਹੋ ਜਾਵੇਗਾ। ਜਿਉਂ ਹੀ ਕੇਸਰ ਕ੍ਰਾਂਤੀ ਨੂੰ ਉਹ ਪੁੜੀ ਦਿੱਤੀ ਗਈ ਤਾਂ ਉਸ ਦੀ ਆਵਾਜ਼ ਬੰਦ ਹੋ ਗਈ ਤੇ ਦਿਮਾਗ਼ ਸੁੰਨ ਹੋ ਗਿਆ ਸੀ। ਹੁਣ ਕੇਸਰ ਕ੍ਰਾਂਤੀ ਨਾ ਕੋਈ ਕ੍ਰਾਂਤੀ ਧੁਨ ਗਾ ਸਕਦਾ ਸੀ ਤੇ ਨਾ ਹੀ ਕੁਝ ਸੁਣਾ ਸਕਦਾ ਸੀ। ਕੇਸਰ ਕ੍ਰਾਂਤੀ ਦੀਆਂ ਅੱਖਾਂ ਬੰਦ ਸਨ ਪਰ ਉਸ ਦੇ ਬੁੱਲ੍ਹ ਗੁੱਸੇ ਵਿੱਚ ਥਰਥਰਾਉਂਦੇ ਰਹਿੰਦੇ ਤੇ ਉਸ ਦੀਆਂ ਮੀਚੀਆਂ ਹੋਈਆਂ ਮੁੱਠੀਆਂ ਕਚੀਚੀਆਂ ਵੱਟਦੀਆਂ ਲੱਗਦੀਆਂ। ਪਰ ਉਸ ਦੇ ਘਰ ਦੇ ਜੀਅ ਉਸ ਨੂੰ ਤਿੰਨ ਸਾਲਾਂ ਲਈ ਜਿਉਂਦਾ ਰੱਖਣ ਦੇ ਉਪਰਾਲੇ ਕਰਦੇ ਰਹਿੰਦੇ ਕਿਉਂਕਿ ਹਰ ਮਹੀਨੇ ਉਨ੍ਹਾਂ ਨੂੰ ਸੌ ਮੋਹਰਾਂ ਜੋ ਮਿਲਦੀਆਂ ਰਹਿਣੀਆਂ ਸਨ।

ਚਕਰ-ਅਚਾਰੀਆ ਸ਼ਿਖੰਡੀ ਦੀ ਸਲਾਹ ’ਤੇ ਸਾਹਿਤ ਰਤਨ ਦਾ ਪੁਰਸਕਾਰ ਮਹਾਰਾਜਾ ਆਪ ਕੇਸਰ ਕ੍ਰਾਂਤੀ ਨੂੰ ਦੇਣ ਲਈ ਉਸ ਦੇ ਘਰ ਪੁੱਜਾ। ਪਰਜਾ ਵਿੱਚ ਇਸ ਕਦਮ ਦਾ ਪੁਰ-ਜ਼ੋਰ ਸੁਆਗਤ ਕੀਤਾ ਗਿਆ। ਪਰਜਾ ਮਹਾਰਾਜਾ ਚਕਰਧਰ ਦਾ ਗੁਣਗਾਨ ਕਰਨ ਲੱਗੀ। ਨੀਮ ਬੇਹੋਸ਼ ਹੋਏ ਕੇਸਰ ਕ੍ਰਾਂਤੀ ਦੇ ਘਰ ਦੇ ਜੀਆਂ ਨੇ ਮਹਾਰਾਜੇ ਤੋਂ ਪੁਰਸਕਾਰ ਪ੍ਰਾਪਤ ਕਰ ਲਿਆ ਤੇ ਬਾਹਰ ਆ ਕੇ ਇਹ ਕਹਿ ਦਿੱਤਾ ਗਿਆ ਕਿ ਕੇਸਰ ਕ੍ਰਾਂਤੀ ਨੇ ਆਪ ਹੀ ਮਹਾਰਾਜੇ ਤੋਂ ਉਹ ਪੁਰਸਕਾਰ ਬੜੇ ਨਿਮਰਤਾ ਤੇ ਮਾਣ ਸਹਿਤ ਕਬੂਲ ਲਿਆ ਹੈ। ਕੇਸਰ ਕ੍ਰਾਂਤੀ ਦੇ ਪਰਿਵਾਰ ਦੇ ਅਹਿਮ ਮੈਂਬਰ ਨੇ ਘਰ ਤੋਂ ਬਾਹਰ ਆ ਕੇ ਪਰਜਾ ਦੀ ਉਮੜੀ ਭੀੜ ਨੂੰ ਸੰਬੋਧਨ ਕੀਤਾ: “ਸ੍ਰੀ ਕੇਸਰ ਕ੍ਰਾਂਤੀ ਮਹਾਰਾਜੇ ਦੇ ਇਸ ਉਪਕਾਰ ਲਈ ਰਿਣੀ ਹਨ ਤੇ ਉਹ ਛੇਤੀ ਹੀ ਦਰਬਾਰ ਵਿੱਚ ਆਪਣਾ ਅਹੁਦਾ ਹਾਸਲ ਕਰਨਗੇ ਤੇ ਪਰਜਾ ਨੂੰ ਮੁਖ਼ਾਤਬ ਵੀ ਹੋਣਗੇ।”

ਮਹਾਰਾਜੇ ਦੀ ਜੈ-ਜੈ ਕਾਰ ਨਾਲ ਚਾਰੇ ਦਿਸ਼ਾਵਾਂ ਗੂੰਜ ਉੱਠੀਆਂ ਸਨ ਪਰ ਮਹਾਰਾਜੇ ਨੂੰ ਲੱਗਦਾ ਕਿ ਉਸ ਦੇ ਮਹਿਲ ਵਿੱਚ ਉਹ ਕ੍ਰਾਂਤੀ ਧੁਨ ਅਜੇ ਵੀ ਗੂੰਜ ਰਹੀ ਹੈ।

ਸਮਰਾਟ ਚਕਰਧਰ ਤੇ ਚਕਰ-ਅਚਾਰੀਆ ਨੇ ਕੇਸਰ ਕ੍ਰਾਂਤੀ ਦੀਆਂ ਕਵਿਤਾਵਾਂ ਨੂੰ ਆਪ ਹੀ ਸੰਪਾਦਿਤ ਕਰ ਕੇ ਇੱਕ ਪੁਸਤਕ ਦਾ ਰੂਪ ਦਿੱਤਾ ਤੇ ਫਿਰ ਅੰਨੇ, ਬੋਲੇ ਤੇ ਗੂੰਗੇ ਹੋਏ ਕੇਸਰ ਕ੍ਰਾਂਤੀ ਨੂੰ ਸਾਹਿਤ ਸ਼੍ਰੀ ਰਤਨ ਦਾ ਅਹੁਦਾ ਦੇ ਦਿੱਤਾ ਗਿਆ। ਕੇਸਰ ਕ੍ਰਾਂਤੀ ਦੇ ਘਰ ਦੇ ਜੀਅ ਜਸ਼ਨ ਮਨਾ ਰਹੇ ਸਨ। ਮਿਲੀਆਂ ਗਿਆਰਾਂ ਸੌ ਮੋਹਰਾਂ ਨਾਲ ਉਨ੍ਹਾਂ ਆਪਣੀ ਝੌਂਪੜੀ ਵਾਲੀ ਥਾਂ ’ਤੇ ਇੱਕ ਮਹਿਲ ਖੜ੍ਹਾ ਕਰ ਲਿਆ ਸੀ। ਪਰਜਾ ਮਹਾਰਾਜਾ ਚੱਕਰਧਰ ਦੀ ਜੈ-ਜੈ ਕਾਰ ਕਰਨ ਲੱਗ ਪਈ। ਕੁਝ ਹੀ ਹਫ਼ਤਿਆਂ ਮਗਰੋਂ ਕੇਸਰ ਕ੍ਰਾਂਤੀ ਨੂੰ ਦੌਰਾ ਪਿਆ ਤੇ ਉਸ ਦੀ ਜ਼ੁਬਾਨ ਕੁਝ ਦੇਰ ਲਈ ਚੱਲਣ ਲੱਗੀ। ਉਸ ਨੂੰ ਪੁਰਸਕਾਰ ਬਾਰੇ ਪਤਾ ਲੱਗਾ। ਉਹ ਮਹਾਰਾਜੇ, ਉਸ ਦੇ ਨਿਜ਼ਾਮ, ਅਹੁਦੇਦਾਰਾਂ ਤੇ ਆਪਣੇ ਘਰ ਦੇ ਅਹਿਮ ਜੀਆਂ ਨੂੰ ਬੇਹਿਸਾਬਾ ਕੋਸਣ ਲੱਗ ਪਿਆ। ਉਹ ਘਰ ਦੇ ਜੀਆਂ ਨੂੰ ਸ਼ਿਖੰਡੀ ਦੀ ਸੰਤਾਨ ਗਰਦਾਨਦਾ। ਘਰ ਦੇ ਜੀਅ ਮਨ ਹੀ ਮਨ ਉਸ ਨੂੰ ‘ਕਮਲਾ-ਸਿਰ ਫਿਰਾ’ ਕਹਿੰਦੇ ਪਰ ਬਾਹਰੋਂ ਮੌਨ ਧਾਰੀ ਰੱਖਦੇ। ਘਰਦਿਆਂ ਨੇ ਸ਼ਾਹੀ ਹਕੀਮ ਦੀ ਦੂਜੀ ਪੁੜੀ ਦੀ ਮਦਦ ਨਾਲ ਉਸ ਦੀ ਜ਼ੁਬਾਨ ਹਮੇਸ਼ਾਂ-ਹਮੇਸ਼ਾਂ ਲਈ ਬੰਦ ਕਰ ਦਿੱਤੀ ਸੀ। ਪਰ ਉਸ ਦੁਆਰਾ ਰਚੀ ਕ੍ਰਾਂਤੀ-ਧੁਨ ਦੀ ਚਿੰਗਾਰੀ ਸੁਆਹ ਵਿੱਚ ਵੀ ਪਈ ਮਘਦੀ ਕੁਝ ਲੋਕ ਮਹਿਸੂਸ ਕਰ ਰਹੇ ਸਨ।

ਮਿੰਨੀ ਕਹਾਣੀ

ਜਸਬੀਰ ਢੰਡ

# ਛੁਟਕਾਰਾ

ਮਾਂ ਬਿਆਸੀਆਂ ਸਾਲਾਂ ਦੀ ਹੋ ਗਈ ਹੈ। ਕਈ ਵਾਰ ਮੌਤ ਦੇ ਮੂੰਹੋਂ ਹੋ ਕੇ ਬਚੀ ਹੈ। ਹੁਣ ਹਾਲਤ ਖਸਤਾ ਹੀ ਹੈ।

ਦਿੱਲੀ ਵਾਲੇ ਮਾਮੇ ਨੂੰ ਗੁਜ਼ਰਿਆਂ ਕਈ ਸਾਲ ਹੋ ਗਏ ਹਨ। ਮਾਮੀ ਵਿਦਿਆਵਤੀ ਮਾਮੇ ਦੀ ਪੈਨਸ਼ਨ ਨਾਲ ਗੁਜ਼ਾਰਾ ਕਰੀ ਜਾਂਦੀ ਹੈ। ਦੋ ਮੁੰਡੇ ਹਨ, ਪਰ ਦੋਹਾਂ ਦੀ ਆਪਸ ਵਿੱਚ ਅਣਬਣ ਰਹਿੰਦੀ ਹੈ। ਮਾਮਾ ਜਿਉਂਦੇ ਜੀਅ ਅੱਧਾ-ਅੱਧਾ ਮਕਾਨ ਦੋਹਾਂ ਮੁੰਡਿਆਂ ਦੇ ਨਾਂ ਲਗਵਾ ਗਿਆ ਸੀ। ਛੋਟਾ, ਕਸਟਮ ਅਫਸਰ ਤਾਂ ਉਦੋਂ ਹੀ ਆਪਣੇ ਹਿੱਸੇ ਦਾ ਮਕਾਨ ਕਿਰਾਏ ਉੱਤੇ ਦੇ ਕੇ ਅੱਡ ਪਟੇਲ ਨਗਰ ਰਹਿਣ ਲੱਗ ਪਿਆ ਸੀ।

ਪਿਛਲੇ ਸਾਲ ਮਾਮੀ ਗੁਸਲਖਾਨੇ ਵਿੱਚ ਤਿਲਕ ਕੇ ਡਿੱਗ ਪਈ ਸੀ ਤੇ ਚੂਲਾ ਟੁੱਟ ਜਾਣ ਕਾਰਨ ਮੰਜੇ ਜੋਗੀ ਰਹਿ ਗਈ ਸੀ। ਛੋਟੇ, ਕਸਟਮ ਅਫਸਰ ਨੇ ਤਾਂ ਇਹ ਆਖਕੇ ਮਾਮੀ ਨੂੰ ਨਾਲ ਰੱਖਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਉਸਦੇ ਬੱਚੇ ਛੋਟੇ ਹਨ, ਇਨਫੈਕਸ਼ਨ ਦਾ ਡਰ ਹੈ। ਵੱਡੇ ਨੇ ਮਾਮੀ ਨੂੰ ਮਿਲਦੀ ਪੈਨਸ਼ਨ ਵਿੱਚੋਂ ਹਜ਼ਾਰ ਰੁਪਏ ਮਹੀਨੇ ਉੱਤੇ ਮਾਈ ਰੱਖ ਦਿੱਤੀ ਸੀ। ਉਹੀ ਚੌਵੀ ਘੰਟੇ ਮਾਮੀ ਨੂੰ ਸਾਂਭਦੀ। ਆਪ ਉਹਨਾਂ ਨੂੰ ਕੰਮਾਂ-ਧੰਦਿਆਂ ਵਿੱਚੋਂ ਵਿਹਲ ਘੱਟ ਹੀ ਮਿਲਦੀ ਸੀ।

ਮੈਂ ਕੱਲ੍ਹ ਹਨੇਰੇ ਹੋਏ ਬਜ਼ਾਰੋਂ ਆਇਆਂ ਤਾਂ ਮੁੰਡੇ ਨੇ ਕਿਹਾ, ਡੈਡੀ, ਦਿੱਲੀ ਤੋਂ ਫੋਨ ਆਇਆ ਸੀ। ਤੁਹਾਡੀ ਮਾਮੀ ਵਿਦਿਆਵਤੀ ਸੁਰਗਵਾਸ ਹੋ ਗਈ।

ਮਾਤਾ ਨੂੰ ਤਾਂ ਨਹੀਂ ਦੱਸਿਆ? ਮੈਂ ਮੁੰਡੇ ਨੂੰ ਪੁੱਛਿਆ।

ਮੈਨੂੰ ਡਰ ਸੀ ਕਿ ਮਾਤਾ ਲਈ ਇਹ ਸਦਮਾ ਝੱਲਣਾ ਔਖਾ ਹੋਵੇਗਾ। ਤੀਵੀਆਂ ਭਾਵੇਂ ਬੁੱਢੀਆਂ ਹੋ ਜਾਣ, ਪਰ ਪੇਕਿਆਂ ਵੱਲੋਂ ਭਰਾ-ਭਰਜਾਈਆਂ ਦਾ ਮੋਹ, ਫ਼ਿਕਰ ਕਰਦੀਆਂ ਰਹਿੰਦੀਆਂ ਹਨ। ਐਵੇਂ ਸੁਣ ਕੇ ਵਿਰਲਾਪ ਕਰੇਗੀ।

ਮਾਤਾ ਨੂੰ ਤਾਂ ਦੱਸ ਦਿੱਤਾ। ਮੁੰਡੇ ਨੇ ਜਿਵੇਂ ਸਰਸਰੀ ਜਿਹੇ ਕਿਹਾ।

ਫੇਰ? ਮਾਤਾ ਰੋਈ ਕੁਰਲਾਈ ਨੀਂ?

ਨਾਂਹ! ਉਹ ਤਾਂ ਕਹਿੰਦੀ, ‘ਚਲੋ! ਛੁੱਟ ਗਈ ਦੋਜਖ ਤੋਂ’ੜ!

ਮੇਰੇ ਸਿਰ ਤੋਂ ਜਿਵੇਂ ਬੋਝ ਜਿਹਾ ਉੱਤਰ ਗਿਆ।

ਮਾਂ ਦੇ ਕਮਰੇ ਵਿੱਚ ਗਿਆ ਤਾਂ ਉਹ ਹਨੇਰੇ ਵਿੱਚ ਹੀ ਪਈ ਹੋਈ ਸੀ, ਬੇਅਵਾਜ਼। ਲਾਈਟ ਜਗਾਈ ਤਾਂ ਵੇਖਿਆ, ਉਹ ਮੂੰਹ ਸਿਰ ਵਲ੍ਹੇਟੀ ਪਈ ਹੌਲੀ-ਹੌਲੀ ਸੁਬਕ ਰਹੀ ਸੀ। ਸਰ੍ਹਾਣੇ ਦਾ ਇੱਕ ਪਾਸਾ ਗਿੱਲਾ ਸੀ।

# ਮੇਰੀ ਕਲਮ

## ਪੰਛੀ ਹੋ ਜਾਵਾਂ

ਸ਼ਿਵ ਕੁਮਾਰ ਬਟਾਲਵੀ





ਜੀ ਚਾਹੇ ਪੰਛੀ ਹੋ ਜਾਵਾਂ
ਉੱਡਦਾ ਜਾਵਾਂ, ਗਾਉਂਦਾ ਜਾਵਾਂ
ਅਣ-ਛੁਹ ਸਿਖਰਾਂ ਨੂੰ ਛੁਹ ਪਾਵਾਂ
ਇਸ ਦੁਨੀਆਂ ਦੀਆਂ ਰਾਹਵਾਂ ਭੁੱਲ ਕੇ
ਫੇਰ ਕਦੀ ਵਾਪਸ ਨਾ ਆਵਾਂ
ਜੀ ਚਾਹੇ ਪੰਛੀ ਹੋ ਜਾਵਾਂ ।
ਜਾ ਇਸ਼ਨਾਨ ਕਰਾਂ ਵਿੱਚ ਜ਼ਮ ਜ਼ਮ
ਲਾ ਡੀਕਾਂ ਪੀਆਂ ਡਾਨ ਦਾ ਪਾਣੀ
ਮਾਨ-ਸਰੋਵਰ ਦੇ ਬਹਿ ਕੰਢੇ
ਟੁੱਟਾ ਜਿਹਾ ਇਕ ਗੀਤ ਮੈਂ ਗਾਵਾਂ ।
ਜੀ ਚਾਹੇ ਪੰਛੀ ਹੋ ਜਾਵਾਂ ।
ਜਾ ਬੈਠਾਂ ਵਿੱਚ ਖਿੜੀਆਂ ਰੋਹੀਆਂ
ਫੱਕਾਂ ਪੌਣਾਂ ਇਤਰ ਸੰਜੋਈਆਂ
ਹਿੱਮ ਟੀਸੀਆਂ ਮੋਈਆਂ ਮੋਈਆਂ
ਯੁਗਾਂ ਯੁਗਾਂ ਤੋਂ ਕੱਕਰ ਹੋਈਆਂ
ਘੁੱਟ ਕਲੇਜੇ ਮੈਂ ਗਰਮਾਵਾਂ
ਜੀ ਚਾਹੇ ਪੰਛੀ ਹੋ ਜਾਵਾਂ ।
ਹੋਏ ਆਲ੍ਹਣਾ ਵਿੱਚ ਸ਼ਤੂਤਾਂ
ਜਾਂ ਵਿੱਚ ਜੰਡ ਕਰੀਰ ਸਰੂਟਾਂ
ਆਉਣ ਪੁਰੇ ਦੇ ਸੀਤ ਫਰਾਟੇ
ਲਚਕਾਰੇ ਇਉਂ ਲੈਣ ਡਾਲੀਆਂ
ਜਿਉਂ ਕੋਈ ਡੋਲੀ ਖੇਡੇ ਜੁੜੀਆਂ
ਵਾਲ ਖਿਲਾਰੀ ਲੈ ਲੈ ਝੂਟਾਂ ।
ਇੱਕ ਦਿਨ ਐਸਾ ਝੱਖੜ ਝੁੱਲੇ
ਉੱਡ ਪੁੱਡ ਜਾਵਣ ਸੱਭੇ ਤੀਲੇ,
ਬੇ-ਘਰ ਬੇ-ਦਰ ਹੋ ਜਾਵਾਂ ।
ਸਾਰੀ ਉਮਰ ਪੀਆਂ ਰਸ ਗ਼ਮ ਦਾ
ਏਸ ਨਸ਼ੇ ਵਿੱਚ ਜਿੰਦ ਹੰਢਾਵਾਂ
ਜੀ ਚਾਹੇ ਪੰਛੀ ਹੋ ਜਾਵਾਂ ।

## ਜੇ ਅੱਥਰੂ ਬਣ ਹੀ ਗਿਆ ਏਂ

ਡਾ. ਅਮਰਜੀਤ ਟਾਂਡਾ



ਜੇ ਅੱਥਰੂ ਬਣ ਹੀ ਗਿਆ ਏਂ
ਲਿਪਟਿਆ ਰਹਿ
ਓਹਦੀਆਂ ਪਲਕਾਂ 'ਤੇ
ਕਿਰੀਂ ਨਾ ਮਰਨ ਲਈ

ਤਾਰਾ ਬਣੀਂ
ਜਿਸ ਦਿਨ ਟੁੱਟਣਾਂ ਹੋਇਆ
ਹਿੱਕ 'ਤੇ ਡਿੱਗੀਂ ਜ਼ਾਲਮ ਦੀ

ਸੂਰਜ ਬਣਿਆ ਏਂ
ਤਾਂ ਝੌਂਪੜੀਆਂ 'ਚ ਜਾ ਕੇ ਵੀ
ਜਗਣ ਜੋਗਾ ਹੋਵੇਂ
ਰਿਸ਼ਮ ਹੋਈ
ਤਾਂ ਗੋਰੇ ਪੱਬਾਂ ਦੇ ਰਾਹਾਂ 'ਚ ਵਿਛੀਂ
ਜਾਂ ਬੇੜੀਆਂ 'ਚ ਜਕੜੇ ਪੈਰਾਂ ਦੀ ਛੁਹ ਬਣੀ

ਪਵਨ ਬਣਨ ਦੀ ਚਾਹਤ ਹੋਈ
ਤਾਂ ਓਹਦਾ ਬਲਦਾ ਪਿੰਡਾ
ਰੀਝਾਂ ਵਾਲਾ ਪਹਿਲਾਂ ਠਾਰੀਂ
ਤਪਦੀ ਧਰਤ ਨੂੰ ਜ਼ਰਾ ਠੰਢਾ ਕਰੀਂ
ਬਲਦੀਆ ਰੀਝਾਂ ਤੇ ਰਿਮਝਿਮ ਬਣ ਬਰਸੀਂ

ਦਰਿਆ ਬਣ ਮਚਲਿਆ
ਤਾਂ ਸੁੱਕੀਆਂ ਫਸਲਾਂ ਪਛਾਣੀਂ ਪਹਿਲਾਂ

ਸੁਪਨਾ ਬਣ ਜੇ ਉੱਤਰਨ ਦੀ ਰੀਝ ਹੋਈ
ਤਾਂ ਕਿਸੇ ਉਡੀਕ 'ਚ ਬੈਠੀ
ਨੰਨੇ ਬੱਚੇ ਦੀ ਅੱਖ 'ਚ ਜਗੀਂ

ਜੰਗ ਦੀ ਸੱਧਰ ਹੋਈ
ਤਾਂ ਕਿਸੇ ਜ਼ੁਲਮੀ ਹੱਥਾਂ ਨਾਲ ਦੋ ਹੱਥ ਕਰੀਂ

## ਮੈਂ ਪੰਜਾਬ ਹਾਂ

ਸ਼ਮੀ ਜਲੰਧਰੀ

ਥਾਂ-ਥਾਂ ਤੋਂ ਮੇਰਾ ਜਿਸਮ
ਮੇਰਾ ਅਕਸ ਹੈ ਟੁੱਟਿਆ
ਮੁੱਦਤਾਂ ਤੋਂ ਮੈਨੂੰ ਕਈ
ਅਬਦਾਲੀਆਂ ਲੁੱਟਿਆ
ਸਿੰਧ ਤੋਂ ਯਮਨਾ ਤੱਕ
ਮੇਰੀ ਜ਼ਮੀਨ ਮੇਰਾ ਹੱਕ
ਮੇਰੀ ਪਛਾਣ ਮੇਰਾ ਵਜੂਦ
ਖੋਹ ਲਿਆ ਮੈਥੋਂ ਸਭ
ਮੈਂ ਅਪਣੇ ਹੀ ਹੰਝੂਆਂ ਦਾ
ਇੱਕ ਡੂੰਘਾ ਸੈਲਾਬ ਹਾਂ
ਬੁੱਲ੍ਹੇ ਦੀ ਗੂੜ੍ਹੀ ਨੀਂਦ ਦਾ
ਇੱਕ ਟੁੱਟਿਆ ਖ਼ਾਬ ਹਾਂ
ਮੈਂ ਪੰਜਾਬ ਹਾਂ
ਮੈਂ ਪੰਜਾਬ ਹਾਂ

ਸੰਤਾਲੀ ਦੇ ਜ਼ਖ਼ਮਾਂ ਦੇ
ਬਣ ਗਏ ਕਈ ਨਾਸੂਰ
ਸਾਂਝਾਂ ਦੇ ਚੁੱਲ੍ਹੇ-ਚੌਂਕੇ
ਹੋ ਗਏ ਚਕਨਾ ਚੂਰ
ਰਾਂਝੇ ਹੀ ਹੀਰ ਲੁੱਟੀ
ਰਾਵੀ ਵਿਚਾਲੋਂ ਟੁੱਟੀ
ਅਜ਼ਲਾਂ ਤੋਂ ਚਲੀ ਰੀਤ
ਇੱਕ ਪਲ ਅੰਦਰ ਟੁੱਟੀ
ਮੈਂ ਗੁੰਗੇ ਹੋਏ ਸੁਰਾਂ ਦੀ
ਗੁੰਮ-ਸੁੰਮ ਰਬਾਬ ਹਾਂ
ਬੁੱਲ੍ਹੇ ਦੀ ਗੂੜ੍ਹੀ ਨੀਂਦ ਦਾ
ਇੱਕ ਟੁੱਟਿਆ ਖ਼ਾਬ ਹਾਂ
ਮੈਂ ਪੰਜਾਬ ਹਾਂ
ਮੈਂ ਪੰਜਾਬ ਹਾਂ
ਮੁੜ ਕੇ ਮੈਨੂੰ ਆਪਣਾ
ਉਹੀ ਰੰਗ ਨਾ ਮਿਲਿਆ
ਪਹਿਲਾਂ ਜਿਹਾ ਫਿਰ ਮੈਨੂੰ
ਉਹ ਢੰਗ ਨਾ ਮਿਲਿਆ
ਨਾ ਹੁਣ ਚੰਬਾ ਮੇਰੇ ਕੋਲ
ਨਾ ਸਪੀਤੀ ਨਾ ਲਾਹੌਲ
ਵੰਡੀ ਗਈ ਮੇਰੀ ਬੋਲੀ
ਵੰਡੇ ਗਏ ਮੇਰੇ ਬੋਲ
ਮੈਂ ਉੱਖੜੇ ਪੰਨਿਆਂ ਦੀ
ਇੱਕ ਉਲਝੀ ਕਿਤਾਬ ਹਾਂ
ਬੁੱਲ੍ਹੇ ਦੀ ਗੂੜ੍ਹੀ ਨੀਂਦ ਦਾ
ਇੱਕ ਟੁੱਟਿਆ ਖ਼ਾਬ ਹਾਂ
ਮੈਂ ਪੰਜਾਬ ਹਾਂ
ਮੈਂ ਪੰਜਾਬ ਹਾਂ

## ਜੋ ਤੇਰੇ ਹਿਜਰ ਵਿੱਚ ਹੋਈ ਸੀ

ਕਰਨਜੀਤ



ਜੋ ਤੇਰੇ ਹਿਜਰ ਵਿੱਚ ਹੋਈ ਸੀ ਉਹ ਬਰਸਾਤ ਕੀ ਦੱਸਾਂ
ਮੈਂ ਇੱਕ-ਇੱਕ ਬੂੰਦ ਨੂੰ ਪਾਈ ਸੀ ਤੇਰੀ ਬਾਤ ਕੀ ਦੱਸਾਂ
ਮੈਂ ਸਾਰੀ ਰਾਤ ਹੱਥ ਦੇ ਕੇ ਬਚਾਇਆ ਬੁਝਣ ਤੋਂ ਦੀਵਾ
ਮੇਰੀ ਉੱਮੀਦ ਵਿੱਚ ਰੌਸ਼ਨ ਸੀ ਇੱਕ ਪਰਭਾਤ ਕੀ ਦੱਸਾਂ
ਨਾ ਰੱਖ ਹੁੰਦੇ ਨੇ ਦਿਲ ਵਿੱਚ ਨਾ ਹੀ ਮੂੰਹੋਂ ਬੋਲ ਹੁੰਦੇ ਨੇ
ਬੜੇ ਤਕਲੀਫ਼ਦੇਹ ਹੁੰਦੇ ਨੇ ਕੁਝ ਜਜ਼ਬਾਤ ਕੀ ਦੱਸਾਂ
ਨਦਾਰਦ ਜਦ ਮੇਰੇ ਸ਼ੀਸ਼ੇ 'ਚੋਂ ਮੇਰਾ ਅਕਸ ਹੀ ਹੋਇਆ
ਮੈਂ ਆਪਣੀ ਹੋਂਦ ਕੀ ਦੱਸਾਂ ਮੈਂ ਆਪਣੀ ਜ਼ਾਤ ਕੀ ਦੱਸਾਂ
ਘੜੀ ਭਰ ਲਈ ਤਾਂ ਇੰਝ ਲੱਗਿਆ ਜਿਵੇਂ ਤੂੰ ਸਾਹਮਣੇ ਹੋਵੇਂ
ਪਈ ਬੱਦਲਾਂ ਦੇ ਉਹਲੇ ਚੰਨ 'ਤੇ ਜਦ ਝਾਤ ਕੀ ਦੱਸਾਂ
ਕਦੇ ਸੋਚਾਂ, ਕਦੇ ਸੁਫ਼ਨੇ , ਕਦੇ ਸੱਧਰਾਂ, ਕਦੇ ਹੰਝੂ
ਤੇਰੀ ਬਸ ਇੱਕ ਨਜ਼ਰ 'ਤੇ ਬਣ ਗਏ ਹਾਲਾਤ ਕੀ ਦੱਸਾਂ
ਮੇਰੇ ਇਜ਼ਹਾਰ 'ਤੇ ਜੋ ਓਸਨੇ ਕਹਿਣਾ ਸੀ ਹਾਂ ਜਾਂ ਨਾ
ਮੇਰੀ ਉਸ ਲਫ਼ਜ਼ 'ਤੇ ਨਿਰਭਰ ਸੀ ਕਾਇਨਾਤ ਕੀ ਦੱਸਾਂ

## ਚੁੱਪ ਦਾ ਵਪਾਰ

ਗੁਰਪ੍ਰੀਤ ਕੌਰ

ਐ ਵਕਤ
ਸੁਣ
ਨਜ਼ਰ ਮਿਲਾ
ਅੱਖ ਫੇਰ ਕੇ ਨਾ ਜਾ
ਰੁੱਕ
ਤੱਕ
ਮੇਰੀ ਨਜ਼ਰ ਬੇਪਰਵਾਹ
ਸੋਚ
ਵਿਚਾਰ
ਨਕਸ਼ ਸਵਾਰ
ਕੁੱਝ ਤੇ ਬੋਲ
ਬੰਦ ਕਰ
ਚੁੱਪ ਦਾ ਵਪਾਰ!

## ਲਿਖਦੀ ਹਾਂ ਮੈਂ

ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

ਜ਼ੁਲਮ ਜਦੋਂ ਅਸਮਾਨ ਤੇ ਚੜ੍ਹਦੈ ਲਿਖਦੀ ਹਾਂ ਮੈਂ ।
ਸੱਚ ਜਦੋਂ ਖੁੰਦਰਾਂ ਵਿੱਚ ਵੜਦੈ ਲਿਖਦੀ ਹਾਂ ਮੈਂ ।

ਝੂਠ ਦੇ ਝੰਡੇ ਝੂਲਣ ਜਦ ਅਸਮਾਨਾਂ ਉਤੇ,
ਸੱਚ ਜਦੋਂ ਦੇਗਾਂ ਵਿੱਚ ਕੜ੍ਹਦੈ, ਲਿਖਦੀ ਹਾਂ ਮੈਂ ।

ਚੰਦੂ ਬੇਈਮਾਨ , ਪਰਿਥੀਏ ਜਦ ਨੇ ਰਲ਼ਦੇ,
ਗੁਰੂ ਅਰਜਨ ਜਦ ਤਵੀ ਤੇ ਰੜ੍ਹਦੇ, ਲਿਖਦੀ ਹਾਂ ਮੈਂ ।

ਮਾਸੂਮਾਂ ਦੀ ਰੱਤ ਵਿੱਚ ਜ਼ਾਲਮ ਜਦੋਂ ਨਹਾਵੇ,
ਧਰਮ ਦੇ ਨਾਂ ਤੇ ਕਲਮਾਂ ਪੜ੍ਹਦੈ, ਲਿਖਦੀ ਹਾਂ ਮੈਂ ।

ਦਿਲ ਵਿੱਚ ਕਾਲਖ ਹਵਸ ਅੱਖਾਂ ਵਿੱਚ ਲੈ ਕੇ ਬੰਦਾ ,
ਜਦੋਂ ਪਰਾਏ ਘਰ ਜਾ ਵੜਦੈ ਲਿਖਦੀ ਹਾਂ ਮੈਂ ।

ਚੋਰ ਤੇ ਬੇਈਮਾਨ ਠਗੰਤਰ ਲੀਡਰ ਜਦ ਵੀ,
ਸੱਚ ਦੇ ਮੂੰਹ ਤੇ ਜੰਦਰਾ ਜੜਦੈ ਲਿਖਦੀ ਹਾਂ ਮੈਂ ।

ਸ਼ਰੇਆਮ ਪ੍ਰਚਾਰਕ ਰੱਬ ਨੂੰ ਵੇਚਦੇ ਵੇਖਾਂ,
ਨੇਤਾ ਜਦ ਗੋਲਕ ਲਈ ਲੜਦੈ, ਲਿਖਦੀ ਹਾਂ ਮੈਂ ।

ਕਿੰਝ ' ਸੁਰਜੀਤ' ਬਚਾਵਾਂ ਮੈਂ ਪੰਜਾਬ ਪਿਆਰਾ,
ਦੋਸ਼ੀ ਅਪਣਾ ਦੋਸ਼ ਜਦੋਂ ਦੂਜੇ ਸਿਰ ਮੜ੍ਹਦੈ ਲਿਖਦੀ ਹਾਂ ਮੈ ।

## ਤਿਤਲੀ

ਅਜਾਇਬ ਚਿਤ੍ਰਕਾਰ



ਉਡਦੀ ਉਡਦੀ ਆਵੇ ਤਿਤਲੀ,
ਫੁੱਲਾਂ 'ਤੇ ਮੰਡਲਾਵੇ ਤਿਤਲੀ।
ਖੰਭ ਏਸ ਦੇ ਰੰਗ-ਬਰੰਗੇ,
ਸੋਹਣੇ ਸੋਹਣੇ, ਚੰਗੇ ਚੰਗੇ,
ਕਿੱਦਾਂ, ਕਿਸੇ ਲਲਾਰੀ ਰੰਗੇ ?
ਹਰ ਇੱਕ ਦਿਲ ਨੂੰ ਭਾਵੇ ਤਿਤਲੀ।
ਸੁੰਘ ਕੇ ਫੁੱਲਾਂ ਦੀ ਖ਼ੁਸ਼ਬੋਈ,
ਉਡਦੀ ਫਿਰਦੀ ਝੱਲੀ ਹੋਈ,
ਕਿਸੇ ਪਿਆਰ ਚਿ ਖੋਈ ਖੋਈ,
ਪਿਆਰੇ ਗੀਤ ਅਲਾਵੇ ਤਿਤਲੀ।
ਇਹ ਮਿੱਠੀਆਂ ਖ਼ੁਸ਼ਬੋਆਂ ਮਾਣੇ,
ਗਾਂਦੀ ਫਿਰੇ ਬਹਾਰ ਦੇ ਗਾਣੇ,
ਫੁੱਲਾਂ ਨੂੰ ਚੁੰਮੇਂ ਅਣਜਾਣੇ,
ਮੂਲੋਂ ਨਾ ਸ਼ਰਮਾਵੇ ਤਿਤਲੀ।
ਮਸਤ ਅਤੇ ਮਤਵਾਲੀ ਤਿਤਲੀ,
ਚਿਤਰੇ ਖੰਭਾਂ ਵਾਲੀ ਤਿਤਲੀ,
ਪਿਆਰੀ ਭੋਲੀ ਭਾਲੀ ਤਿਤਲੀ,
ਅਪਣਾ ਮਨ ਪਰਚਾਵੇ ਤਿਤਲੀ।
ਦਿਲ ਚਾਹੇ ਮੈਂ ਤਿਤਲੀ ਹੋਵਾਂ,
ਪਿਆਰੇ ਪਿਆਰੇ ਫੁੱਲਾਂ ਛੋਹਾਂ,
ਗਾਵਾਂ, ਜਿੱਦਾਂ ਗਾਵੇ ਤਿਤਲੀ,
ਫੁੱਲਾਂ 'ਤੇ ਮੰਡਲਾਵੇ ਤਿਤਲੀ ।

## ਕੰਧੇ ਨੀ ਸਰਹੰਦ ਦੀਏ !

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਕੰਧੇ ਨੀ ਸਰਹੰਦ ਦੀਏ, ਕੁੱਝ ਤਾਂ ਮੂੰਹੋਂ ਬੋਲ,
ਗੁੱਝੇ ਭੇਦ ਅਤੀਤ ਦੇ, ਜ਼ਰਾ ਫਿਰ ਤੋਂ ਖੋਲ੍ਹ।
ਤੇਰੇ ਅੰਦਰ ਕੀ ਸਮਾਇਆ, ਤੂੰ ਭਲੇ ਹੀ ਜਾਣੇ,
ਤੇਰੇ ਜ਼ਰੇ ਜ਼ਰੇ ਨਹੀਂ, ਇਤਿਹਾਸ ਤੋਂ ਅਣਜਾਣੇ।
ਤੇਰੀਆਂ ਇੱਟਾਂ ਦਾ ਰੰਗ ਲਾਲ, ਐਵੇਂ ਨਹੀਂ ਹੋਇਆ,
ਇਸ ਵਿੱਚ ਮਾਸੂਮ ਲਾਲਾਂ ਦਾ, ਹੈ ਖ਼ੂਨ ਸਮੋਇਆ।
ਜਿਨ੍ਹਾਂ ਨੇ ਹੱਕ 'ਤੇ ਸੱਚ ਲਈ, ਜੈਕਾਰੇ ਛੱਡ ਕੇ,
ਬਲੀਦਾਨ ਸੀ ਆਪਣੇ ਦਿੱਤੇ, ਸਭ ਲਾਲਚ ਤੱਜ ਕੇ।
ਮਹਾਨ ਨਿੱਕੀਆਂ ਜਿੰਦਾਂ ਨੇ, ਹਿਲਾ ਦਿੱਤੇ ਮੀਨਾਰੇ,
ਮਲੀਆਮੇਟ ਕਰ ਦਿੱਤੇ, ਰਹਿੰਦੀ ਦੁਨੀਆ ਤੱਕ ਸਾਰੇ।
ਗਵਾਹ ਨੇ ਤੇਰੇ ਹੱਕ ਵਿੱਚ, ਕਈ ਅਨੋਖੇ ਦਾਨੀ,
ਜਿਨ੍ਹਾਂ ਨੇ ਸਭ ਕੁੱਝ ਵਾਰ ਕੇ, ਦਿੱਤੀ ਕੁਰਬਾਨੀ।
ਕਈ ਮਰਜੀਵੜੇ ਨਿੱਤਰੇ, ਇਤਿਹਾਸ ਦੇ ਮੋਤੀ,
ਜਗਾਈ ਰੱਖੀ ਜਿਨ੍ਹਾਂ ਨੇ, ਵਫ਼ਾ ਦੀ ਜੋਤੀ।
ਤੈਨੂੰ ਨਤਮਸਤਕ ਹੋਣ ਲਈ, ਕਈ ਆਏ ਬਹਾਦਰ,
ਬੰਦ ਬੰਦ ਕਟਵਾ ਗਏ, ਸੁੱਚੀ ਅਣਖ ਦੀ ਖ਼ਾਤਰ।
ਸ਼ਾਲਾ ਤੇਰੀ ਸ਼ਾਨ ਸਦਾ, ਰਹੇ ਜੱਗ 'ਤੇ ਉੱਚੀ,
ਸੁਣਦੀ ਰਹੇ ਸਿੱਖ ਕੌਮ, ਤੇਰੀ ਦਾਸਤਾਂ ਅਦੁੱਤੀ।
ਕੰਧੇ ਨੀ ਸਰਹੰਦ ਦੀਏ, ਕੁੱਝ ਤਾਂ ਮੂੰਹੋਂ ਬੋਲ,
ਗੁੱਝੇ ਭੇਦ ਅਤੀਤ ਦੇ, ਜ਼ਰਾ ਫਿਰ ਤੋਂ ਖੋਲ੍ਹ।

# ਪੁਰਾਤਨ ਤੇ ਆਧੁਨਿਕ ਉਲੰਪਿਕ ਖੇਡਾਂ



ਪ੍ਰਿੰ. ਸਰਵਣ ਸਿੰਘ
+1-905-779-1661

ਪੁਰਾਤਨ ਉਲੰਪਿਕ ਖੇਡਾਂ 776 ਪੂਰਵ ਈਸਵੀ ਵਿੱਚ ਸ਼ੁਰੂ ਹੋਈਆਂ ਸਨ। ਪਹਿਲਾਂ ਸਟੇਡੀਅਮ ਦੀ ਇਕੋ ਦੌੜ ਲੱਗੀ ਸੀ ਤੇ ਖੇਡਾਂ ਇਕੋ ਦਿਨ ਵਿੱਚ ਸਮਾਪਤ ਹੋ ਗਈਆਂ ਸਨ। ਲਾਂਗਰੀ ਕੋਰੋਬਸ ਇਹ ਦੌੜ ਜਿੱਤਿਆ ਜਿਸ ਨੂੰ ਪ੍ਰਥਮ ਉਲੰਪਿਕ ਚੈਂਪੀਅਨ ਮੰਨਿਆ ਜਾਂਦਾ ਹੈ। ਫਿਰ ਇਹ ਖੇਡਾਂ ਪੰਜ ਦਿਨ ਹੋਣ ਲੱਗੀਆਂ ਤੇ ਈਵੈਂਟ ਵੀ ਪੰਜ ਹੋ ਗਏ ਜਿਨ੍ਹਾਂ ਵਿੱਚ ਕੁਸ਼ਤੀਆਂ ਤੇ ਰਥ ਦੌੜਾਂ ਸ਼ਾਮਲ ਸਨ। ਉਦੋਂ ਔਰਤਾਂ ਲਈ ਉਲੰਪਿਕ ਖੇਡਾਂ ਵੇਖਣੀਆਂ ਮਨ੍ਹਾਂ ਸਨ। ਕੋਈ ਵੇਖ ਲੈਂਦੀ ਤਾਂ ਲਾਗਲੀ ਪਹਾੜੀ ਤੋਂ ਸੁੱਟ ਕੇ ਮਾਰਨ ਦੀ ਸਜ਼ਾ ਸੀ। ਉਨ੍ਹਾਂ ਲਈ ਵੱਖਰੀ ਜਗ੍ਹਾ ਸੌ ਫੁੱਟ ਦੀ ਦੌੜ ਹੁੰਦੀ ਸੀ। ਇਹ ਖੇਡਾਂ ਚਾਰ ਸਾਲ ਪਿੱਛੋਂ ਜੂਨ-ਜੁਲਾਈ ਦੀ ਪੂਰਨਮਾਸ਼ੀ ਨੂੰ ਹੁੰਦੀਆਂ ਜਿਨ੍ਹਾਂ ਨੂੰ ਉਲੰਪੀਅਦ ਕਿਹਾ ਜਾਂਦਾ।

ਯੂਨਾਨ ਦੇ ਐਲਿਸ ਰਾਜ ਵਿੱਚ ਉਲਿੰਪੀਆ ਨਾਂਅ ਦਾ ਨਗਰ ਸੀ। ਉਹਦੇ ਦੱਖਣ-ਪੱਛਮ ਵੱਲ ਐਲਥੀਅਸ ਨਦੀ ਵਹਿੰਦੀ ਸੀ ਜੋ ਉਲਿੰਪੀਆ ਦੀ ਵਾਦੀ ਨੂੰ ਖੇੜਾ ਬਖਸ਼ਦੀ। ਦੂਜੇ ਪਾਸੇ ਕਲਾਦੀਅਸ ਨਦੀ ਸੀ। ਯੂਨਾਨ ਨੇ ਸੰਸਾਰ ਨੂੰ ਫ਼ਲਸਫ਼ਾ, ਰੰਗ-ਮੰਚ, ਮਹਾਂ-ਕਾਵਿ, ਬੁਤਕਾਰੀ, ਇਮਾਰਤਸਾਜ਼ੀ ਤੇ ਨਾਟਕ-ਚੇਟਕ ਵਾਲੀ ਅਮੀਰ ਸੱਭਿਅਤਾ ਹੀ ਨਹੀਂ ਦਿੱਤੀ ਸਗੋਂ 'ਬਲਵਾਨ ਜੁੱਸੇ ਵਿੱਚ ਬਲਵਾਨ ਬੁੱਧੀ' ਦਾ ਵਾਧਾ ਕਰਨ ਵਾਲੀਆਂ ਉਲੰਪਿਕ ਖੇਡਾਂ ਵੀ ਦਿੱਤੀਆਂ। ਉਲੰਪਿਕ ਖੇਡਾਂ ਬਾਰੇ ਕਈ ਕਥਾਵਾਂ ਹਨ। ਇੱਕ ਦੰਦ-ਕਥਾ ਅਨੁਸਾਰ ਐਲਿਸ ਰਾਜ ਦੇ ਰਾਜੇ ਓਨੋਮਸ ਨੇ ਸ਼ਰਤ ਰੱਖੀ ਸੀ ਕਿ ਉਹ ਆਪਣੀ ਧੀ ਹਿਪੋਡੇਮੀਆ ਉਸੇ ਰਾਜਕੁਮਾਰ ਨਾਲ ਵਿਆਹੇਗਾ ਜਿਹੜਾ ਰਾਜੇ ਦੇ ਰੱਥ ਨੂੰ ਡਾਹੀ ਨਾ ਦੇਵੇ। ਡਾਹੀ ਲੈਣ ਦੀ ਸੂਰਤ ਵਿੱਚ ਭਾਲੇ ਨਾਲ ਮਾਰੇ ਜਾਣ ਦੀ ਸਜ਼ਾ ਸੀ। ਰਾਜਕੁਮਾਰੀ ਨੂੰ ਵਿਆਹੁਣ ਲਈ ਰਾਜਕੁਮਾਰ ਨਿੱਤਰਦੇ ਰਹੇ। ਉਹ ਰਾਜਕੁਮਾਰੀ ਨੂੰ ਆਪਣੇ ਰੱਥ ਵਿੱਚ ਬਿਠਾ ਕੇ ਦੌੜਦੇ ਤੇ ਸ਼ਾਹੀ ਰੱਥ ਪਿੱਛਾ ਕਰਦਾ। ਇੰਝ ਕਰਦਿਆਂ ਓਨੋਮਸ ਨੇ ਤੇਰਾਂ ਉਮੀਦਵਾਰ ਜੁਆਈਆਂ ਨੂੰ ਮਾਰਿਆ।

ਫਿਰ ਜੀਅਸ ਦੇ ਪੁੱਤਰ ਪੈਲੋਪਸ ਦੀ ਵਾਰੀ ਆਈ। ਉਸ ਨੇ ਸ਼ਾਹੀ ਰੱਥ ਦੀ ਧੁਰੀ ਢਿੱਲੀ ਕਰਵਾ ਦਿੱਤੀ। ਜਦੋਂ ਪੈਲੋਪਸ ਰਾਜਕੁਮਾਰੀ ਨੂੰ ਲੈ ਕੇ ਦੌੜਿਆ ਤਾਂ ਓਨੋਮਸ ਨੇ ਪਿੱਛਾ ਕੀਤਾ। ਓਨੋਮਸ ਪੈਲੋਪਸ ਤੱਕ ਪੁੱਜਣ ਹੀ ਵਾਲਾ ਸੀ ਕਿ ਸ਼ਾਹੀ ਰੱਥ ਦਾ ਪਹੀਆ ਨਿਕਲ ਗਿਆ, ਰੱਥ ਉਲਟ ਗਿਆ ਤੇ ਓਨੋਮਸ ਦੀ ਮੌਤ ਹੋ ਗਈ। ਪੈਲੋਪਸ ਨੂੰ ਨਾ ਕੇਵਲ ਰਾਜਕੁਮਾਰੀ ਮਿਲੀ ਬਲਕਿ ਐਲਿਸ ਦਾ ਰਾਜ ਵੀ ਮਿਲ ਗਿਆ। ਰਾਜ ਭਾਗ ਮਿਲਣ ਦੀ ਖ਼ੁਸ਼ੀ ਵਿੱਚ ਉਸ ਨੇ ਉਲੰਪਿਕ ਖੇਡਾਂ ਕਰਾਉਣ ਦਾ ਜਸ਼ਨ ਮਨਾਇਆ।





ਪੁਰਾਤਨ ਉਲੰਪਿਕ ਖੇਡਾਂ 776 ਪੂਰਵ ਈਸਵੀ ਤੋਂ 392 ਈਸਵੀ ਤਕ ਹਰ ਚਾਰ ਸਾਲਾਂ ਬਾਅਦ ਹੁੰਦੀਆਂ ਰਹੀਆਂ। ਖੇਡਾਂ ਦੌਰਾਨ ਲੜਾਈਆਂ ਬੰਦ ਰਹਿੰਦੀਆਂ। ਫਿਰ ਰੋਮ ਦੇ ਸ਼ਹਿਨਸ਼ਾਹ ਥਿਓਡਾਸੀਅਸ ਪਹਿਲੇ ਨੇ 393 ਈਸਵੀ ਵਿੱਚ ਉਲਿੰਪੀਆ ਦੇ ਮੰਦਰਾਂ ਵਿੱਚ ਜਾਣ 'ਤੇ ਪਾਬੰਦੀ ਲਗਾ ਦਿੱਤੀ ਤੇ 426 ਈਸਵੀ ਵਿੱਚ ਥਿਓਡਾਸੀਅਸ ਦੂਜੇ ਨੇ ਮੰਦਰਾਂ ਨੂੰ ਅੱਗ ਲੁਆ ਦਿੱਤੀ। ਦੋ ਸਦੀਆਂ ਪਿੱਛੋਂ ਉਲਿੰਪੀਆ ਦੀ ਵਾਦੀ ਵਿੱਚ ਭੂਚਾਲ ਆਇਆ ਜਿਸ ਨਾਲ ਖੇਡਦੀ-ਮੱਲ੍ਹਦੀ ਨਗਰੀ ਥੇਹ ਬਣ ਗਈ। ਕਲ-ਕਲ ਵਹਿੰਦੀ ਕਲਾਦੀਅਸ ਨਦੀ ਐਲਥੀਅਸ ਨਦੀ ਵਿੱਚ ਜਾ ਮਿਲੀ ਤੇ ਉਲਿੰਪੀਆ ਨਗਰੀ ਉਹਦੀ ਕੁੱਖ ਵਿਚ ਸਮਾ ਗਈ।

ਲਗਭਗ ਪੰਦਰਾਂ ਸੌ ਸਾਲ ਕਿਸੇ ਨੇ ਉਲਿੰਪੀਆ ਦੀ ਸਾਰ ਨਾ ਲਈ। 1875 ਤੋਂ 1881 ਈਸਵੀ ਤੱਕ ਕੀਤੀ ਖੁਦਾਈ ਨੇ ਉਲਿੰਪੀਆ ਦੇ ਖੰਡਰ ਲੱਭ ਲਏ। 25 ਨਵੰਬਰ 1892 ਨੂੰ ਫਰਾਂਸ ਦੇ ਸ਼ਹਿਰ ਸੋਰਬੋਨ ਵਿਖੇ ਪੀਅਰੇ ਦਿ ਕੂਬਰਤਿਨ ਨੇ ਉਲੰਪਿਕ ਖੇਡਾਂ ਦੀ ਪੁਨਰ ਸੁਰਜੀਤੀ ਦੇ ਵਿਸ਼ੇ 'ਤੇ ਭਾਸ਼ਨ ਦਿੱਤਾ। ਜੂਨ 1894 ਵਿੱਚ ਪੈਰਿਸ ਵਿਖੇ ਖੇਡ ਪ੍ਰੇਮੀਆਂ ਦੀ ਕੌਮਾਂਤਰੀ ਮੀਟਿੰਗ ਸੱਦੀ ਗਈ ਜਿਸ ਵਿੱਚ 12 ਦੇਸ਼ਾਂ ਦੇ 79 ਡੈਲੀਗੇਟ ਤੇ 49 ਖੇਡ ਸਭਾਵਾਂ ਦੇ ਨੁਮਾਇੰਦੇ ਸ਼ਾਮਲ ਹੋਏ। ਉੱਥੇ ਅੰਤਰਰਾਸ਼ਟਰੀ ਉਲੰਪਿਕ ਕਮੇਟੀ ਬਣਾ ਕੇ ਪਹਿਲੀਆਂ ਆਧੁਨਿਕ ਉਲੰਪਿਕ ਖੇਡਾਂ 1900 ਈਸਵੀ ਵਿੱਚ ਪੈਰਿਸ ਵਿਖੇ ਕਰਾਉਣ ਦਾ ਪ੍ਰੋਗਰਾਮ ਬਣਿਆ।

ਜਦੋਂ ਕੂਬਰਤਿਨ ਪੁਰਾਤਨ ਉਲੰਪਿਕ ਖੇਡਾਂ ਦੇ ਦੇਸ਼ ਯੂਨਾਨ ਦੇ ਦੌਰੇ 'ਤੇ ਗਿਆ ਤਾਂ ਏਥਨਜ਼ ਵਾਸੀਆਂ ਨੇ ਕਿਹਾ ਕਿ ਉਲੰਪਿਕ ਖੇਡਾਂ ਏਥਨਜ਼ ਤੋਂ ਹੀ ਪੁਨਰ ਸੁਰਜੀਤ ਹੋਣੀਆਂ ਚਾਹੀਦੀਆਂ ਹਨ। ਤਦ ਫੈਸਲਾ ਹੋਇਆ ਕਿ ਪਹਿਲੀਆਂ ਆਧੁਨਿਕ ਉਲੰਪਿਕ ਖੇਡਾਂ 1896 ਵਿੱਚ ਏਥਨਜ਼ ਵਿਖੇ ਹੋਣਗੀਆਂ।

# ਵਪਾਰ ਬਣਦੀਆਂ ਜਾ ਰਹੀਆਂ ਹਨ ਖੇਡਾਂ

## ਰਾਸ਼ਟਰਵਾਦ ਦੇ ਦੌਰ ਵਿੱਚ ਰਾਸ਼ਟਰੀ ਖੇਡਾਂ ਦੀ ਪਿਛੜੀ ਹਾਲਤ ਕਿਉਂ ?

## ਆਪਣੇ ਆਪ ਵਿੱਚ ਇੱਕ ਉਦਯੋਗ ਬਣ ਗਿਆ ਹੈ ਕ੍ਰਿਕਟ



ਕਯੂਰ ਪਾਠਕ, ਸੀ. ਸਤੀਸ਼




ਖੇਡਾਂ ਦਾ ਫਲਸਫਾ ਖੇਡਾਂ ਦਾ ਸਮਾਜ ਸ਼ਾਸਤਰ ਹੈ ਅਤੇ ਇਸ ਦਾ ਮਨੋਵਿਗਿਆਨ ਵੀ, ਪਰ ਹੁਣ ਖੇਡਾਂ ਦੀ ਅਰਥ-ਵਿਵਸਥਾ ਵੀ ਤਿਆਰ ਹੈ। ਇਹ ਅਰਥ ਸ਼ਾਸਤਰ ਵਿਸ਼ਵ ਪੂੰਜੀ ਦੀ ਗੋਦ ਵਿੱਚੋਂ ਪੈਦਾ ਹੋਇਆ ਹੈ। ਜਿਹੜਾ ਖੇਡ ਅਰਥ ਸ਼ਾਸਤਰ ਦੀ ਇਸ ਖੇਡ ਨੂੰ ਨਹੀਂ ਸਮਝ ਸਕਿਆ, ਉਹ ਖੇਡ ਤੋਂ ਬਾਹਰ ਹੋ ਗਿਆ। ਪਹਿਲਾਂ ਖੇਡ ਦੇ ਪਿੱਛੇ ਸਮਾਜ ਅਤੇ ਸਮੂਹਿਕਤਾ ਦੀ ਭਾਵਨਾ ਹੁੰਦੀ ਸੀ। ਹੁਣ ਪੂੰਜੀ ਅਤੇ ਇਸ ਦੇ ਉਜਾੜੇ ਦਾ ਪ੍ਰਭਾਵ ਹੈ। ਖੇਡ ਦੀ ਪ੍ਰਸਿੱਧੀ ਪੂੰਜੀ ਦੀ ਸ਼ਕਤੀ ਦੁਆਰਾ ਨਿਰਧਾਰਤ ਕੀਤੀ ਜਾ ਰਹੀ ਹੈ, ਇਸਦੀ ਹੋਂਦ ਲਈ ਇਹ ਉਸ ਪੂੰਜੀ ਦੀ ਸ਼ਕਤੀ ਉੱਤੇ ਨਿਰਭਰ ਕਰਦਾ ਹੈ। ਖੇਡਾਂ ਹੁਣ ਸਿਰਫ਼ ਇੱਕ ਖੇਡ ਨਹੀਂ ਰਹੀਆਂ - ਇਹ ਇੱਕ ਵਪਾਰ ਵੀ ਹੈ। ਖੇਡਾਂ ਹੁਣ ਸਿਰਫ਼ ਸਰੀਰ ਅਤੇ ਦਿਮਾਗ਼ ਨੂੰ ਵਿਕਸਤ ਕਰਨ ਦਾ ਮਾਧਿਅਮ ਨਹੀਂ ਹੈ, ਸਗੋਂ ਨਫ਼ੇ-ਨੁਕਸਾਨ ਨਾਲ ਚੱਲਣ ਵਾਲਾ ਬਾਜ਼ਾਰੀ ਤੂਫ਼ਾਨ ਵੀ ਹੈ।

ਜੇਕਰ ਸਾਨੂੰ ਪੁੱਛਿਆ ਜਾਵੇ ਕਿ ਭਾਰਤ ਦੀ ਰਾਸ਼ਟਰੀ ਖੇਡ ਕਿਹੜੀ ਹੈ ? ਥੋੜਾ ਸੋਚਣ ਤੋਂ ਬਾਅਦ ਅਸੀਂ ਕਹਾਂਗੇ - ਹਾਕੀ। ਅਤੇ ਇਸ ਤੋਂ ਬਾਅਦ ਜੇਕਰ ਇਸ ਖੇਡ ਨਾਲ ਜੁੜੇ ਪੰਜ ਰਾਸ਼ਟਰੀ ਪੱਧਰ ਦੇ ਖਿਡਾਰੀਆਂ ਦੇ ਨਾਂ ਪੁੱਛਣ ਲਈ ਕਿਹਾ ਜਾਵੇ ਤਾਂ ਚਾਰੇ ਪਾਸੇ ਸੰਨਾਟਾ ਛਾ ਜਾਵੇਗਾ। ਫਿਰ ਇਹ ਪੁੱਛਿਆ ਜਾਣਾ ਚਾਹੀਦਾ ਹੈ ਕਿ ਇਸ ਨੂੰ ਖੇਡਣ ਦੇ ਨਿਯਮ ਅਤੇ ਤਰੀਕੇ ਕੀ ਹਨ ? ਫਿਰ ਸਥਿਤੀ ਬਹੁਤ ਮੁਸ਼ਕਿਲ ਹੋ ਜਾਵੇਗੀ। ਅਸੀਂ ਹੌਲੀ-ਹੌਲੀ ਇੱਕ ਦੂਜੇ ਤੋਂ ਦੂਜੇ ਪਾਸੇ ਝਾਕਣਾ ਸ਼ੁਰੂ ਕਰਾਂਗੇ ਅਤੇ ਫਿਰ ਗੱਲਬਾਤ ਦਾ ਵਿਸ਼ਾ ਬਦਲਾਂਗੇ।

ਆਖਿਰ ਰਾਸ਼ਟਰਵਾਦ ਦੇ ਦੌਰ ਵਿੱਚ ਰਾਸ਼ਟਰੀ ਖੇਡਾਂ ਦੀ ਇਹ ਹਾਲਤ ਕਿਉਂ ਹੈ ? ਅਸਲ 'ਚ ਅਜਿਹਾ ਸਿਰਫ ਹਾਕੀ ਦਾ ਹੀ ਨਹੀਂ ਹੈ, ਸਗੋਂ ਉਨ੍ਹਾਂ ਸਾਰੀਆਂ ਖੇਡਾਂ ਦਾ ਹੈ, ਜੋ ਅਸੀਂ ਸਾਰੇ ਬਚਪਨ 'ਚ ਖੇਡਦੇ ਸੀ। ਜਿਸ ਨਾਲ ਸਾਡਾ ਤਨ ਅਤੇ ਮਨ ਮਜ਼ਬੂਤ ਤੇ ਤੰਦਰੁਸਤ ਹੋ ਗਿਆ। ਅੱਜ ਉਹ ਸਾਰੀਆਂ ਖੇਡਾਂ ਅਲੋਪ ਹੋ ਗਈਆਂ ਹਨ ਜਾਂ ਤਬਾਹ ਹੋ ਗਈਆਂ ਹਨ।

ਭਾਰਤ ਵਿੱਚ ਅਸੀਂ ਕ੍ਰਿਕਟ ਬਾਰੇ ਜੋ ਜਾਣਦੇ ਹਾਂ ਉਹ ਇਸ ਤੋਂ ਘੱਟ ਹੋਵੇਗਾ ਜੇਕਰ ਅਸੀਂ ਬਾਕੀ ਸਾਰੀਆਂ ਖੇਡਾਂ ਨੂੰ ਵੀ ਜੋੜ ਦੇਈਏ। ਕ੍ਰਿਕਟ ਦਾ ਗਿਆਨ ਇੰਨਾ ਆਸਾਨ ਅਤੇ ਸਰਲ ਹੈ ਕਿ ਤੁਸੀਂ ਸੜਕ 'ਤੇ ਚੱਲਦੇ ਹੋਏ ਕਿਸੇ ਨੂੰ ਵੀ ਪੁੱਛ ਸਕਦੇ ਹੋ ਅਤੇ ਦੱਸ ਸਕਦੇ ਹੋ ਕਿ ਪਿਛਲੇ ਸਾਲ ਆਈ.ਪੀ.ਐਲ. ਵਿੱਚ ਕਿਸ ਖਿਡਾਰੀ ਦੀ ਗੇਂਦ 'ਤੇ ਕਿਸ ਨੇ ਛੱਕਾ ਲਗਾਇਆ ਸੀ। ਨੌਜਵਾਨ ਇਸ ਦੇ ਨਿਯਮਾਂ ਬਾਰੇ ਇੰਨਾ ਜਾਣਦੇ ਹਨ ਕਿ ਸ਼ਾਇਦ ਅੰਪਾਇਰ ਵੀ ਇਸ ਤੋਂ ਘੱਟ ਜਾਣਦੇ ਹੋਣ। ਭਾਵ, ਭਾਰਤ ਦੀ ਇੱਕ ਵੱਡੀ ਆਬਾਦੀ ਦਾ ਗਿਆਨ ਉਸ ਦੇ ਆਪਣੇ ਸਾਰੇ ਗਿਆਨ ਨਾਲੋਂ ਵੱਧ ਹੈ। ਕ੍ਰਿਕਟ ਦਾ ਗਿਆਨ ਵੀ ਸਮਾਜਿਕ ਅਤੇ ਰਾਜਨੀਤਿਕ ਸਰਗਰਮੀ ਦਾ ਮਾਪਦੰਡ ਬਣ ਗਿਆ। ਇਸ ਤੋਂ ਬਿਨਾਂ ਤੁਹਾਡਾ ਸਾਰਾ ਗਿਆਨ ਕੂੜਾ ਹੈ, ਜਦੋਂ ਕਿ ਦੁਨੀਆਂ ਦੇ ਵਿਕਸਤ ਦੇਸ਼ ਆਮ ਤੌਰ 'ਤੇ ਇਸ ਖੇਡ ਤੋਂ ਬਚਦੇ ਹਨ।

ਕੀ ਅਸੀਂ ਕਦੇ ਅਮਰੀਕਾ, ਰੂਸ, ਇਜ਼ਰਾਈਲ, ਜਾਪਾਨ, ਚੀਨ, ਫਰਾਂਸ, ਜਰਮਨੀ ਆਦਿ ਦੇਸ਼ਾਂ ਵਿੱਚ ਇਸਦਾ ਅਜਿਹਾ ਕ੍ਰੇਜ਼ ਦੇਖਿਆ ਹੈ ? ਇਹ ਕ੍ਰੇਜ਼ ਜਿਆਦਾਤਰ ਪਛੜੇ ਜਾਂ ਘੱਟ ਵਿਕਸਤ ਦੇਸ਼ਾਂ - ਜਿਵੇਂ ਭਾਰਤ, ਪਾਕਿਸਤਾਨ, ਬੰਗਲਾਦੇਸ਼, ਵੈਸਟ ਇੰਡੀਜ਼, ਜ਼ਿੰਬਾਬਵੇ, ਸ਼੍ਰੀਲੰਕਾ, ਅਫਗਾਨਿਸਤਾਨ ਆਦਿ ਵਿੱਚ ਦੇਖਿਆ ਜਾਂਦਾ ਹੈ। ਕੁਝ ਯੂਰਪੀਅਨ ਦੇਸ਼ ਕ੍ਰਿਕਟ ਜ਼ਰੂਰ ਖੇਡਦੇ ਹਨ ਪਰ ਅਜਿਹੇ ਪਾਗਲਪਨ ਨਾਲ ਨਹੀਂ।

ਇਸ ਦੀ ਸ਼ੁਰੂਆਤ ਇੰਗਲੈਂਡ ਤੋਂ ਹੋ ਸਕਦੀ ਹੈ ਪਰ ਇਹ ਖੇਡ ਇੰਗਲੈਂਡ ਵਿੱਚ ਓਨੀ ਮਸ਼ਹੂਰ ਨਹੀਂ ਹੈ ਜਿੰਨੀ ਇਨ੍ਹਾਂ ਦੇਸ਼ਾਂ ਵਿੱਚ ਹੈ। ਇਸ ਖੇਡ ਦੇ ਉਭਾਰ ਅਤੇ ਵਿਕਾਸ 'ਤੇ ਬਸਤੀਵਾਦੀ ਪ੍ਰਭਾਵ ਨੂੰ ਖਾਰਜ ਨਹੀਂ ਕੀਤਾ ਜਾ ਸਕਦਾ।

ਕਿਸੇ ਵੀ ਖੇਡ ਦੀ ਮਹੱਤਤਾ ਅਤੇ ਉਪਯੋਗਤਾ ਨੂੰ ਮਾਪਣ ਲਈ ਬਹੁਤ ਸਾਰੇ ਮਾਪਦੰਡ ਹੋ ਸਕਦੇ ਹਨ - ਪਰ ਉਹਨਾਂ ਵਿੱਚੋਂ ਕੁਝ ਵਧੇਰੇ ਮਹੱਤਵਪੂਰਨ ਹਨ - ਜਿਵੇਂ ਕਿ, ਇਸਦਾ ਸਰੀਰਕ ਅਤੇ ਮਾਨਸਿਕ ਸਿਹਤ 'ਤੇ ਕਿਹੋ ਜਿਹਾ ਪ੍ਰਭਾਵ ਪੈਂਦਾ ਹੈ - ਇਸ ਵਿੱਚ ਕਿੰਨਾ ਸਮਾਂ ਲੱਗ ਰਿਹਾ ਹੈ - ਇਹ ਕਿੰਨੀ ਘੱਟ ਕੀਮਤ 'ਤੇ ਖੇਡਿਆ ਜਾ ਸਕਦਾ ਹੈ, ਤਾਂ ਜੋ ਸਮਾਜ ਦਾ ਹਰ ਵਰਗ ਉਸ ਖੇਡ ਦਾ ਹਿੱਸਾ ਬਣ ਸਕੇ ਆਦਿ। ਜਦੋਂ ਇਨ੍ਹਾਂ ਗੱਲਾਂ ਦੇ ਸੰਦਰਭ ਵਿੱਚ ਕ੍ਰਿਕਟ ਦੀ ਮਹੱਤਤਾ ਦਾ ਮੁਲਾਂਕਣ ਕੀਤਾ ਜਾਂਦਾ ਹੈ, ਤਾਂ ਅਸੀਂ ਦੇਖਦੇ ਹਾਂ ਕਿ ਇਹ ਹੋਰ ਰਵਾਇਤੀ ਖੇਡਾਂ ਦੇ ਮੁਕਾਬਲੇ ਬਹੁਤ ਪਿੱਛੇ ਹੈ।

(ਬਾਕੀ ਸਫ਼ਾ 31 'ਤੇ)

# ਸੱਚੀਆਂ ਘਟਨਾਵਾਂ ’ਤੇ ਆਧਾਰਿਤ ਫ਼ਿਲਮਾਂ ਬਣਾਉਣ ਦਾ ਰੁਝਾਨ ਵਧਿਆ












ਪਿਛਲੇ ਕੁਝ ਸਾਲਾਂ ਤੋਂ ਬਾਲੀਵੁੱਡ ’ਚ ਸੱਚੀਆਂ ਘਟਨਾਵਾਂ ’ਤੇ ਆਧਾਰਿਤ ਫਿਲਮਾਂ ਬਣਾਉਣ ਦਾ ਰੁਝਾਨ ਵਧਿਆ ਹੈ। ਹੁਣ ਤੱਕ ਕਈ ਹੈਰਾਨ ਕਰਨ ਵਾਲੀਆਂ ਕਹਾਣੀਆਂ ਦਰਸ਼ਕਾਂ ਦੇ ਦਿਲਾਂ ਨੂੰ ਛੂਹ ਚੁੱਕੀਆਂ ਹਨ।

ਕਤਲ ਦੇ ਰਹੱਸ, ਤੇਜ਼ਾਬੀ ਹਮਲੇ ਤੋਂ ਲੈ ਕੇ ਗੰਭੀਰ ਬਿਮਾਰੀਆਂ ਤੱਕ, ਬਾਲੀਵੁੱਡ ਨੇ ਬਹੁਤ ਸਾਰੀਆਂ ਅਣਸੁਣੀਆਂ ਕਹਾਣੀਆਂ ਨੂੰ ਬਹੁਤ ਸੁੰਦਰਤਾ ਨਾਲ ਪੇਸ਼ ਕੀਤਾ ਹੈ। ਕਈ ਵਾਰ ਅਜਿਹੀਆਂ ਫਿਲਮਾਂ ਕਮਾਈ ਦੇ ਲਿਹਾਜ਼ ਨਾਲ ਪਛੜ ਜਾਂਦੀਆਂ ਹਨ, ਪਰ ਇਨ੍ਹਾਂ ਫਿਲਮਾਂ ਨੇ ਆਪਣੀ ਸਮੱਗਰੀ ਲਈ ਹਮੇਸ਼ਾ ਪ੍ਰਸ਼ੰਸਾ ਹਾਸਲ ਕੀਤੀ। ਆਓ ਜਾਣਦੇ ਹਾਂ ਅਜਿਹੀਆਂ ਹੀ ਕੁਝ ਫਿਲਮਾਂ ਬਾਰੇ...




**ਸ਼੍ਰੀਮਤੀ ਚੈਟਰਜੀ ਬਨਾਮ ਨਾਰਵੇ**

ਸ਼੍ਰੀਮਤੀ ਚੈਟਰਜੀ ਬਨਾਮ ਨਾਰਵੇ ਇੱਕ ਭਾਰਤੀ ਔਰਤ ਦੀ ਕਹਾਣੀ ਹੈ ਜੋ ਆਪਣੇ ਦੋ ਬੱਚਿਆਂ ਲਈ ਨਾਰਵੇ ਦੀ ਸਰਕਾਰ ਦਾ ਸਾਹਮਣਾ ਕਰਦੀ ਹੈ।

**ਆਰਟੀਕਲ** 15

ਸਾਲ 2019 ’ਚ ਰਿਲੀਜ਼ ਹੋਈ ਫਿਲਮ ਆਰਟੀਕਲ 15 ਦੀ ਕਹਾਣੀ ਕਥਿਤ ਤੌਰ ’ਤੇ ਬਦਾਊਨ ਬਲਾਤਕਾਰ ਅਤੇ ਕਤਲ ਕੇਸ ਤੋਂ ਪ੍ਰੇਰਿਤ ਹੈ। ਫਿਲਮ ਦਾ ਟ੍ਰੇਲਰ ਰਿਲੀਜ਼ ਹੁੰਦੇ ਹੀ ਹੰਗਾਮਾ ਸ਼ੁਰੂ ਹੋ ਗਿਆ ਸੀ। ਆਰਟੀਕਲ 15 ਵਿੱਚ, ਦੋ ਛੋਟੀਆਂ ਬੱਚੀਆਂ ਨਾਲ ਬੇਰਹਿਮੀ ਨਾਲ ਬਲਾਤਕਾਰ ਕੀਤੇ ਜਾਣ ਅਤੇ ਫਿਰ ਕਤਲ ਕਰ ਕੇ ਦਰੱਖਤ ਨਾਲ ਲਟਕਾਏ ਜਾਣ ਦੀ ਘਟਨਾ ਨੂੰ ਸਕਰੀਨ ਉੱਤੇ ਦਿਖਾਇਆ ਗਿਆ ਹੈ। ਇੱਥੋਂ ਤੱਕ ਕਿ ਇਸ ਘਟਨਾ ਤੋਂ ਬਾਅਦ ਲੜਕੀਆਂ ਦੇ ਗਰੀਬ ਪਰਿਵਾਰਾਂ ਨੂੰ ਵੀ ਤੰਗ ਪ੍ਰੇਸ਼ਾਨ ਕੀਤਾ ਗਿਆ, ਜਿਸ ਕਾਰਨ ਉਨ੍ਹਾਂ ਨੂੰ ਇਨਸਾਫ਼ ਦੀ ਉਮੀਦ ਹੀ ਖਤਮ ਹੋ ਗਈ। ਸਿਸਟਮ ਨਾਲ ਲੜਨ ਵਾਲੀ ਇਹ ਫਿਲਮ ਬਾਕਸ ਆਫਿਸ ’ਤੇ ਚੰਗਾ ਪ੍ਰਦਰਸ਼ਨ ਨਹੀਂ ਕਰ ਸਕੀ, ਪਰ ਅਨੁਭਵ ਸਿਨਹਾ ਨੂੰ ਇਕ ਵਿਵਾਦਪੂਰਨ ਵਿਸ਼ੇ ’ਤੇ ਫਿਲਮ ਬਣਾਉਣ ਲਈ ਪ੍ਰਸ਼ੰਸਾ ਮਿਲੀ।

**ਨੋ ਵਨ ਜੈਸਿਕਾ ਕਿਲਡ**

ਰਾਣੀ ਮੁਖਰਜੀ ਅਤੇ ਵਿਦਿਆ ਬਾਲਨ ਸਟਾਰਰ ਫਿਲਮ ਨੋ ਵਨ ਕਿਲਡ ਜੈਸਿਕਾ 2011 ਵਿੱਚ ਰਿਲੀਜ਼ ਹੋਈ ਸੀ। ਇਹ ਫਿਲਮ ਜੈਸਿਕਾ ਲਾਲ ਕਤਲ ਕੇਸ ’ਤੇ ਆਧਾਰਿਤ ਹੈ। ਫਿਲਮ ਵਿੱਚ ਦਿਖਾਇਆ ਗਿਆ ਹੈ ਕਿ ਕਿਵੇਂ ਇੱਕ ਰਾਜਨੇਤਾ ਦੇ ਪੁੱਤਰ ਨੇ ਸ਼ਰਾਬ ਨਾ ਹੋਣ ਕਾਰਨ ਇੱਕ ਨੌਜਵਾਨ ਲੜਕੀ ਦਾ ਕਤਲ ਕਰ ਦਿੱਤਾ ਅਤੇ ਬਾਅਦ ਵਿੱਚ ਸਿਆਸੀ ਤਾਕਤ ਕਾਰਨ ਕਈ ਸਾਲਾਂ ਤੱਕ ਆਪਣੇ ਆਪ ਨੂੰ ਸਲਾਖਾਂ ਪਿੱਛੇ ਜਾਣ ਤੋਂ ਬਚਾਇਆ। ਇਸ ਫਿਲਮ ਵਿੱਚ ਰਾਣੀ ਮੁਖਰਜੀ ਨੇ ਇੱਕ ਪੱਤਰਕਾਰ ਵਜੋਂ ਅਭਿਨੈ ਕੀਤਾ ਸੀ ਅਤੇ ਵਿਦਿਆ ਬਾਲਨ ਨੇ ਜੈਸਿਕਾ ਲਾਲ ਦੀ ਵੱਡੀ ਭੈਣ ਸਬਰੀਨਾ ਲਾਲ ਦੀ ਭੂਮਿਕਾ ਨਿਭਾਈ ਸੀ।

**ਛਪਾਕ**

ਦੀਪਿਕਾ ਪਾਦੁਕੋਣ ਸਟਾਰਰ ‘ਛਪਾਕ’ ਐਸਿਡ ਅਟੈਕ ਸਰਵਾਈਵਰ ਲਕਸ਼ਮੀ ਅਗਰਵਾਲ ਦੀ ਜ਼ਿੰਦਗੀ ’ਤੇ ਆਧਾਰਿਤ ਹੈ। ਲਕਸ਼ਮੀ ਅਗਰਵਾਲ ’ਤੇ 15 ਸਾਲ ਦੀ ਉਮਰ ’ਚ ਤੇਜ਼ਾਬ ਦਾ ਹਮਲਾ ਹੋਇਆ ਸੀ। ਉਸ ’ਤੇ ਗੁਆਂਢ ਵਿੱਚ ਰਹਿਣ ਵਾਲੇ ਇੱਕ ਵਿਅਕਤੀ ਨੇ ਹਮਲਾ ਕੀਤਾ, ਜੋ ਉਸ ਦੀ ਉਮਰ ਤੋਂ ਦੁੱਗਣਾ ਸੀ। ਲਕਸ਼ਮੀ ’ਤੇ ਇਹ ਹਮਲਾ ਸਿਰਫ ਇਸ ਲਈ ਹੋਇਆ ਕਿਉਂਕਿ ਉਸ ਨੇ ਉਸ ਆਦਮੀ ਦੇ ਪ੍ਰਸਤਾਵ ਨੂੰ ਠੁਕਰਾ ਦਿੱਤਾ ਸੀ। ਹਮਲੇ ਤੋਂ ਬਾਅਦ ਲਕਸ਼ਮੀ ਦੇ ਸੰਘਰਸ਼ ਦੀ ਦਿਲ ਦਹਿਲਾ ਦੇਣ ਵਾਲੀ ਕਹਾਣੀ ਅਤੇ ਕਿਵੇਂ ਉਹ ਹਰ ਰੋਜ਼ ਜਲੇ ਹੋਏ ਚਿਹਰੇ ਨਾਲ ਦੁਨੀਆਂ ਦਾ ਸਾਹਮਣਾ ਕਰਦੀ ਹੈ, ਨੂੰ ਦਿਖਾਇਆ ਗਿਆ ਹੈ।




**ਦਾ ਸਕਾਈ ਇਜ ਪਿੰਕ**

ਪ੍ਰਿਯੰਕਾ ਚੋਪੜਾ, ਫਰਹਾਨ ਅਖਤਰ ਅਤੇ ਜ਼ਾਇਰਾ ਵਸੀਮ ਅਭਿਨੀਤ ਦਿ ਸਕਾਈ ਇਜ਼ ਪਿੰਕ, ਪ੍ਰੇਰਕ ਸਪੀਕਰ ਆਇਸ਼ਾ ਚੌਧਰੀ ਦੇ ਜੀਵਨ ’ਤੇ ਆਧਾਰਿਤ ਹੈ। ਫਿਲਮ ’ਚ ਆਇਸ਼ਾ ਦਾ ਕਿਰਦਾਰ ਜ਼ਾਇਰਾ ਵਸੀਮ ਨੇ ਨਿਭਾਇਆ ਹੈ। ਉਸ ਦੇ ਮਾਤਾ-ਪਿਤਾ ਦੀਆਂ ਭੂਮਿਕਾਵਾਂ ਪ੍ਰਿਯੰਕਾ ਚੋਪੜਾ ਅਤੇ ਫਰਹਾਨ ਅਖਤਰ ਨੇ ਨਿਭਾਈਆਂ ਹਨ। ਆਇਸ਼ਾ ਚੌਧਰੀ ਨੂੰ 18 ਸਾਲ ਦੀ ਉਮਰ ਵਿੱਚ ਪਲਮੋਨਰੀ ਫਾਈਬਰੋਸਿਸ ਨਾਮਕ ਇੱਕ ਲਾਇਲਾਜ ਬਿਮਾਰੀ ਦਾ ਪਤਾ ਲੱਗਿਆ ਸੀ। ਉਸਨੇ ਜ਼ਿੰਦਗੀ ਅਤੇ ਮੌਤ ਨੂੰ ਇੰਨੇ ਨੇੜਿਓਂ ਦੇਖਿਆ ਸੀ ਕਿ ਉਸਨੇ ਲੋਕਾਂ ਨੂੰ ਪ੍ਰੇਰਿਤ ਕਰਨਾ ਸ਼ੁਰੂ ਕਰ ਦਿੱਤਾ। ਆਇਸ਼ਾ ਨੇ ਮਾਈ ਲਿਟਲ ਏਪੀਫਨੀਜ਼ ਨਾਂ ਦੀ ਆਪਣੀ ਕਿਤਾਬ ਵੀ ਲਾਂਚ ਕੀਤੀ, ਜੋ ਅੱਜ ਵੀ ਲੋਕਾਂ ਨੂੰ ਪ੍ਰੇਰਿਤ ਕਰਦੀ ਹੈ।

# ਨਾਮਵਰ ਗਾਇਕ
# ਦੀਦਾਰ ਸੰਧੂ



**ਸੁਖਵਿੰਦਰ ਸਿੰਘ**

ਅਰਸ਼ਾਂ ਦੀਆਂ ਕਾਲਪਨਿਕ ਉਡਾਰੀਆਂ ਲਾ ਕੇ ਉੱਥੋਂ ਦੇ ਦ੍ਰਿਸ਼ ਤੇ ਅਖਾਣ, ਮੁਹਾਵਰਿਆਂ ਨੂੰ ਗੀਤਾਂ ਵਿੱਚ ਫਿੱਟ ਕਰਨ ਵਾਲੇ ਗੀਤਕਾਰ ਤੇ ਗਾਇਕ ਦੀਦਾਰ ਸੰਧੂ ਦਾ ਜਨਮ 3 ਜੁਲਾਈ 1942 ਨੂੰ ਅਣਵੰਡੇ ਪੰਜਾਬ ਦੇ ਸਰਗੋਧਾ ਜ਼ਿਲ੍ਹੇ ਦੇ ਚੱਕ ਨੰਬਰ 133 ਵਿੱਚ ਹੋਇਆ। ਦੀਦਾਰ ਸੰਧੂ ਦੇ ਪਿਤਾ ਦਾ ਨਾਮ ਸਮੁੰਦ ਸਿੰਘ ਤੇ ਮਾਤਾ ਦਾ ਨਾਮ ਦਾਨ ਕੌਰ ਸੀ। ਦੋਹਾਂ ਦੇਸ਼ਾਂ ਦੀ ਵੰਡ ਵੇਲੇ ਇਹ ਪਰਿਵਾਰ ਚੜ੍ਹਦੇ ਪੰਜਾਬ ਵਿੱਚ ਪਿੰਡ ਬੋਤਲ ਵਾਲਾ ਤਹਿਸੀਲ ਜਗਰਾਓਂ ਜ਼ਿਲ੍ਹਾ ਲੁਧਿਆਣਾ ਵਿਖੇ ਆ ਗਿਆ ਪਰ ਕੁੱਝ ਸਮੇਂ ਬਾਅਦ ਪਿੰਡ ਭਰੋਵਾਲ ਖ਼ੁਰਦ ਵਿਖੇ ਜ਼ਮੀਨ ਅਲਾਟ ਹੋਣ ਕਰ ਕੇ ਪੱਕੇ ਤੌਰ ’ਤੇ ਇੱਥੇ ਰਹਿਣ ਲੱਗ ਪਿਆ। ਦੀਦਾਰ ਨੇ ਸੱਤਵੀਂ ਤੱਕ ਦੀ ਪੜ੍ਹਾਈ ਜਗਰਾਓਂ ਅਤੇ ਦਸਵੀਂ ਤੱਕ ਦੀ ਪੜ੍ਹਾਈ ਬਰਸਾਲ ਹਾਈ ਸਕੂਲ ਤੋਂ ਪਾਸ ਕੀਤੀ। ਦੀਦਾਰ ਸੰਧੂ ਦਾ ਵਿਆਹ 1966 ਵਿੱਚ ਪਿੰਡ ਗਾਲਿਬ ਦੀ ਅਮਰਜੀਤ ਕੌਰ ਨਾਲ ਹੋਇਆ। ਪੰਜ ਭਰਾਵਾਂ ਵਿਚੋਂ ਦੀਦਾਰ ਸੰਧੂ ਸਭ ਤੋਂ ਛੋਟਾ ਸੀ। ਇਸ ਦੇ ਘਰ ਦੋ ਬੱਚਿਆਂ ਨੇ ਜਨਮ ਲਿਆ ਬੇਟਾ ਜਗਮੋਹਣ ਸੰਧੂ ਜੋ ਵਧੀਆ ਗਾਇਕ ਹੈ ਤੇ ਦੀਦਾਰ ਸੰਧੂ ਦੀ ਗਾਇਕੀ ਨੂੰ ਅੱਗੇ ਤੋਰ ਰਿਹਾ ਹੈ। ਬੇਟੀ ਦੀਪਾ ਸੰਧੂ ਕੈਨੇਡਾ ਵਿਖੇ ਰਹਿ ਰਹੀ ਹੈ।

ਦੀਦਾਰ ਨੇ ਦਸਵੀਂ ਜਮਾਤ ਪਾਸ ਕਰਨ ਮਗਰੋਂ ਲੋਕ ਸੰਪਰਕ ਵਿਭਾਗ ਵਿੱਚ ਨੌਕਰੀ ਕਰ ਲਈ। ਉੱਥੇ ਹੀ ਮੁਹੰਮਦ ਸਦੀਕ ਨੌਕਰੀ ਕਰਦਾ ਸੀ। ਸੰਧੂ ਨੇ ਆਪਣੇ ਲਿਖੇ ਗੀਤ ਸਦੀਕ ਨੂੰ ਦਿਖਾਏ। ਉਹ ਦੇਖ ਕੇ ਦੰਗ ਰਹਿ ਗਿਆ। ਅੱਲੜ੍ਹ ਜਿਹੇ ਮੁੰਡੇ ਨੇ ਇੰਨੇ ਵਧੀਆ ਗੀਤ ਲਿਖੇ ਹਨ। ਉਹ ਗੀਤ ਹਨ ‘ਇਕ ਤੇਰਾ ਰੰਗ ਮੁਸ਼ਕੀ ਦੂਜਾ ਚਰਖਾ ਗਲੀ ਦੇ ਵਿੱਚ ਡਾਹਿਆ’ (ਸੋਲੋ), ਦੂਸਰਾ ਗੀਤ ‘ਜਿਹੀ ਤੇਰੀ ਗੁਤ ਦੇਖਲੀ ਜਿਹਾ ਦੇਖਿਆ ਜਰਗ ਦਾ ਮੇਲਾ’ (ਸੋਲੋ), ਤੀਸਰਾ ਗੀਤ ‘ਗੋਰੇ ਰੰਗ ’ਤੇ ਬਾਸਕਟ ਕਾਲੀ ਵੇਖ ਜੱਟਾ ਤੈਨੂੰ ਬੜੀ ਸਜਦੀ’ (ਦੋਗਾਣਾ ਗੀਤ ਸਦੀਕ ਤੇ ਸਵਰਨ ਲਤਾ ਦੀ ਆਵਾਜ਼ ਵਿੱਚ)। ਇਹ ਤਿੰਨੋਂ ਗੀਤ 1965-66 ਵਿੱਚ ਰਿਕਾਰਡ ਹੋਏ। ਗੀਤ ਇੰਨੇ ਚੱਲੇ ਕਿ ਇਨ੍ਹਾਂ ਨੇ ਦੀਦਾਰ ਸੰਧੂ ਦੀ ਗੀਤਕਾਰੀ ਵਿੱਚ ਵਧੀਆ ਪਛਾਣ ਬਣਾ ਦਿੱਤੀ। ਮੁਹੰਮਦ ਸਦੀਕ ਨੇ ਵੀ ਇਨ੍ਹਾਂ ਨੂੰ ਗਾ ਕੇ ਗਾਇਕੀ ਵਿੱਚ ਆਪਣਾ ਕੱਦ ਹੋਰ ਉੱਚਾ ਕਰ ਲਿਆ। ਦੀਦਾਰ ਸੰਧੂ ਨੇ ਜਦੋਂ ਗਾਇਕੀ ਦੇ ਖੇਤਰ ਵਿੱਚ ਪੈਰ ਪਾਇਆ ਤਾਂ ਸਭ ਤੋਂ ਪਹਿਲਾ ਗੀਤ ਨਰਿੰਦਰ ਬੀਬਾ ਨਾਲ ਰਿਕਾਰਡ ਕਰਵਾਇਆ ‘ਜੱਟ ਬੜਾ ਬੇਦਰਦੀ ਮੈਂ ਕਿੱਥੇ ਜਾਵਾਂ’।



ਦੀਦਾਰ ਸੰਧੂ ਦੇ ਮੁਕਤਸਰ, ਬਠਿੰਡਾ ਤੋਂ ਲੈ ਕੇ ਗੰਗਾਨਗਰ ਤੱਕ ਬਹੁਤ ਅਖਾੜੇ ਲੱਗਦੇ ਸਨ। ਰਸਤੇ ਵਿੱਚ ਕੋਟਕਪੂਰੇ ਦਾ ਰੇਲਵੇ ਫਾਟਕ ਪੈਂਦਾ ਸੀ। ਜੋ ਬਹੁਤਾ ਸਮਾਂ ਬੰਦ ਰਹਿੰਦਾ ਸੀ। ਘਰ ਤੋਂ ਉਧਰ ਅਖਾੜਾ ਲਾਉਣ ਜਾਣ ਵਾਸਤੇ ਫਾਟਕ ਬੰਦ ਰਹਿਣ ਦਾ ਸਮਾਂ ਲੈ ਕੇ ਚੱਲਣਾ ਪੈਂਦਾ ਸੀ। ਇਸ ਕਰ ਕੇ ਸੰਧੂ ਨੂੰ ਉੱਥੇ ਖੜ੍ਹ ਕੇ ਗੀਤ ਲਿਖਣਾ ਪਿਆ ‘ਹੁਣ ਬੰਦ ਪਿਆ ਦਰਵਾਜ਼ਾ ਜਿਉਂ ਫਾਟਕ ਕੋਟਕਪੂਰੇ ਦਾ’। ਸਾਲ 1979 ਨੂੰ ਮੁੱਲਾਂਪੁਰ (ਦਾਖਾ) ਮੰਡੀ ਦੀ ਦੁਸਹਿਰਾ ਕਮੇਟੀ ਵਿੱਚ ਦੀਦਾਰ ਸੰਧੂ ਕਮੇਟੀ ਮੈਂਬਰ ਸੀ। ਕਮੇਟੀ ਨੇ ਰਾਮਲੀਲ੍ਹਾ ਨਾ ਲਗਾਉਣ ਦਾ ਫ਼ੈਸਲਾ ਕਰ ਕੇ ਓਨੇ ਦਿਨ ਰਾਤ ਨੂੰ ਅਖਾੜੇ ਲਗਾਉਣ ਦੀ ਡਿਊਟੀ ਸੰਧੂ ਦੀ ਲਗਾ ਦਿੱਤੀ। ਉਸ ਸਮੇਂ ਦੀਦਾਰ ਸੰਧੂ ਨਾਲ ਪਰਮਿੰਦਰ ਸੰਧੂ ਸਹਿ ਗਾਇਕਾ ਸੀ। ਉਨ੍ਹਾਂ ਨੇ ਦਿਨ ਵੇਲੇ ਗੰਗਾਨਗਰ ਵੱਲ ਅਖਾੜਾ ਲਾ ਕੇ ਆਉਣਾ ਰਾਤ ਨੂੰ ਮੁੱਲਾਂਪੁਰ (ਦਾਖਾ) ਮੰਡੀ ਦੀ ਰਾਮਲੀਲ੍ਹਾ ਗਰਾਊਂਡ ਵਿੱਚ ਪਿੰਡਾਂ ਤੋਂ ਟਰੈਕਟਰ-ਟਰਾਲੀਆਂ ਲੈ ਕੇ ਆਏ ਬੇਹਿਸਾਬ ਲੋਕਾਂ ਦੇ ਇਕੱਠ ਦਾ ਮਨੋਰੰਜਨ ਕਰਨਾ। ਹਰਜਾਪ ਟਿਵਾਣਾ ਵੀ ਸੰਧੂ ਦਾ ਵਧੀਆ ਮਿੱਤਰ ਰਿਹਾ। ਉਸ ਨੇ ਦੱਸਿਆ ਦੀਦਾਰ ਕਿਹਾ ਕਰਦਾ ਸੀ ਕਿ ਗੀਤ ਦੀਆਂ ਲਾਈਨਾਂ ਛੋਟੀਆਂ ਹੋਣ ਪਰ ਅਰਥ ਜ਼ਿਆਦਾ ਨਿਕਲਦਾ ਹੋਣਾ ਚਾਹੀਦਾ ਹੈ। ਸੰਧੂ ਨੇ ਟਿਵਾਣੇ ਦੇ ਲਿਖੇ ਪੰਜ ਗੀਤ ਗਾਏ। ਸੰਧੂ ਦੇ ਲਿਖੇ ਗੀਤ ਮੁਹੰਮਦ ਸਦੀਕ, ਰਣਜੀਤ ਕੌਰ, ਰਮੇਸ਼ ਰੰਗੀਲਾ, ਕਰਨੈਲ ਗਿੱਲ, ਸਵਰਨ ਲਤਾ, ਪ੍ਰੀਤੀ ਬਾਲਾ, ਬੀਰ ਚੰਦ ਗੋਪੀ, ਨਰਿੰਦਰ ਬੀਬਾ, ਪ੍ਰੋਮੀਲਾ ਪੰਮੀ ਆਦਿ ਨੇ ਗਾਏ ਹਨ। ਉਨ੍ਹਾਂ ਬਹੁਤ ਸਾਰੀਆਂ ਗਾਇਕਾਵਾਂ ਨਾਲ ਗਾਇਆ, ਜਿਨ੍ਹਾਂ ਵਿੱਚ ਸਨੇਹ ਲਤਾ, ਸੁਰਿੰਦਰ ਕੌਰ, ਕੁਲਦੀਪ ਕੌਰ, ਪਰਮਿੰਦਰ ਸੰਧੂ, ਅਮਰ ਨੂਰੀ, ਬਲਜੀਤ ਬੱਲੀ, ਨਰਿੰਦਰ ਬੀਬਾ, ਸੁਖਵੰਤ ਕੌਰ ਅਤੇ ਸ਼ੁਸ਼ਮਾ ਆਦਿ ਸ਼ਾਮਲ ਹਨ। ਸੰਧੂ ਬਿੰਬਾਂ ਵਿੱਚ ਲਿਖਦਾ ਸੀ। ਲਿਖਣ ਵੇਲੇ ਇਸ ਤਰ੍ਹਾਂ ਨਾਲ ਦ੍ਰਿਸ਼ ਪੇਸ਼ ਕਰਦਾ ਸੀ ਕਿ ਸੁਣਨ ਵਾਲੇ ਨੂੰ ਇਸ ਤਰ੍ਹਾਂ ਲੱਗਦਾ ਜੋ ਹੋ ਰਿਹਾ ਹੈ ਸਾਹਮਣੇ ਹੀ ਹੋ ਰਿਹਾ ਹੈ, ਜਿਵੇਂ ‘ਮੇਰਾ ਉਡੇ ਡੋਰੀਆ ਮਹਿਲਾਂ ਵਾਲੇ ਘਰ ਵੇ’, ‘ਤੈਨੂੰ ਬੁੱਕਦਾ ਵੇਖਣਾ ਹੋ ਕੇ ਸ਼ਰਾਬੀ ਆ ਵੇ’, ‘ਚੰਨ ਹੋ ਬੱਦਲਾਂ ਦੇ ਓਹਲੇ ਕੰਨੀਆਂ ਨੂੰ ਇੰਝ ਰੁਸ਼ਨਾਵੇ ਕੋਈ ਗੋਟੇ ਵਾਲੀ ਚੁੰਨੀ ਅੰਬਰ ’ਤੇ ਸੁਟ ਸੁਕਾਵੇ’, ‘ਮੂੰਹ ਨ੍ਹੇਰੇ ਵਿੱਚ ਫਿਰਦੀ ਏਦਾਂ ਰੁਸ਼ਨਾਈ ਹੁੰਦੀ ਏ ਜਿਵੇਂ ਕਿਸੇ ਨੇ ਆਲੇ ਦੇ ਵਿੱਚ ਜੋਤ ਜਗਾਈ ਹੁੰਦੀ ਏ’।

(ਬਾਕੀ ਸਫ਼ਾ 31 ’ਤੇ)

## ਅਮਰੀਕੀ ਸ਼ਹਿਰ ਜਰਸੀ ਨੇ ਅਪ੍ਰੈਲ ਨੂੰ

ਇਹ ਧਰਮ ਲੋਕਾਂ ਨੂੰ ਸੱਚਾ ਜੀਵਨ, ਮਨੁੱਖਤਾ ਦੀ ਸੇਵਾ ਅਤੇ ਰੱਬ ਦੀ ਭਗਤੀ ਕਰਨ ਦੀ ਸਿੱਖਿਆ ਦਿੰਦਾ ਹੈ, ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਰੱਬ ਦੀਆਂ ਨਜ਼ਰਾਂ 'ਚ ਹਰ ਮਨੁੱਖ ਬਰਾਬਰ ਹੈ। ਮਤੇ 'ਚ ਕਿਹਾ ਗਿਆ ਹੈ ਕਿ ਸਿੱਖ ਸਮਾਜ 'ਚ ਪਾਏ ਅਪਣੇ ਯੋਗਦਾਨ ਲਈ ਜਾਣੇ ਜਾਂਦੇ ਹੈ, ਜਿਵੇਂ ਕਿ ਜ਼ਰੂਰਤਮੰਦਾਂ ਨੂੰ ਮੁਫਤ ਭੋਜਨ ਪ੍ਰਦਾਨ ਕਰਨਾ।ਇਸ ਮਤੇ ਰਾਹੀਂ ਸਿੱਖਾਂ ਦੇ 'ਸਰਬੱਤ ਦਾ ਭਲਾ ਮੰਗਣ' ਨੂੰ ਮਾਨਤਾ ਦਿੱਤੀ ਗਈ ਹੈ। ਇਸ ਮਤੇ ਰਾਹੀਂ ਸਿਖ ਧਰਮ ਦੇ ਨਿਯਮਾਂ ਅਤੇ ਸਿੱਧਾਂਤਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ।

ਮਤਾ ਪਾਸ ਹੋਣ ਤੋਂ ਬਾਅਦ ਕਮਿਊਨਿਟੀ ਕਾਰਕੁਨ ਅਰਜੁਮੰਦ ਜੁਵੇਰੀਆ ਨੇ ਸਿੱਖਾਂ ਦੇ ਨਿਸ਼ਕਾਮ ਸੇਵਾ, ਸਿੱਖਿਆ ਪ੍ਰਤੀ ਸਮਰਪਣ ਅਤੇ ਬਰਾਬਰੀ ਪ੍ਰਤੀ ਅਟੁੱਟ ਵਚਨਬੱਧਤਾ 'ਤੇ ਚਾਨਣਾ ਪਾਇਆ।ਉਹਨਾਂ ਕਿਹਾ ਕਿ ਇਹ ਮਤਾ ਨਾ ਸਿਰਫ ਇਤਿਹਾਸ ਭਰ ਵਿੱਚ ਸਿੱਖਾਂ ਦੇ ਯੋਗਦਾਨ ਨੂੰ ਮਾਨਤਾ ਦਿੰਦਾ ਹੈ, ਬਲਕਿ ਉਨ੍ਹਾਂ ਦੀ ਪ੍ਰਸ਼ੰਸਾ ਅਤੇ ਧੰਨਵਾਦ ਦਾ ਸੰਦੇਸ਼ ਵੀ ਭੇਜਦਾ ਹੈ, ਜਿਸ ਦਾ ਉਦੇਸ਼ ਦੂਜਿਆਂ ਨੂੰ ਵੰਨ-ਸੁਵੰਨਤਾ ਨੂੰ ਅਪਣਾਉਣ ਅਤੇ ਵਧੇਰੇ ਸਦਭਾਵਨਾਪੂਰਨ ਅਤੇ ਸਮਾਵੇਸ਼ੀ ਸਮਾਜ ਦੀ ਸਿਰਜਣਾ ਲਈ ਕੰਮ ਕਰਨ ਲਈ ਪ੍ਰੇਰਿਤ ਕਰਨਾ ਹੈ।

ਜੁਵੇਰੀਆ ਨੇ ਕਿਹਾ, "ਇਹ ਬਿਲ ਸਿਰਫ਼ ਕਾਨੂੰਨ ਦਾ ਟੁਕੜਾ ਨਹੀਂ ਹੈ। ਇਹ ਸਾਡੇ ਸ਼ਹਿਰ ਵੱਲੋਂ ਆਪਣੇ ਵੰਨ-ਸੁਵੰਨੇ ਭਾਈਚਾਰਿਆਂ ਨੂੰ ਅਪਨਾਉਣ ਅਤੇ ਜਸ਼ਨ ਮਨਾਉਣ ਪ੍ਰਤੀ ਵਚਨਬੱਧਤਾ ਵੀ ਹੈ। ਇਹ ਦਰਸਾਉਂਦਾ ਹੈ ਕਿ ਅਸੀਂ ਹਰ ਵਿਅਕਤੀ ਦੇ ਪਿਛੋਕੜ ਜਾਂ ਸ਼ਰਧਾ 'ਚ ਵਿਤਕਰਾ ਕੀਤੇ ਬਗ਼ੈਰ ਉਸ ਦੀ ਕਦਰ ਕਰਦੇ ਹਾਂ। ਸਿੱਖ ਹੈਰੀਟੇਜ ਮੰਥ ਨੂੰ ਅਧਿਕਾਰਤ ਤੌਰ 'ਤੇ ਮਾਨਤਾ ਦੇ ਕੇ, ਅਸੀਂ ਇੱਕ ਅਜਿਹੀ ਜਗ੍ਹਾ ਬਣਾ ਰਹੇ ਹਾਂ ਜਿੱਥੇ ਸਾਡੇ ਭਾਈਚਾਰੇ ਦਾ ਹਰ ਮੈਂਬਰ ਮਹੱਤਵਪੂਰਣ, ਸਤਿਕਾਰਤ ਅਤੇ ਅਪਣਾਪਨ ਮਹਿਸੂਸ ਕਰਦਾ ਹੈ।"

ਜਰਸੀ ਸਿਟੀ ਮਿਉਂਸਪਲ ਕੌਂਸਲ ਵੱਲੋਂ ਅਪ੍ਰੈਲ ਮਹੀਨੇ ਨੂੰ ਸਿੱਖ ਵਿਰਾਸਤੀ ਮਹੀਨਾ ਮਨਾਉਣ ਲਈ ਮਤਾ ਪਾਸ ਹੋਣ ਤੋਂ ਬਾਅਦ ਉਮੀਦ ਕੀਤੀ ਜਾ ਰਹੀ ਹੈ ਕਿ ਅਮਰੀਕਾ ਦੇ ਲੋਕਾਂ ਵਿੱਚ ਸਿਖ ਧਰਮ ਅਤੇ ਸਿੱਖਾਂ ਬਾਰੇ ਜਾਣਕਾਰੀ ਵਧੇਗੀ ਅਤੇ ਸਿੱਖਾਂ ਵਿਰੁੱਧ ਵਾਪਰ ਰਹੀਆਂ ਨਸਲੀ ਵਿਤਕਰੇ ਦੀਆਂ ਘਟਨਾਵਾਂ ਵਿੱਚ ਵੀ ਕਮੀ ਆਵੇਗੀ।

***

## ਏਲੀਅਨ ਬਾਰੇ ਨਾ ਸਬੂਤ ਮਿਲਿਆ

ਇੰਟਰਨੈੱਟ ਅਤੇ ਸੋਸ਼ਲ ਮੀਡੀਆ 'ਤੇ ਮੌਜੂਦ ਵੱਡੀ ਮਾਤਰਾ ਵਿੱਚ ਸਮੱਗਰੀ ਨੇ ਲੋਕਾਂ ਦੇ ਦਿਮਾਗ ਵਿੱਚ ਇਹ ਗੱਲ ਬਿਠਾ ਦਿੱਤੀ ਹੈ ਕਿ ਏਲੀਅਨ ਅਸਲੀ ਹਨ, ਪਰ ਉਨ੍ਹਾਂ ਨੂੰ ਉਨ੍ਹਾਂ ਬਾਰੇ ਜਾਣਨ ਦੀ ਲੋੜ ਨਹੀਂ ਹੈ।ਅਸਮਾਨ ਵਿੱਚ ਏਲੀਅਨ ਵਰਗੀ ਕੋਈ ਚੀਜ਼ ਹੋਣ ਦਾ ਕੋਈ ਸਬੂਤ ਨਹੀਂ ਮਿਲਿਆ ਹੈ।

ਕਿਸੇ ਦੇ ਬਾਹਰੋਂ ਆਉਣ ਦਾ ਕੋਈ ਸਬੂਤ ਨਹੀਂ ਮਿਲਿਆ

ਪੈਂਟਾਗਨ ਦੇ ਬੁਲਾਰੇ ਨੇ ਕਿਹਾ ਕਿ ਅਧਿਕਾਰੀਆਂ ਨੇ ਖੁੱਲ੍ਹੇ ਦਿਮਾਗ ਨਾਲ ਰਿਪੋਰਟ ਕੀਤੀ ਸੀ, ਪਰ ਉਨ੍ਹਾਂ ਨੂੰ ਬਾਹਰੀ ਦੁਨੀਆ ਤੋਂ ਆਉਣ ਦਾ ਕੋਈ ਸਬੂਤ ਨਹੀਂ ਮਿਲਿਆ। ਮੇਜਰ ਜਨਰਲ ਪੈਟ ਰਾਈਡਰ ਨੇ ਮੀਡੀਆ ਨੂੰ ਦੱਸਿਆ, 'ਵਰਗੀਕਰਨ ਦੇ ਸਾਰੇ ਪੱਧਰਾਂ 'ਤੇ ਸਾਰੇ ਜਾਂਚ ਦੇ ਯਤਨਾਂ ਨੇ ਇਹ ਸਿੱਟਾ ਕੱਢਿਆ ਹੈ ਕਿ ਦੇਖਿਆ ਗਿਆ ਜ਼ਿਆਦਾਤਰ ਵਸਤੂਆਂ ਆਮ ਵਸਤੂਆਂ ਅਤੇ ਵਰਤਾਰੇ ਸਨ ਕੋਈ ਵੀ ਅਜੀਬ ਨਹੀਂ ਸੀ। ਗਲਤ ਪਛਾਣ ਕਾਰਨ ਅਜਿਹੀਆਂ ਅਫਵਾਹਾਂ ਫੈਲੀਆਂ ਸਨ।'

**40% ਤੋਂ ਵੱਧ ਅਮਰੀਕੀ ਏਲੀਅਨ ਦੀ ਹੋਂਦ ਵਿੱਚ ਵਿਸ਼ਵਾਸ ਕਰਦੇ ਹਨ**

ਵਾਸਤਵ ਵਿੱਚ, 2021 ਵਿੱਚ ਕਰਵਾਏ ਗਏ ਇੱਕ ਗੈਲਪ ਪੋਲ ਦੇ ਅਨੁਸਾਰ, 40% ਤੋਂ ਵੱਧ ਅਮਰੀਕੀ ਸੋਚਦੇ ਹਨ ਕਿ ਏਲੀਅਨ ਪੁਲਾੜ ਯਾਨ ਨੇ ਧਰਤੀ ਦਾ ਦੌਰਾ ਕੀਤਾ ਹੈ। ਅਜਿਹਾ ਸੋਚਣ ਵਾਲੇ ਲੋਕਾਂ ਦੀ ਗਿਣਤੀ ਸਿਰਫ ਦੋ ਸਾਲਾਂ ਵਿੱਚ 33% ਵਧੀ ਹੈ। ਇਸ ਰਿਪੋਰਟ ਨੂੰ ਤਿਆਰ ਕਰਨ ਵਾਲੀ ਕਮੇਟੀ ਨੇ ਹਰ ਚੀਜ਼ ਦੀ ਜਾਂਚ ਕੀਤੀ ਅਤੇ 1945 ਤੋਂ ਪਹਿਲਾਂ ਦੀਆਂ ਸਾਰੀਆਂ ਸਰਕਾਰੀ ਸਰਕਾਰੀ ਜਾਂਚਾਂ ਦੀ ਸਮੀਖਿਆ ਕੀਤੀ, ਪਰ ਏਲੀਅਨ ਅਤੇ ਉਨ੍ਹਾਂ ਦੇ ਸਪੇਸਸ਼ਿਪਾਂ ਵਰਗਾ ਕੁਝ ਨਹੀਂ ਮਿਲਿਆ।

****

## ਇਮੀਗ੍ਰੇਸ਼ਨ ਸੰਮੇਲਨ ਦੌਰਾਨ ਗ੍ਰੀਨ ਕਾਰਡ ਅਰਜ਼ੀਆਂ

ਇਹ ਪ੍ਰਮਾਣ ਵਜੋਂ ਅਮਰੀਕਾ ਵਿੱਚ ਪ੍ਰਵਾਸੀਆਂ ਨੂੰ ਜਾਰੀ ਕੀਤਾ ਗਿਆ ਇੱਕ ਦਸਤਾਵੇਜ਼ ਹੈ ਕਿ ਧਾਰਕ ਕੋਲ ਸਥਾਈ ਨਿਵਾਸ ਦਾ ਵਿਸ਼ੇਸ਼ ਅਧਿਕਾਰ ਹੈ।

ਦੋਹਾਂ ਪਾਰਟੀਆਂ ਦੇ ਪ੍ਰਮੁੱਖ ਸੰਸਦ ਮੈਂਬਰਾਂ ਵੱਲੋਂ ਜ਼ੋਰਦਾਰ ਵਕਾਲਤ

ਪ੍ਰਵਾਸੀ ਭਾਰਤੀਆਂ ਦੇ ਮਾਮਲੇ ਵਿਚ ਗ੍ਰੀਨ ਕਾਰਡ ਦਾ ਉਡੀਕ ਸਮਾਂ 20 ਸਾਲ ਤੋਂ ਟੱਪ ਗਿਆ ਹੈ ਅਤੇ ਕਈ ਮਾਮਲਿਆਂ ਵਿਚ ਤਾਂ ਇਹ 70 ਸਾਲ ਤੋਂ ਉਪਰ ਦਰਜ ਕੀਤਾ ਗਿਆ ਹੈ। ਹਾਊਸ ਆਫ ਰਿਪ੍ਰਜ਼ੈਂਟੇਟਿਵਜ਼ ਵਿਚ ਭਾਰਤੀ ਮੂਲ ਦੇ ਮੈਂਬਰ ਰੋਅ ਖੰਨਾ ਵੱਲੋਂ ਇਕਸਾਰ ਇੰਮੀਗ੍ਰੇਸ਼ਨ ਨੀਤੀ ਦੀ ਵਕਾਲਤ ਕੀਤੀ ਗਈ। ਉਨ੍ਹਾਂ ਕਿਹਾ, "ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਸਿਲੀਕੌਨ ਵੈਲੀ ਤਿਆਰ ਕਰਨ ਵਿਚ ਪ੍ਰਵਾਸੀਆਂ ਦਾ ਵੱਡਾ ਯੋਗਦਾਨ ਰਿਹਾ ਹੈ। ਪ੍ਰਵਾਸੀਆਂ ਵੱਲੋਂ ਸਥਾਪਤ ਕੰਪਨੀਆਂ ਵੱਡੀ ਗਿਣਤੀ ਵਿਚ ਰੁਜ਼ਗਾਰ ਦੇ ਮੌਕੇ ਪੈਦਾ ਕਰ ਰਹੀਆਂ ਹਨ ਅਤੇ ਦੇਸ਼ ਦਾ ਅਰਥਚਾਰਾ ਮਜ਼ਬੂਤ ਹੋ ਰਿਹਾ ਹੈ।" ਰੋਅ ਖੰਨਾ ਦਾ ਕਹਿਣਾ ਸੀ ਕਿ ਇਮੀਗ੍ਰੇਸ਼ਨ ਨੀਤੀਆਂ ਕਾਰਗਰ ਨਾ ਹੋਣ ਕਾਰਨ ਕੰਪਨੀਆਂ ਨੂੰ ਵਿਦੇਸ਼ੀ ਕਿਰਤੀਆਂ ਦਾ ਸ਼ੋਸ਼ਣ ਕਰਨ ਦਾ ਮੌਕਾ ਮਿਲਦਾ ਹੈ। ਗ੍ਰੀਨ ਕਾਰਡ ਦੀ ਕਤਾਰ ਜਿੰਨੀ ਛੋਟੀ ਹੋਵੇਗੀ ਪ੍ਰਵਾਸੀ ਕਾਮਿਆਂ ਨੂੰ ਆਪਣੀ ਮਰਜ਼ੀ ਮੁਤਾਬਕ ਕੰਮ ਕਰਨ ਦੀ ਖੁੱਲ੍ਹ ਮਿਲੇਗੀ। ਇਸ ਤਰੀਕੇ ਨਾਲ ਨਾ ਸਿਰਫ ਉਜਰਤ ਦਰਾਂ ਵਧਣਗੀਆਂ ਸਗੋਂ ਸਰਕਾਰ ਨੂੰ ਮਿਲਣ ਵਾਲਾ ਟੈਕਸ ਵੀ ਵਧੇਗਾ।

ਕੌਮੀ ਰਾਜਧਾਨੀ ਵਿਚ ਇੰਮੀਗ੍ਰੇਸ਼ਨ ਦੇ ਮਸਲੇ 'ਤੇ ਹੋਇਆ ਸੰਮੇਲਨ

ਕਈ ਇੰਮੀਗ੍ਰੇਸ਼ਨ ਬਿੱਲ ਸੰਸਦ ਵਿਚ ਅੱਗੇ ਵਧ ਰਹੇ ਹਨ ਕਿ ਗ੍ਰੀਨ ਕਾਰਡ ਦੇ ਮਸਲੇ 'ਤੇ ਸਾਂਝੇ ਉਦਮ ਕਰਨੇ ਹੋਣਗੇ। ਦੂਜੇ ਪਾਸੇ ਐਰਿਕ ਸਵੈਲਵੈਲ ਨੇ ਕਿਹਾ ਕਿ ਕੈਲੇਫੋਰਨੀਆ ਦੀ ਆਬਾਦੀ ਵਿਚੋਂ 40 ਫ਼ੀਸਦੀ ਲੋਕ ਅਜਿਹੇ ਹਨ ਜਿਨ੍ਹਾਂ ਦਾ ਜਨਮ ਅਮਰੀਕਾ ਤੋਂ ਬਾਹਰ ਹੋਇਆ। ਜੇ ਅਸੀਂ ਚਾਹੁੰਦੇ ਹਾਂ ਕਿ ਕਈ ਸਮੱਸਿਆਵਾਂ ਦਾ ਇਕ ਤਰੀਕੇ ਨਾਲ ਹੱਲ ਹੋ ਜਾਵੇ ਤਾਂ ਇਮੀਗ੍ਰੇਸ਼ਨ ਪ੍ਰਣਾਲੀ ਵਿਚ ਸੁਧਾਰ ਕਰਨੇ ਹੋਣਗੇ। ਭਾਰਤੀ ਮੂਲ ਦੇ ਹੀ ਇਕ ਹੋਰ ਸੰਸਦ ਮੈਂਬਰ ਸ਼੍ਰੀ ਥਾਣੇਦਾਰ ਨੇ ਕਿਹਾ ਕਿ ਅਮਰੀਕਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਖੇਰੂੰ ਖੇਰੂੰ ਹੋ ਚੁੱਕੀ ਹੈ। ਉਸਨੇ ਕਿਹਾ, ਸਾਨੂੰ ਕਾਨੂੰਨੀ ਇਮੀਗ੍ਰੇਸ਼ਨ ਨੂੰ ਮਜ਼ਬੂਤ ? ?ਕਰਨ ਦੀ ਲੋੜ ਹੈ; ਸਾਡੇ ਕਾਰੋਬਾਰਾਂ ਨੂੰ ਇਸਦੀ ਲੋੜ ਹੈ। ਜਦੋਂ ਵੀ ਮੈਂ ਕੰਪਨੀਆਂ ਦੇ ਸੀਈਓਜ਼ ਨੂੰ ਮਿਲਦਾ ਹਾਂ, ਉਹ ਮੈਨੂੰ ਦੱਸਦੇ ਹਨ ਕਿ ਇੱਕ ਹੁਨਰਮੰਦ ਕਰਮਚਾਰੀ ਲੱਭਣਾ ਕਿੰਨਾ ਮਹੱਤਵਪੂਰਨ ਹੈ। ਰਿਕ ਮਕੌਰਮਿਕ ਅਤੇ ਰਾਜਾ ਕ੍ਰਿਸ਼ਨਾਮੂਰਤੀ ਨੇ ਕਿਹਾ ਕਿ ਅਮਰੀਕੀ ਕਾਂਗਰਸ ਵਿਚ ਸਰਬਸੰਮਤੀ ਨਾਲ ਇਕ ਬਿੱਲ ਪੇਸ਼ ਕਰ ਕੇ ਸਾਰੀਆਂ ਸਮੱਸਿਆਵਾਂ ਦਾ ਹੱਲ ਲੱਭਿਆ ਜਾ ਸਕਦਾ ਹੈ।

***

## ਸਿਆਸੀ ਜ਼ਮੀਨ ਬਚਾਉਣ 'ਚ ਲੱਗਾ

ਵਾਰ ਵਾਰ ਲੋਕਾਂ ਵੱਲੋਂ ਕਿਉਂ ਨਕਾਰੀ ਜਾ ਰਹੀ ਹੈ ਅਕਾਲੀ ਪਾਰਟੀ, ਲੋਕਾਂ ਦੀ ਨਬਜ਼ ਨੂੰ ਪਹਿਚਾਨਣਾ ਪਵੇਗਾ। ਲੱਖ ਵਾਰੀ ਅਕਾਲੀ ਕੋਸ਼ਿਸ਼ ਕਰ ਲੈਣ ਕਿ ਅਸੀਂ ਪੰਥਕ ਮਸਲਿਆਂ ਨੂੰ ਬਰਗਾੜੀ ਕਾਂਡ ਨੂੰ, ਬੰਦੀ ਸਿੰਘਾਂ ਦੇ ਮਾਮਲੇ 'ਤੇ ਮਿੱਟੀ ਪਾ ਕੇ ਅੱਗੇ ਵਧੀਏ ਪਰ ਇਹੋ ਜਿਹੇ ਮਸਲੇ ਕਦੇ ਮਰਦੇ ਨਹੀਂ ਹੁੰਦੇ, ਸਗੋਂ ਲੋਕਾਂ ਦੇ ਦਿਲਾਂ ਵਿੱਚ ਪਏ ਹੁੰਦੇ ਨੇ। ਅਕਾਲੀ 1997, 2007, 2017 ਤੱਕ ਰਾਜ ਕਰਦੇ ਰਹੇ ਪਰ ਪੰਥਕ ਮਸਲੇ ਲਾਂਭੇ ਰੱਖਕੇ ਰਾਜ ਕਰਦੇ ਰਹੇ। ਜਦੋਂ ਜਦੋਂ ਅਕਾਲੀਆਂ ਨੇ ਲੋਕਾਂ ਦੀ ਗੱਲ ਕੀਤੀ ਹੈ ਤੇ ਲੋਕ ਉਹਨਾਂ ਨੂੰ ਸੱਤਾ ਦੇ ਬਿਲਕੁਲ ਕਰੀਬ ਲੈ ਕੇ ਆਏ ਹਨ।

ਅਕਾਲੀ ਭਾਜਪਾ ਗਠਜੋੜ ਵਾਲੀ ਗੱਲ 'ਤੇ ਨਾ ਵਰਕਰ ਵਿਰੋਧ ਕਰ ਰਹੇ ਨੇ ਤੇ ਨਾ ਹੀ ਲੀਡਰ। ਤੇ ਖ਼ਬਰਾਂ ਆ ਰਹੀਆਂ ਕਿ ਗਠਜੋੜ ਦਾ ਐਲਾਨ ਹੋ ਸਕਦਾ ਹੈ। ਇਹੀ ਦੋਹਰਾ ਸਟੈਂਡ ਅਕਾਲੀਆਂ ਦੀ ਸ਼ਾਖ ਨੂੰ ਦਿਨ ਬ ਦਿਨ ਹੇਠਾਂ ਲੈ ਕੇ ਜਾ ਰਿਹਾ ਹੈ। ਜੇ ਲੋਕਾਂ ਦੇ ਹਿੱਤ ਦੀ ਗੱਲ ਨਾ ਕਰੀਏ ਤਾਂ ਪਤਾ ਨਹੀਂ ਲੋਕ ਕਦੋਂ ਸਿਆਸੀ ਗੜੇਮਾਰੀ ਕਰ ਦੇਣ ਤੇ ਪਾਰਟੀ ਨੂੰ ਮੂਧੇ ਮੂੰਹ ਸੁੱਟ ਦੇਣ ਤੇ ਪੰਜਾਬ ਦੇ ਵਿੱਚ ਅਜਿਹਾ ਹੁੰਦਾ ਹੀ ਆਇਆ ਹੈ। ਸੋ ਇਸ ਸਮੇਂ ਅਕਾਲੀਆਂ ਦੇ ਲਈ ਬੜਾ ਸੋਚ ਸਮਝ ਕੇ ਪੈਰ ਚੁੱਕਣ ਦਾ ਸਮਾਂ ਹੈ, ਕਿਉਂਕਿ ਕਾਠ ਦੀ ਹਾਂਡੀ ਵਾਰ ਵਾਰ ਨਹੀਂ ਚੜ੍ਹਦੀ।

***

## ਗ਼ੈਰ-ਕਾਨੂੰਨੀ ਢੰਗ ਨਾਲ ਯੂ.ਕੇ. ਜਾਣ ਵਾਲੇ

ਮੁਕਾਬਲੇ ਤੇਜ਼ੀ ਨਾਲ ਵਧਿਆ ਹੈ।

ਇਸ ਤੋਂ ਪਹਿਲਾਂ 2023 ਵਿੱਚ ਭਾਰਤ ਤੋਂ ਪਹਿਲਾਂ ਛੋਟੀਆਂ ਕਿਸ਼ਤੀਆਂ ਵਿੱਚ ਪਹੁੰਚਣ ਵਾਲੀਆਂ ਚੋਟੀ ਦੀਆਂ ਅੱਠ ਕੌਮਾਂ ਅਫਗਾਨਿਸਤਾਨ (5,545), ਈਰਾਨ (3,562), ਤੁਰਕੀ (3,040), ਇਰੀਟਰੀਆ (2,662), ਇਰਾਕ (2,545), ਸੀਰੀਆ (2,280), ਸੂਡਾਨ (1,612) ਅਤੇ ਵਿਅਤਨਾਮ (1,323) ਤੋਂ ਸਨ। 2023 ਵਿੱਚ ਪਾਕਿਸਤਾਨ ਤੋਂ ਬਹੁਤ ਘੱਟ ਆਮਦ ਵੇਖੀ ਗਈ। ਉਨ੍ਹਾਂ ਦੀ ਗਿਣਤੀ ਸਿਰਫ਼ 103 ਸੀ। 2023 ਵਿੱਚ ਕੁੱਲ 29,438 ਗੈਰ-ਕਾਨੂੰਨੀ ਪ੍ਰਵਾਸੀ 602 ਕਿਸ਼ਤੀਆਂ ਵਿੱਚ ਆਏ ਸਨ। ਜੋ ਕਿ 2022 ਤੋਂ 36% ਘੱਟ ਹੈ ਜਦੋਂ 1,110 ਕਿਸ਼ਤੀਆਂ 'ਤੇ 45,774 ਇਸ ਤਰੀਕੇ ਨਾਲ ਆਏ ਸਨ।

**ਅੰਕੜਿਆਂ ਵਿਚ ਹੋਇਆ ਖ਼ੁਲਾਸਾ**

ਸਭ ਤੋਂ ਆਮ ਵਰਤੀਆਂ ਜਾਣ ਵਾਲੀਆਂ ਕਿਸ਼ਤੀਆਂ- ਸਖ਼ਤ-ਹੁੱਲਡ ਇਨਫਲੈਟੇਬਲ ਕਿਸ਼ਤੀਆਂ, ਕੈਨੋ ਅਤੇ ਕਯਾਕ ਹਨ। ਜਨਵਰੀ ਤੋਂ ਮਾਰਚ 2023 ਦਰਮਿਆਨ 663 ਭਾਰਤੀ ਛੋਟੀਆਂ ਕਿਸ਼ਤੀਆਂ ਨੇ ਸ਼ਰਣ ਦੇ ਦਾਅਵੇ ਕੀਤੇ ਹਨ। ਜਿਨ੍ਹਾਂ ਵਿੱਚੋਂ 648 ਪੁਰਸ਼ ਅਤੇ 571 ਪੁਰਸ਼ ਸਨ ਜਿਨ੍ਹਾਂ ਦੀ ਉਮਰ 18 ਤੋਂ 39 ਸਾਲ ਦਰਮਿਆਨ ਸੀ। ਅਪ੍ਰੈਲ ਤੋਂ ਜੂਨ 2023 ਦੇ ਵਿਚਕਾਰ 194 ਭਾਰਤੀਆਂ ਨੇ ਸ਼ਰਣ ਦੇ ਦਾਅਵੇ ਕੀਤੇ, ਜਿਨ੍ਹਾਂ ਵਿੱਚੋਂ 188 ਪੁਰਸ਼ ਅਤੇ 154 ਔਰਤਾਂ ਸਨ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿਨੀ ਕਹਾਣੀ ਜਾਂ ਲੇਖ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।

ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Email: asrnewwriters@gmail.com www.amritsartimes.com Ph.: (510) 240-5949



## ਨਾਮਵਰ ਗਾਇਕ

ਸੰਧੂ ਨੇ ਸਾਮਾਜਿਕ ਰਿਸ਼ਤਿਆਂ ਦਾ ਜ਼ਿਕਰ ਵੀ ਬਹੁਤ ਬਾਖ਼ੂਬੀ ਕੀਤਾ ਹੈ, ਜਿਵੇਂ 'ਜੇਠ ਚੰਦਰੇ ਦਾ ਕੀ, ਜਿਹਦਾ ਪੁੱਤ ਨਾ ਕੋਈ ਧੀ, ਜਾਂਦਾ ਘੁੱਟ ਕੁ ਸ਼ਰਾਬ ਪਿਛੇ ਮਰ ਨੀ, ਦੜ ਵੱਟ ਕੇ ਗੁਜਾਰਾ ਕਰ ਨੀ', 'ਸਾਰਿਆਂ ਦੇ ਵਿਚੋਂ ਤੂੰ ਸਾਊ ਵੇ ਦੀਦਾਰ, ਤੇਰਾ ਘਰ 'ਚ ਨਾ ਕੋਡੀ ਜਿੰਨਾ ਮੁੱਲ ਵੇ'। ਅਮੀਰੀ ਅਤੇ ਗ਼ਰੀਬੀ ਦੇ ਪਾੜੇ ਦੀ ਗੱਲ ਕਰਦਾ ਜਗੀਰਦਾਰੀ ਨੂੰ ਤਾੜਨਾ ਕਰਦਾ ਹੋਇਆ ਕਹਿੰਦਾ ਹੈ, 'ਮੰਨਿਆ ਗ਼ਰੀਬ ਹੁੰਦੇ ਵੱਡਿਆਂ ਦੇ ਆਸਰੇ' ਤੇ 'ਇਹ ਤਾਂ ਤੇਰਾ ਬਣਦਾ ਨੀ ਹੱਕ ਵੇ ਜਗੀਰਦਾਰਾ'। ਦੀਦਾਰ ਸੰਧੂ ਫਿਲਮਾਂ ਤੱਕ ਵੀ ਜਾ ਪਹੁੰਚਿਆ ਸੀ, ਇਸ ਨੇ 'ਗੱਭਰੂ ਪੰਜਾਬ ਦਾ' ਫਿਲਮ ਵਿੱਚ ਅਮਰ ਨੂਰੀ ਨਾਲ ਬੋਲੀਆਂ ਪਾਈਆਂ ਸਨ।

ਉਹ 16 ਫਰਵਰੀ 1991 ਨੂੰ ਇਸ ਦੁਨੀਆ 'ਤੇ ਆਪਣੀਆਂ ਪੈੜਾਂ ਪਾ ਕੇ ਅਲਵਿਦਾ ਕਹਿ ਗਿਆ। ਉਨ੍ਹਾਂ ਦਾ ਬੇਟਾ ਜਗਮੋਹਣ ਸੰਧੂ ਹਰ ਸਾਲ 21 ਨਵੰਬਰ ਨੂੰ ਭਰੋਵਾਲ ਖ਼ੁਰਦ ਜ਼ਿਲ੍ਹਾ ਲੁਧਿਆਣਾ ਵਿਖੇ ਆਪਣੇ ਖੇਤਾਂ ਵਿੱਚ ਮੇਲਾ ਲਗਾ ਕੇ ਆਪਣੇ ਪਿਤਾ ਦੀਦਾਰ ਸੰਧੂ ਦੀ ਯਾਦ ਨੂੰ ਤਾਜ਼ਾ ਕਰਦਾ ਹੈ। ਇਸ ਮੇਲੇ ਵਿੱਚ ਨਾਮਵਰ ਗਾਇਕ ਤੇ ਸਰੋਤੇ ਦੂਰੋਂ ਦੂਰੋਂ ਸੰਧੂ ਦੀ ਗੀਤਕਾਰੀ ਤੇ ਗਾਇਕੀ ਨੂੰ ਪਿਆਰ ਕਰਨ ਵਾਲੇ ਪਹੁੰਚਦੇ ਹਨ।

ਸੰਧੂ ਦੀ ਜੋੜੀ ਸਨੇਹ ਲਤਾ ਨਾਲ ਬਣ ਗਈ ਜੋ ਬਹੁਤ ਮਕਬੂਲ ਹੋਈ। 1975 ਵਿੱਚ ਦੀਦਾਰ ਸੰਧੂ ਦਾ ਸਨੇਹ ਲਤਾ ਨਾਲ ਇਕ ਛੇ ਗੀਤਾਂ ਦਾ ਤਵਾ ਆਇਆ, ਜਿਸ ਨੇ ਉਸ ਦੀ ਗੀਤਕਾਰੀ ਤੇ ਗਾਇਕੀ ਦਾ ਲੋਹਾ ਮੰਨਣ ਲਈ ਸਰੋਤਿਆਂ ਨੂੰ ਮਜਬੂਰ ਕਰ ਦਿੱਤਾ। ਉਸ ਵਿਚਲੇ ਗੀਤ 'ਜੋੜੀ ਜਦੋਂ ਚੁਬਾਰੇ ਚੜ੍ਹਦੀ' ਗੀਤ ਨੇ ਸਾਰੇ ਰਿਕਾਰਡ ਤੋੜ ਦਿੱਤੇ। ਇਹ ਗੀਤ ਅੱਜ ਵੀ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰ ਰਿਹਾ ਹੈ।

***

## 'ਨੇਸ਼ਨ-ਸਟੇਟ' ਦੀ ਮਿਥ

ਸਿੱਖਾਂ ਦਾ ਅਮਲ ਕੁਦਰਤ ਤੇ ਸਮਾਜ ਵਿਚਲੀ ਭਿੰਨਤਾ ਤੇ ਵਖਰੇਵਿਆਂ ਨੂੰ ਕਰਤਾ ਤੇ ਸਿਰਜਣਹਾਰ ਦੀ ਅਮੁਲ ਦਾਤ ਤੇ ਬਖ਼ਸ਼ਸ਼ ਸਮਝਦਾ ਹੋਇਆ ਉਨ੍ਹਾਂ ਦੀ ਹੋਂਦ ਦੇ ਜਸ਼ਨ ਮਨਾਉਂਦਾ, ਇਨ੍ਹਾਂ ਨੂੰ ਖਤਮ ਨਹੀਂ ਕਰਦਾ।

ਅਨਜਾਣੇ ਹੀ ਨੇਸ਼ਨ-ਸਟੇਟ ਦੀ ਕਾਂਗਰਸੀ ਵਿਚਾਰਧਾਰਾ ਦੇ ਧੱਕੇ ਚੜ੍ਹਿਆ ਸਿੱਖ ਭਾਈਚਾਰਾ ਵੀ 1947 ਦੀ ਵੰਡ ਦੇ ਫਿਰਕੂ ਖ਼ੂਨ-ਖ਼ਰਾਬੇ ਵੱਲ ਖਿੱਚਿਆ ਗਿਆ ਸੀ। ਉਸ ਆਪਸੀ ਭਰਾ ਮਾਰੂ ਜੰਗ ਦੀ ਪੀੜਾ, ਸੰਤਾਪ ਤੇ ਪਸ਼ਚਾਤਾਪ ਚੋਂ ਸਿੱਖ ਅੰਤਰੀਵ ਮਨ ਅਜੇ ਤੱਕ ਮੁਕਤ ਨਹੀਂ ਹੋਇਆ ਜਦੋਂ ਕਿ ਹਿੰਦੂਤਵ ਨੂੰ ਪਰਨਾਏ ਬਹੁ-ਗਿਣਤੀ ਸਮਾਜ ਦੇ ਲੋਕ ਉਸ ਅਣ-ਮਨੁੱਖੀ ਕਤਲੋ-ਗਾਰਦ ਸਹੀ ਮੰਨਦੇ ਹਨ ਤੇ ਉਸ ਜਿੱਤ ਮੰਨ ਕੇ ਮਾਣ ਵੀ ਕਰਦੇ ਹਨ।

ਜਦੋਂ ਸਿੱਖ ਆਂ ਦੀ ਲੰਬੀ ਕਮਾਈ ਨੇ ਸਿੱਖਾਂ ਨੂੰ ਇੱਕ ਨਵੇਕਲੀ ਜੀਵਨ-ਜਾਂਚ ਤੇ ਜੀਵਨ-ਜੁਗਤ ਦਿੱਤੀ ਹੈ। ਅਸੀਂ 'ਪੱਛਮੀ ਨੇਸ਼ਨ-ਸਟੇਟ' ਦੀ ਨਕਲ ਕਿਉਂ ਕਰੀਏ ? ਉਸ ਦੀ ਥਾਂ ਸਾਨੂੰ 'ਗੁਰੂ ਮਾਰਗ' ਤੋਂ ਸੇਧ ਲੈਣੀ ਚਾਹੀਦੀ ਹੈ। ਯਾਦ ਰਹੇ, ਮਹਾਰਾਜਾ ਰਣਜੀਤ ਸਿੰਘ ਨੇ 'ਖਾਲਸਾ ਸਟੇਟ' ਦੀ ਸਥਾਪਨਾ ਕੀਤੀ ਸੀ ਜਿਹੜੀ ਪੱਛਮੀ ਅਮਲ ਵਾਲੀ ਨੇਸ਼ਨ-ਸਟੇਟ ਦੀ ਨਹੀਂ ਸੀ। ਉਸਨੇ ਆਪਣੇ ਰਾਜ ਨੂੰ 'ਨੇਸ਼ਨ' ਦੇ ਤੌਰ-ਤਰੀਕਿਆਂ 'ਤੇ ਬਿਲਕੁਲ ਨਹੀਂ ਢਾਲਿਆ। ਇਸੇ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਪ੍ਰਭੂਸੱਤਾ-ਸੰਪੰਨ ਸੀ ਪਰ ਪੱਛਮ ਦੀ ਤਰਜ਼ ਵਾਲਾ 'ਸਾਵਰਨ' ਨਹੀਂ ਸੀ। ਕਿਉਂਕਿ ਸਿੱਖਾਂ ਦੀ ਸਾਵਰਨਿਟੀ 'ਸੱਚਾ ਪਾਤਸ਼ਾਹ' ਦੇ ਸੰਕਲਪ ਵਿਚੋਂ ਨਿਕਲਦੀ ਹੈ ਅਤੇ ਸ਼੍ਰੀ ਅਕਾਲ ਤਖਤ ਰਾਹੀਂ ਵਿਦਮਾਨ ਹੁੰਦੀ ਹੈ; ਸ਼੍ਰੀ ਅਕਾਲ ਤਖਤ ਦੁਨਿਆਵੀ ਰਾਜ-ਤੱਖਤਾਂ (ਨੇਸ਼ਨ-ਸਟੇਟਾਂ) ਦੀ ਸਰਵ-ਉਚਤਾ ਤੋਂ ਉੱਪਰ 'ਸਦੀਵੀ-ਰੱਬੀ ਤਖਤ' ਦਾ ਲਖਾਇਕ ਹੈ। ਇਸੇ ਕਰਕੇ ਸਿੱਖ ਸਿਧਾਂਤ ਨੇਸ਼ਨ-ਸਟੇਟ ਤੇ ਉਸ ਨਾਲ ਜੁੜੀ ਸਾਵਰਨਿਟੀ ਨੂੰ ਪੂਰਨ ਰੂਪ ਵਿੱਚ ਰੱਦ ਕਰਦਾ ਅਤੇ ਆਪਣੇ ਸਿਧਾਂਤਾਂ ਤੇ ਅਧਾਰਤ ਰਾਜ-ਪ੍ਰਬੰਧ ਪ੍ਰਣਾਲੀ ਦੇ ਪੁਨਰ-ਜਾਗਰਨ ਤੇ ਪੁਨਰ-ਅਮਲ ਦੀ ਵਕਾਲਤ ਕਰਦਾ ਹੈ।

ਸਿੱਖ ਵਿਦਵਾਨਾਂ ਨੂੰ ਚਾਹੀਦਾ ਹੈ, ਪੱਛਮ ਵਲੋਂ ਸਾਡੇ ਮਨਾਂ ਅੰਦਰ ਠੋਸੀ 'ਗੁਲਾਮ ਜਿਹਨੀਅਤ' ਨੂੰ ਪਰ੍ਹੇ ਵਗਾਹ ਮਾਰਨ ਅਤੇ ਪੱਛਮ ਦੇ ਗਿਆਨ ਦੀ ਘਟੀਆ-ਪੱਧਰ ਦੀ ਨਕਲ ਕਰਨ ਦੀ ਬਜਾਏ ਗੁਰਮਤਿ ਗਿਆਨ ਤੇ 'ਗੁਰੂ ਕਮਾਈ' ਵਿਚੋਂ ਆਪਣੀ ਨਵੇਕਲੀ ਤੇ ਮੌਲਿਕ 'ਸਿਆਸੀ ਸਮਝ' ਉਸਾਰਨ ਤੇ 'ਹਲੀਮੀ ਰਾਜ' ਦੀ ਰੂਪ-ਰੇਖਾ ਤਿਆਰ ਕਰਨ।

***

## ਲਿੰਗਕ ਨਾ-ਬਰਾਬਰੀ ਦਾ

ਜੇਕਰ ਇੰਝ ਨਾ ਹੁੰਦਾ ਤਾਂ ਔਰਤਾਂ ਨੂੰ ਦਾਜ ਦੀ ਬਲੀ ਨਾ ਚੜ੍ਹਾਇਆ ਜਾਂਦਾ, ਉਸ ਉੱਤੇ ਘਰੇਲੂ ਹਿੰਸਾ ਨਾ ਹੁੰਦੀ। ਸਾਲ 2023 ਵਿੱਚ, ਨੈਸ਼ਨਲ ਕਮਿਸ਼ਨ ਫਾਰ ਵੂਮੈਨ ਕੋਲ 28811 ਸ਼ਿਕਾਇਤਾਂ ਔਰਤਾਂ ਵਲੋਂ ਘਰੇਲੂ ਹਿੰਸਾ ਸਬੰਧੀ ਦਰਜ਼ ਕਰਵਾਈਆਂ ਗਈਆਂ। ਇੱਕ ਰਿਪੋਰਟ ਅਨੁਸਾਰ ਦੇਸ਼ ਦੀਆਂ 32 ਫ਼ੀਸਦੀ ਵਿਆਹੀਆਂ ਔਰਤਾਂ ਆਪਣੇ ਪਤੀ ਦੀ ਜਿਸਮਾਨੀ ਅਤੇ ਮਾਨਸਿਕ ਹਿੰਸਾ ਸਹਿੰਦੀਆਂ ਹਨ।

ਔਰਤਾਂ ਨਾਲ ਭੇਦ ਭਾਵ, ਔਰਤਾਂ ਉੱਤੇ ਹਿੰਸਾ ਦੀਆਂ ਜੜ੍ਹਾਂ ਬੇਹੱਦ ਡੂੰਘੀਆਂ ਹਨ। ਫੈਡਰਿਕ ਐਂਗਲਜ ਆਪਣੀ ਪੁਸਤਕ ਪਰਿਵਾਰ, ਪ੍ਰਾਈਵੇਟ ਜਾਇਦਾਦ ਅਤੇ ਰਾਜ ਵਿੱਚ ਲਿਖਦੇ ਹਨ ਕਿ ਖੇਤੀ ਉਤਪਾਦਕਾਂ ਦੇ ਵਾਧੇ ਨਾਲ ਮਨੁੱਖੀ ਮਨ 'ਚ ਪ੍ਰਾਈਵੇਟ ਜਾਇਦਾਦ ਦੀ ਭਾਵਨਾ ਪੈਦਾ ਹੋਈ, ਜਿਸ ਨਾਲ ਸੁਸਾਇਟੀ 'ਚ ਟੌਹਰ ਟੱਪੇ ਦੀ ਭਾਵਨਾ ਪ੍ਰਬਲ ਹੋਈ। ਸਿੱਟਾ ਕਬਜ਼ੇ ਦੀ ਭਾਵਨਾ ਨਾਲ ਰਾਜ ਕਰਨਾ ਆਰੰਭਿਆ ਅਤੇ ਔਰਤ ਨੂੰ ਵੀ ਮਰਦ ਨੇ ਆਪਣੀ ਜਾਇਦਾਦ ਸਮਝਣਾ ਸ਼ੁਰੂ ਕੀਤਾ। ਇਥੋਂ ਹੀ ਮਰਦ ਦੀ ਪ੍ਰਧਾਨਤਾ ਨੇ ਕੰਮ ਕੀਤਾ।

ਇਹ ਪ੍ਰਧਾਨਤਾ ਰਾਜ ਭਾਗ ਵਿੱਚ ਵੀ ਪ੍ਰਵਾਨੀ ਗਈ ਅਤੇ ਮਰਦਾਂ ਦਾ ਔਰਤ ਉੱਤੇ ਰਾਜ ਅਤੇ ਔਰਤਾਂ ਦਾ ਸ਼ੋਸ਼ਣ ਆਰੰਭ ਹੋਇਆ।

ਵੱਖੋ-ਵੱਖਰੀਆਂ ਸੱਭਿਅਤਾਵਾਂ, ਦੇਸ਼ਾਂ ਵਿੱਚ ਮਰਦ, ਔਰਤਾਂ ਦੇ ਸੰਬੰਧਾਂ ਵਿੱਚ ਧਰਮ ਨੇ ਵੱਡਾ ਰੋਲ ਨਿਭਾਇਆ। ਬਹੁਤ ਘੱਟ ਧਰਮਾਂ ਵਿੱਚ, ਔਰਤ ਦੀਆਂ ਬਹੁਤੀਆਂ ਤਾਰੀਫ਼ਾਂ ਨਹੀਂ ਮਿਲਦੀਆਂ। ਭਾਰਤ ਵਿੱਚ ਤਾਂ ਔਰਤਾਂ ਦਾ ਸ਼ੋਸ਼ਣ ਭਾਰਤੀ ਸਮਾਜ ਵਿੱਚ ਸਦੀਆਂ ਪੁਰਾਣੀ ਸੰਸਕ੍ਰਿਤਕ ਘਟਨਾ ਹੈ। ਹਿੰਦੂ, ਮੁਸਲਿਮ ਧਰਮਾਂ 'ਚ ਮਰਦ ਪ੍ਰਧਾਨਤਾ ਵੇਖਣ ਨੂੰ ਮਿਲਦੀ ਹੈ। ਉਦਾਹਰਨ ਦੇ ਤੌਰ 'ਤੇ ਭਾਰਤੀ ਪ੍ਰਾਚੀਨ ਹਿੰਦੂ ਕਾਨੂੰਨ ਦੇ ਨਿਰਮਾਤਾ ਮਨੂ ਸਿਮ੍ਰਿਤੀ ਦੇ ਅਨੁਸਾਰ, ਇਹ ਮੰਨਿਆ ਜਾਂਦਾ ਹੈ ਕਿ ਔਰਤ ਨੂੰ ਆਪਣੇ ਬਚਪਨ 'ਚ ਪਿਤਾ ਅਧੀਨ, ਵਿਆਹ ਤੋਂ ਬਾਅਦ ਆਪਣੇ ਪਤੀ ਦੇ ਅਧੀਨ ਅਤੇ ਬੁਢਾਪੇ ਜਾਂ ਵਿਧਵਾ ਹੋਣ ਤੋਂ ਬਾਅਦ ਆਪਣੇ ਪੁੱਤਰ ਦੇ ਅਧੀਨ ਰਹਿਣਾ ਚਾਹੀਦਾ ਹੈ। ਕਿਸੇ ਵੀ ਹਾਲਤ ਵਿੱਚ ਉਸ ਨੂੰ ਖੁਦ ਨੂੰ ਆਜ਼ਾਦ ਰਹਿਣ ਦੀ ਆਗਿਆ ਨਹੀਂ ਹੈ।

ਇੰਝ ਧਾਰਮਿਕ ਮਾਨਤਾਵਾਂ ਵਿੱਚ ਵੀ ਔਰਤਾਂ ਨਾਲ ਇੱਕ ਕਿਸਮ ਦਾ ਵਿਤਕਰਾ ਹੋ ਰਿਹਾ ਹੈ। ਉਸ ਦੇ ਸਮਾਜ ਵਿੱਚ ਹੇਠਲੇ ਪੱਧਰ ਹੋਣ ਦਾ ਕਾਰਨ ਗਰੀਬੀ ਅਤੇ ਸਿੱਖਿਆ 'ਚ ਘਾਟ ਹੈ। ਇਸ ਸਥਿਤੀ ਵਿੱਚ ਔਰਤਾਂ ਨੂੰ ਬਹੁਤ ਹੀ ਘੱਟ ਵੇਤਨ ਮਿਲਦਾ ਹੈ, ਉਹ ਘਰੇਲੂ ਨੌਕਰ ਜਾਂ ਤੁੱਛ ਜਿਹੀਆਂ ਨੌਕਰੀਆਂ ਕਰਨ ਲਈ ਮਜਬੂਰ ਹੋ ਜਾਂਦੀਆਂ ਹਨ ਤਾਂ ਕਿ ਆਪਣੇ ਬੱਚਿਆਂ ਦਾ ਪੇਟ ਪਾਲ ਸਕਣ ਅਤੇ ਕਈ ਵੇਰ ਤਾਂ ਉਹਨਾਂ ਨੂੰ ਵੇਸਵਾ ਵਿਰਤੀ ਵੱਲ ਵੀ ਧੱਕ ਦਿੱਤਾ ਜਾਂਦਾ ਹੈ। ਭਾਰਤ ਦੇ ਸੰਵਿਧਾਨ ਦੀ ਧਾਰਾ 15 ਅਧੀਨ ਲਿੰਗ, ਧਰਮ, ਜਾਤੀ ਅਤੇ ਜਨਮ ਸਥਾਨ ਵੱਖਰਾ ਹੋਣ 'ਤੇ ਕੀਤੇ ਕਿਸੇ ਵੀ ਭੇਦ ਭਾਵ ਦੀ ਮਨਾਹੀ ਕਰਦੀ ਹੈ। ਇਸੇ ਅਧਾਰ ਉੱਤੇ ਔਰਤਾਂ ਲਈ ਸੰਵਿਧਾਨਿਕ ਸੁਰੱਖਿਆ ਲਈ ਪ੍ਰਬੰਧ ਹਨ ਪਰ ਜ਼ਮੀਨੀ ਹਕੀਕਤ ਵੱਖਰੀ ਹੈ। ਇਹਨਾਂ ਸਾਰੇ ਪ੍ਰਾਵਾਧਾਨਾਂ ਦੇ ਬਾਵਜੂਦ ਔਰਤਾਂ ਨਾਲ ਅੱਜ ਵੀ ਦੂਜੀ ਸ਼੍ਰੇਣੀ ਦੇ ਨਾਗਰਿਕ ਜਿਹਾ ਵਰਤਾਓ ਕੀਤਾ ਜਾਂਦਾ ਹੈ। ਮਰਦ ਉਹਨਾਂ ਨੂੰ ਸਿਰਫ਼ ਆਪਣੀ ਕਾਮੁਕ ਇੱਛਾ ਦੀ ਪੂਰਤੀ ਕਰਨ ਦਾ ਮਾਧਿਅਮ ਹੀ ਨਹੀਂ ਮੰਨਦਾ ਸਗੋਂ ਔਰਤਾਂ ਉੱਤੇ ਅਤਿਆਚਾਰ ਕਰਨ ਤੋਂ ਵੀ ਦਰੇਗ ਨਹੀਂ ਕਰਦਾ। ਬਿਨ੍ਹਾਂ ਸ਼ੱਕ ਔਰਤਾਂ 'ਚ ਆਪਣੇ ਹੱਕਾਂ ਪ੍ਰਤੀ ਚੇਤਨਤਾ ਵਧ ਰਹੀ ਹੈ। ਪਰ ਲਿੰਗਕ ਨਾ-ਬਰਾਬਰੀ ਦੂਰ ਕਰਨ ਲਈ ਕਾਨੂੰਨੀ ਪ੍ਰਾਵਾਧਾਨ ਦੇ ਇਲਾਵਾ ਉਹਨਾਂ ਨੂੰ ਆਰਥਿਕ ਪੱਖੋਂ ਮਜ਼ਬੂਤ ਕਰਨ ਲਈ ਸਰਕਾਰ ਤੇ ਸਮਾਜ ਨੂੰ ਅੱਗੇ ਆਉਣਾ ਪਵੇਗਾ। ਸਿਰਫ਼ ਵੋਟ ਪ੍ਰਾਪਤੀ ਲਈ ਕੀਤੇ ਐਲਾਨ ਉਹਨਾਂ ਦਾ ਕੁਝ ਵੀ ਸੁਆਰ ਨਹੀਂ ਸਕਣਗੇ।

***

## ਕਾਰਪੋਰੇਟ ਨੀਤੀਆਂ ਵਿਰੁੱਧ

ਚੋਣਾਂ ਦੇ ਪੱਖ ਤੋਂ ਵੀ ਯੂਰੋਪ ਦੇ ਮੌਜੂਦਾ ਸਿਆਸੀ ਹਾਲਾਤ ਭਾਰਤ ਨਾਲ ਕਾਫ਼ੀ ਮੇਲ ਖਾਂਦੇ ਹਨ। ਭਾਰਤ ਵਿੱਚ ਪਾਰਲੀਮੈਂਟ ਚੋਣਾਂ ਅਤੇ ਉੱਥੇ ਯੂਰੋਪੀਅਨ ਪਾਰਲੀਮੈਂਟ ਦੀਆਂ ਚੋਣਾਂ ਜੂਨ ਵਿੱਚ ਹੋ ਰਹੀਆਂ ਹਨ। ਯੂਰੋਪ ਵਿੱਚ ਮਜ਼ਦੂਰ, ਅਧਿਆਪਕ, ਟਰਾਂਸਪੋਰਟ ਅਤੇ ਸਿਹਤ ਸੇਵਾਵਾਂ ਵਿੱਚ ਕੰਮ ਕਰਦੇ ਵਰਕਰ ਸੰਘਰਸ਼ ਦੇ ਰਾਹ 'ਤੇ ਹਨ। ਸੰਯੁਕਤ ਕਿਸਾਨ ਮੋਰਚੇ ਵਲੋਂ ਭਾਰਤ ਦੀਆਂ ਸਮੂਹ ਟਰੇਡ ਯੂਨੀਅਨਾਂ ਨੂੰ ਨਾਲ ਜੋੜ ਕੇ 16 ਫ਼ਰਵਰੀ ਨੂੰ ਸਫ਼ਲ ਭਾਰਤ ਬੰਦ ਕੀਤਾ। ਕਿੱਤੇ ਦੀ ਰਾਖੀ ਲਈ ਕਿਰਤੀਆਂ ਦੀ ਕਾਰਪੋਰੇਟ ਬਹੁ-ਕੌਮੀ ਕੰਪਨੀਆਂ ਵਿਰੁੱਧ ਜੰਗ ਵਿੱਚ ਮਜ਼ਦੂਰਾਂ ਦੀਆਂ ਮੰਗਾਂ ਨੂੰ ਵੀ ਬਣਦਾ ਸਥਾਨ ਦੇਣਾ ਚਾਹੀਦਾ ਹੈ। ਸੰਸਾਰ ਪੱਧਰ 'ਤੇ ਕਿਸਾਨਾਂ ਅਤੇ ਟਰੇਡ ਯੂਨੀਅਨਾਂ ਦੇ ਸੰਘਰਸ਼ ਦੇ ਕਾਰਨਾਂ ਵਿੱਚ ਪਬਲਿਕ ਸੈਕਟਰਾਂ ਦਾ ਖਾਤਮਾ, ਸੰਸਾਰ ਵਪਾਰ ਸੰਸਥਾ ਦੀਆਂ ਨੀਤੀਆਂ, ਕਾਰਪੋਰੇਟਾਂ ਵੱਲੋਂ ਕੁਦਰਤੀ ਸਾਧਨਾਂ ਤੇ ਕਿਰਤ ਦੀ ਅੰਨ੍ਹੀ ਲੁੱਟ ਮੁੱਖ ਹਨ। ਇਸ ਵੱਡੀ ਹਨੇਰੀ ਨੂੰ ਠੱਲ੍ਹ ਕਿਸੇ ਵਿਸ਼ੇਸ਼ ਧਰਮ, ਖੇਤਰ, ਟਰੇਡ ਜਾਂ ਕਿਸਾਨ ਜਥੇਬੰਦੀ ਵੱਲੋਂ ਇਕੱਲਿਆਂ ਨਹੀਂ ਪੈ ਸਕਦੀ ਸਗੋਂ ਭਾਰਤ ਦੀਆਂ ਸਮੂਹ ਯੂਨੀਅਨਾਂ ਦੇ ਨਾਲ ਨਾਲ ਸੰਸਾਰ ਪੱਧਰ 'ਤੇ ਸਰਗਰਮ ਧਿਰਾਂ ਨਾਲ ਤਾਲਮੇਲ ਰੱਖਣਾ ਸਮੇਂ ਦੀ ਲੋੜ ਹੈ। ਭਾਰਤ ਵਿੱਚ ਵੀ ਜੇਕਰ ਸਮੂਹ ਕਿਸਾਨ ਜਥੇਬੰਦੀਆਂ ਦਾ ਏਕਾ ਅਤੇ ਮਜ਼ਦੂਰ ਵਰਗ ਦੀ ਸ਼ਮੂਲੀਅਤ ਹੁੰਦੀ ਹੈ ਤਾਂ ਇਹ ਮੌਜੂਦਾ ਕਿਸਾਨ ਅੰਦੋਲਨ ਲਈ ਸ਼ੁਭ ਸੰਕੇਤ ਹੋਵੇਗਾ।

***

## ਵਪਾਰ ਬਣਦੀਆਂ ਜਾ ਰਹੀਆਂ

ਸਰੀਰਕ ਕਸਰਤ ਦੇ ਮਾਮਲੇ ਵਿੱਚ ਫੁੱਟਬਾਲ ਦਾ ਮਹੱਤਵ ਕੁਸ਼ਤੀ, ਕਬੱਡੀ, ਖੋ-ਖੋ, ਬੈਡਮਿੰਟਨ ਆਦਿ ਖੇਡਾਂ ਨਾਲੋਂ ਘੱਟ ਹੈ। ਮਾਨਸਿਕ ਕਸਰਤ ਦੀ ਗੱਲ ਕਰੀਏ ਤਾਂ ਸ਼ਤਰੰਜ ਵਰਗੀਆਂ ਖੇਡਾਂ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ। ਅਤੇ ਜੇਕਰ ਸਮੇਂ ਦੇ ਲਿਹਾਜ਼ ਨਾਲ ਦੇਖੀਏ ਤਾਂ ਕ੍ਰਿਕਟ ਦੀ ਖੇਡ ਹੋਰ ਖੇਡਾਂ ਨਾਲੋਂ ਜ਼ਿਆਦਾ ਸਮਾਂ ਲੈਂਦੀ ਹੈ, ਹਾਲਾਂਕਿ ਇਸ ਦਾ 20-20 ਸੰਸਕਰਣ ਵੀ ਆ ਚੁੱਕਾ ਹੈ। ਵਿੱਤੀ ਤੌਰ 'ਤੇ ਵੀ ਕ੍ਰਿਕਟ ਦੀ ਖੇਡ ਜ਼ਿਆਦਾ ਮਹਿੰਗੀ ਹੈ। ਇਸ 'ਚ ਬੱਲੇ ਅਤੇ ਗੇਂਦ ਤੋਂ ਇਲਾਵਾ ਵਿਕਟ, ਦਸਤਾਨੇ, ਹੈਲਮੇਟ, ਪੈਡ, ਚੈਸਟ-ਪੈਡ ਵਰਗੀਆਂ ਅਣਗਿਣਤ ਛੋਟੀਆਂ-ਵੱਡੀਆਂ ਚੀਜ਼ਾਂ ਖਰੀਦਣੀਆਂ ਪੈਂਦੀਆਂ ਹਨ, ਜਦਕਿ ਹੋਰ ਖੇਡਾਂ 'ਚ ਇੰਨੀਆਂ ਚੀਜ਼ਾਂ ਦੀ ਲੋੜ ਨਹੀਂ ਹੁੰਦੀ।

ਅੱਜ ਵੀ ਬਾਜ਼ਾਰੀ ਪ੍ਰਸਿੱਧੀ ਦੇ ਪ੍ਰਭਾਵ ਹੇਠ ਨੌਜਵਾਨਾਂ ਕੋਲ ਗਲੀਆਂ ਵਿੱਚ ਕ੍ਰਿਕਟ ਖੇਡਣ ਦੇ ਸਾਧਨ ਨਹੀਂ ਹਨ, ਜਿਸ ਕਾਰਨ ਕਈ ਵਾਰ ਉਹ ਬੁਰੀ ਤਰ੍ਹਾਂ ਜ਼ਖਮੀ ਹੋ ਜਾਂਦੇ ਹਨ।

ਬੜੀ ਮੁਸ਼ਕਿਲ ਨਾਲ ਇਸ ਖੇਡ ਨੂੰ ਆਮ ਆਦਮੀ ਦੀ ਖੇਡ ਮੰਨਿਆ ਜਾ ਸਕਦਾ ਹੈ। ਕਿਸੇ ਵਿਸ਼ੇਸ਼ ਵਿਅਕਤੀ ਦੇ ਪੈਸੇ ਦੀ ਤਾਕਤ ਕਾਰਨ ਇਹ ਹਰਮਨ ਪਿਆਰਾ ਹੋ ਗਿਆ ਅਤੇ ਹੋਰ ਪ੍ਰਸਿੱਧ ਖੇਡਾਂ ਨੂੰ ਵੀ ਇਸ ਖੇਡ ਵਿੱਚੋਂ ਬਾਹਰ ਕਰਨ ਵਿੱਚ ਸਫਲ ਰਿਹਾ।

ਭਾਸ਼ਾ ਦੇ ਸੰਦਰਭ ਵਿੱਚ, ਅਫ਼ਰੀਕੀ ਲੇਖਕ ਨਗੂਗੀ ਵਾ ਥਿਓਂਗੋ ਨੇ ਲਿਖਿਆ ਸੀ ਕਿ ਕੋਈ ਭਾਸ਼ਾ ਆਪਣੀ ਗੁਣਵੱਤਾ ਅਤੇ ਬਣਤਰ ਕਾਰਨ ਲੁਪਤ ਨਹੀਂ ਹੋ ਜਾਂਦੀ, ਸਗੋਂ ਸ਼ਕਤੀ ਦੀ ਅਣਦੇਖੀ ਇਸ ਨੂੰ ਲੁਪਤ ਕਰ ਦਿੰਦੀ ਹੈ - ਇਹ ਗੱਲ ਖੇਡਾਂ 'ਤੇ ਵੀ ਲਾਗੂ ਹੁੰਦੀ ਹੈ। ਕ੍ਰਿਕਟ ਨੂੰ ਪੂੰਜੀਵਾਦੀ ਸ਼ਕਤੀਆਂ ਤੋਂ ਪੂਰੀ ਸੁਰੱਖਿਆ ਮਿਲੀ ਹੋਈ ਹੈ। ਦੂਜੇ ਪਾਸੇ ਕ੍ਰਿਕਟ ਆਪਣੇ ਆਪ ਵਿੱਚ ਇੱਕ ਉਦਯੋਗ ਬਣ ਗਿਆ ਹੈ। ਸਾਲ 2022 ਵਿੱਚ ਆਈ.ਪੀ.ਐੱਲ. ਕ੍ਰਿਕਟ ਦੇ ਸਿਰਫ਼ ਇੱਕ ਸੀਜ਼ਨ ਦੀ ਬ੍ਰਾਂਡ ਵੈਲਿਊ ਲਗਭਗ 90038 ਕਰੋੜ ਰੁਪਏ ਸੀ। ਸਾਲ 2020 ਲਈ ਡਰੀਮ-11 ਦੀ ਆਮਦਨ ਲਗਭਗ 20070 ਕਰੋੜ ਰੁਪਏ ਸੀ। ਜੇਕਰ ਅਸੀਂ ਕ੍ਰਿਕਟ ਦੇ ਇਸ਼ਤਿਹਾਰਾਂ ਤੋਂ ਹੋਣ ਵਾਲੀ ਆਮਦਨ 'ਤੇ ਨਜ਼ਰ ਮਾਰੀਏ ਤਾਂ ਹੈਰਾਨੀ ਹੁੰਦੀ ਹੈ - ਸਾਲ 2022 'ਚ ਆਈ.ਪੀ.ਐੱਲ. ਦੌਰਾਨ ਸਿਰਫ 10 ਸੈਕਿੰਡ ਦੇ ਟਾਈਮ ਸਲਾਟ ਲਈ 15 ਤੋਂ 18 ਲੱਖ ਰੁਪਏ ਲਏ ਗਏ ਸਨ। ਕ੍ਰਿਕਟ ਦੀ ਆਰਥਿਕਤਾ ਲਗਾਤਾਰ ਵਧ ਰਹੀ ਹੈ। ਖਿਡਾਰੀਆਂ ਤੋਂ ਵੱਧ ਸੱਟੇਬਾਜ਼, ਵਪਾਰੀ, ਉਦਯੋਗਪਤੀ, ਸਿਆਸਤਦਾਨ ਅਤੇ ਅਦਾਕਾਰ ਇਸ ਵਿੱਚ ਦਿਲਚਸਪੀ ਲੈ ਰਹੇ ਹਨ। ਇਹ ਪੂੰਜੀ ਅਤੇ ਸ਼ਕਤੀ ਦਾ ਕੇਂਦਰ ਬਣ ਗਿਆ ਹੈ।

ਖੇਡਾਂ ਨੂੰ ਉਦਯੋਗ ਵਿੱਚ ਤਬਦੀਲ ਕਰਨਾ ਮਾੜੀ ਗੱਲ ਨਹੀਂ, ਜੇਕਰ ਇਸ ਨਾਲ ਕੌਮੀ ਆਮਦਨ ਵਿੱਚ ਵਾਧਾ ਹੋ ਰਿਹਾ ਹੈ ਤਾਂ ਇਸ ਦਾ ਸਵਾਗਤ ਕੀਤਾ ਜਾ ਸਕਦਾ ਹੈ। ਪਰ ਦੁੱਖ ਦੀ ਗੱਲ ਹੈ ਕਿ ਖੇਡ ਦੇ ਨਾਂ 'ਤੇ ਖੇਡ ਦੀ ਭਾਵਨਾ ਅਤੇ ਇਸ ਦੇ ਮੁੱਖ ਉਦੇਸ਼ ਮਰ ਰਹੇ ਹਨ। ਫਿਰ ਮਨੁੱਖ ਨੂੰ ਖੇਡਾਂ ਦੇ ਆਮ ਲਾਭਾਂ ਲਈ ਵੀ ਕਿਸੇ ਹੋਰ ਉਦਯੋਗ 'ਤੇ ਨਿਰਭਰ ਰਹਿਣਾ ਪੈਂਦਾ ਹੈ - ਜਿਵੇਂ ਸਿਹਤ ਲਈ ਭਾਰਤ ਵਿੱਚ ਜਿੰਮ ਉਦਯੋਗ ਦਾ ਆਉਣਾ ਖੇਡਾਂ ਦੀ ਮੌਤ ਦਾ ਨਤੀਜਾ ਹੈ। ਇਸ ਤੋਂ ਪਹਿਲਾਂ ਖੇਡਾਂ ਖੇਡਣ ਨਾਲ ਸਰੀਰ ਅਤੇ ਮਨ ਮਜ਼ਬੂਤ ਹੁੰਦੇ ਸਨ।

***

## ਪ੍ਰਧਾਨ ਮੰਤਰੀ ਮੋਦੀ ਦੇ

ਦੁੱਧ, ਸਬਜ਼ੀਆਂ ਅਤੇ ਫਲ਼ਾਂ ਉੱਪਰ ਪਰਿਵਾਰਕ ਖਰਚ ਵਿੱਚ ਕਾਫ਼ੀ ਵਾਧਾ ਹੋਇਆ ਹੈ, ਅਨਾਜ 'ਤੇ ਖਰਚ ਸਥਿਰ ਹੀ ਹੈ। ਸੰਸਾਰ ਭੁੱਖਮਰੀ ਸੂਚਕ ਸਕੇਲ 'ਤੇ ਭਾਰਤ 2023 ਵਿੱਚ 125 ਦੇਸ਼ਾਂ ਵਿਚੋਂ 111 ਵੇਂ ਸਥਾਨ 'ਤੇ ਸੀ ਅਤੇ 2022 ਵਿੱਚ 120 ਦੇਸ਼ਾਂ ਵਿਚੋਂ 107ਵੇਂ ਸਥਾਨ 'ਤੇ। ਜਿਸ ਦੇਸ਼ ਵਿੱਚ ਇੰਨੀ ਵਿਆਪਕ ਤੇ ਗੰਭੀਰ ਭੁੱਖਮਰੀ ਹੋਵੇ, ਉੱਥੋਂ ਦੇ ਲੋਕਾਂ ਦੀ ਸਿਹਤ ਸਥਿਤੀ ਦਾ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਜੇ ਸਿਹਤ ਦੀ ਵੀ ਗੱਲ ਕੀਤੀ ਜਾਵੇ ਤਾਂ ਲੋਕਾਂ ਨੂੰ ਮਿਲ਼ਣ ਵਾਲ਼ਾ ਇਲਾਜ ਨਿੱਜੀ ਹਸਪਤਾਲਾਂ ਤੋਂ ਮਹਿੰਗੇ ਮੁੱਲ ਹੋ ਰਿਹਾ ਹੈ ਕਿਉਂਕਿ ਦੇਸ਼ ਦਾ 80 ਫੀਸਦੀ ਸਿਹਤ ਢਾਂਚਾ ਨਿੱਜੀ ਹੱਥਾਂ ਵਿੱਚ ਹੈ।

ਇੱਕ ਪਾਸੇ ਮੋਦੀ ਸਰਕਾਰ ਆਮ ਲੋਕਾਂ ਨੂੰ ਮਿਲ਼ਣ ਵਾਲ਼ੀਆਂ ਨਿਗੂਣੀਆਂ ਜਿਹੀਆਂ ਜਨਤਕ ਸੇਵਾਵਾਂ ਨੂੰ ਰਿਊੜੀਆਂ ਕਹਿ ਕੇ ਭੰਡਦੀ ਹੈ ਤੇ ਦੂਜੇ ਪਾਸੇ ਸਰਮਾਏਦਾਰਾਂ ਨੂੰ ਖੁੱਲੇ ਗੱਫੇ ਦਿੱਤੇ ਜਾ ਰਹੇ ਹਨ। ਔਕਸਫੈਮ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਉਤਲੇ 1 ਫੀਸਦੀ ਅਮੀਰਾਂ ਕੋਲ਼ ਕੁੱਲ ਦੌਲਤ ਦਾ 40 ਫੀਸਦੀ ਹਿੱਸਾ ਹੈ ਅਤੇ ਹੇਠਲੇ 50 ਫੀਸਦੀ ਲੋਕਾਂ ਕੋਲ਼ ਸਿਰਫ਼ 3 ਫੀਸਦੀ। ਕਰੋਨਾ ਕਾਲ ਦੀ ਸ਼ੁਰੂਆਤ ਤੋਂ ਲੈ ਕੇ ਨਵੰਬਰ 2022 ਤੱਕ ਅਰਬਪਤੀਆਂ ਦੀ ਦੌਲਤ ਹਰ ਦਿਨ 3608 ਕਰੋੜ ਰੁਪਏ ਦੇ ਹਿਸਾਬ ਨਾਲ਼ ਵਧੀ। ਦੂਜੇ ਪਾਸੇ, ਟੈਕਸ ਵਿੱਚ ਹਿੱਸੇਦਾਰੀ ਦੀ ਗੱਲ ਕਰੀਏ ਤਾਂ ਜੀ.ਐੱਸ.ਟੀ ਦਾ 64% ਹੇਠਲੇ 50% ਲੋਕਾਂ ਤੋਂ ਆਇਆ ਜਦੋਂ ਕਿ ਉਤਲੇ 10% ਤੋਂ ਸਿਰਫ਼ 3%। ਜਾਣੀ ਟੈਕਸ ਦਾ ਵੱਡਾ ਬੋਝ ਵੀ ਆਮ ਲੋਕਾਂ ਸਿਰ ਸੁੱਟਿਆ ਜਾ ਰਿਹਾ ਹੈ। ਸਾਲ 2023 'ਚ ਦੁਨੀਆ ਵਿੱਚ ਅਰਬਪਤੀਆਂ ਦੀ ਗਿਣਤੀ 3,384 ਤੋਂ ਘੱਟ ਕੇ 3,112 'ਤੇ ਆ ਗਈ ਹੈ। ਜਦੋਂ ਕਿ ਭਾਰਤ ਵਿੱਚ ਇਹ ਗਿਣਤੀ ਵਧੀ ਹੈ। ਇਹ ਹੈਰਾਨਕੁਨ ਖੁਲਾਸਾ ਹੁਰੁਨ ਰਿਸਰਚ ਇੰਸਟੀਚਿਊਟ ਵੱਲੋਂ ਜਾਰੀ ਸਾਲ 2023 ਲਈ ਗਲੋਬਲ ਰਿਚ ਲਿਸਟ ਵਿੱਚ ਹੋਇਆ ਹੈ। ਇਸ ਸੂਚੀ ਵਿੱਚ ਇਸ ਸਾਲ 16 ਨਵੇਂ ਭਾਰਤੀ ਅਰਬਪਤੀ ਸ਼ਾਮਲ ਹੋਏ ਹਨ। ਇਸ ਦੇ ਨਾਲ ਹੀ ਭਾਰਤੀ ਮੂਲ ਦੇ ਅਰਬਪਤੀਆਂ ਦੀ ਗਿਣਤੀ 217 ਹੋ ਗਈ ਹੈ। ਮੋਦੀ ਦੇ ਰਾਜ ਵਿੱਚ ਅਜਿਹਾ ਪਹਿਲੀ ਵਾਰ ਹੋ ਰਿਹਾ ਹੈ ਕਿ ਦੌਲਤ ਅਤੇ ਗਰੀਬੀ ਇੱਕੋ ਸਮੇਂ ਐਨੀ ਤੇਜੀ ਨਾਲ਼ ਵਧ ਰਹੇ ਹੋਣ। ਇਸ ਤੋਂ ਬਿਨਾਂ ਪਿਛਲੇ 10 ਸਾਲਾ ਦੌਰਾਨ ਮੋਦੀ ਸਰਕਾਰ ਨੇ ਉੱਪਰਲੇ 150 ਵੱਡੇ ਸਰਮਾਏਦਾਰਾਂ ਦਾ 13 ਲੱਖ ਕਰੋੜ ਦਾ ਕਰਜ਼ਾ ਮੁਆਫ਼ ਕੀਤਾ ਹੈ।

ਭਾਰਤ ਵਿੱਚ ਬਹੁਗਿਣਤੀ ਲੋਕ ਅੱਜ ਵੀ ਬਹੁਤ ਨਾਜ਼ਕ ਆਰਥਿਕ ਹਾਲਤ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਨੂੰ ਜਿੱਥੇ ਭੁੱਖਮਰੀ ਤੇ ਕੁ ਪੋਸ਼ਣ ਵਰਗੀਆਂ ਅਲਾਮਤਾਂ ਦਾ ਮੁਕਾਬਲਾ ਕਰਨਾ ਪੈ ਰਿਹਾ ਹੈ, ਉੱਥੇ ਬੇਰੁਜ਼ਗਾਰੀ, ਅਰਧ ਤੇ ਲੁਕਵੀਂ ਬੇਰੁਜ਼ਗਾਰੀ, ਘੱਟ ਉਜਰਤਾਂ ਉੱਪਰ ਰੁਜ਼ਗਾਰ, ਮਾੜੀਆਂ ਕੰਮ ਹਾਲਤਾਂ, ਸਮਾਜਿਕ ਅਸੁਰੱਖਿਆ, ਜਾਤੀਗਤ ਤੇ ਧਾਰਮਿਕ ਵਿਤਕਰਾ ਅਤੇ ਬਦਹਾਲ ਸਰਕਾਰੀ ਸਿੱਖਿਆ ਤੇ ਸਿਹਤ ਤੰਤਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਹਾਲਾਤ ਟੋਹ ਦਿੰਦੇ ਹਨ ਕਿ ਆਮ/ਔਸਤ ਭਾਰਤੀ ਨਾਗਰਿਕ ਕਿੰਨਾ ਕੁ ਸੁਖਮਈ, ਖ਼ੁਸ਼ਹਾਲ ਤੇ ਸੰਤੁਸ਼ਟ ਜੀਵਨ ਜੀਅ ਰਿਹਾ ਹੈ। ਸੰਸਾਰ ਪ੍ਰਸੰਨਤਾ ਸੂਚਕ ਸਕੇਲ 'ਤੇ ਭਾਰਤ 146 ਦੇਸ਼ਾਂ ਦੀ ਸੂਚੀ ਵਿਚ 126ਵੇਂ ਸਥਾਨ 'ਤੇ ਹੈ।

***

## ਨਿਊਯਾਰਕ ਅਤੇ ਸੈਨ ਫਰਾਂਸਿਸਕੋ ਸਮੇਤ

ਵਿੱਚ ਇਨ੍ਹਾਂ ਸਾਰੇ ਕਾਰਕਾਂ ਦੇ ਮਿਲਣ ਕਾਰਣ ਤੱਟਵਰਤੀ ਖੇਤਰਾਂ ਵਿੱਚ ਜ਼ਮੀਨ ਦੇ ਡੁੱਬਣ ਦਾ ਕਾਰਨ ਬਣ ਰਹੇ ਹਨ: ਮਹਾਨਗਰ ਵਿੱਚ ਜ਼ਮੀਨ ਧਸ ਰਹੀ ਹੈ। ਸ਼ਹਿਰਾਂ ਹੇਠਲੀ ਜ਼ਮੀਨ ਖੋਖਲੀ ਹੋ ਗਈ ਹੈ। ਇਸ ਸਭ ਦੇ ਕਾਰਨ, ਤੱਟਵਰਤੀ ਸ਼ਹਿਰ ਹਰ ਸਾਲ 0.2 ਇੰਚ (5 ਮਿਲੀਮੀਟਰ) ਤਕ ਡੁੱਬਣ ਲੱਗੇ ਹਨ, ਜਿਸ ਤੋਂ ਪ੍ਰਭਾਵਿਤ ਖੇਤਰਾਂ ਦੇ ਆਲੇ ਦੁਆਲੇ ਸਮੁੰਦਰ ਦੇ ਪੱਧਰ ਵਿੱਚ ਤਬਦੀਲੀ ਤਿੰਨ ਗੁਣਾ ਹੋ ਚੁੱਕੀ ਹੈ।

ਜੇਕਰ ਕੋਈ ਉਚਿਤ ਕਦਮ ਨਹੀਂ ਚੁੱਕੇ ਜਾਂਦੇ, ਤਾਂ ਯੂ.ਐੱਸ. ਤੱਟਾਂ ਦੇ ਨਾਲ 280,000 ਸੰਪਤੀਆਂ ਵਿੱਚ ਰਹਿਣ ਵਾਲੇ ਹਰ 50 ਵਿੱਚੋਂ 1 ਵਿਅਕਤੀ ਪ੍ਰਭਾਵਿਤ ਹੋਵੇਗਾ। ਇਸ ਤੋਂ ਬਚਣ ਲਈ, ਅਮਰੀਕਾ ਨੂੰ ਵਾਧੂ ਜ਼ਮੀਨ ਖਿਸਕਣ ਨੂੰ ਰੋਕਣ ਦੇ ਨਾਲ-ਨਾਲ ਤੱਟਵਰਤੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਕੁਦਰਤੀ ਗੈਸ ਅਤੇ ਭੂਮੀਗਤ ਪਾਣੀ ਦੀ ਨਿਕਾਸੀ ਨੂੰ ਸੀਮਤ ਕਰਨ ਦੀ ਲੋੜ ਹੋਵੇਗੀ। ਭੂਮੀ ਦਾ ਧਸਣਾ ਸਿਰਫ਼ ਅਮਰੀਕਾ ਲਈ ਇੱਕ ਸਮੱਸਿਆ ਨਹੀਂ ਹੈ, ਵਿਸ਼ਵ ਪੱਧਰ ਦਾ ਸੰਕਟ ਹੈ। ਜ਼ਮੀਨ ਧੱਸਣ ਕਾਰਨ ਜ਼ਮੀਨ ਦੇ ਡੁੱਬਣ ਨਾਲ 2040 ਤੱਕ ਵਿਸ਼ਵ ਦੀ 19% ਆਬਾਦੀ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ।

***

## ਭਾਰਤ ਦੀ ਰਾਜਨੀਤੀ ਵਿੱਚ

ਸਿੱਖਾਂ ਨੂੰ ਯਹੂਦੀ ਇਤਿਹਾਸ ਤੋਂ ਇਹ ਸਬਕ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਦੋ-ਢਾਈ ਹਜ਼ਾਰ ਸਾਲ ਬਗੈਰ ਰਾਜ ਆਪਣੇ ਆਪ ਨੂੰ ਬਚਾਏ ਹੀ ਨਹੀਂ ਰੱਖਿਆ, ਸਗੋਂ ਪ੍ਰਫੁੱਲਤ ਵੀ ਕੀਤਾ। ਜਿਸ ਦੇ ਨਤੀਜੇ ਵਜੋਂ ਅਸੀਂ ਅੱਜ ਦੇਖ ਰਹੇ ਹਾਂ ਕਿ ਯਹੂਦੀ ਸਾਰੇ ਸੰਸਾਰ ਵਿਚ ਛਾਏ ਹੋਏ ਹਨ। ਇਸ ਲਈ ਸਿੱਖ ਲੀਡਰਸ਼ਿਪ, ਬਾਕੀ ਪਾਰਟੀਆਂ ਵਿੱਚ ਮੌਜੂਦ ਸਿੱਖ ਨੇਤਾਵਾਂ, ਸਾਡੇ ਧਾਰਮਿਕ ਰਾਹਨੁਮਾਵਾਂ ਤੇ ਬੁੱਧੀਜੀਵੀਆਂ ਨੂੰ ਜ਼ਰੂਰ ਸੋਚਣਾ ਚਾਹੀਦਾ ਹੈ ਕਿ ਸਿੱਖਾਂ ਨੂੰ ਪੰਜਾਬ ਤੋਂ ਬਾਹਰ ਰਾਜ ਭਾਗ ਵਿੱਚ ਹਿੱਸੇਦਾਰ ਕਿਵੇਂ ਬਣਾਇਆ ਜਾਵੇ ਤੇ ਭਾਰਤ ਭਰ ਵਿੱਚ ਸਿੱਖਾਂ ਦੀ ਪਹਿਲਾਂ ਵਾਲੀ ਸ਼ਾਨ ਕਿਵੇਂ ਬਹਾਲ ਕੀਤੀ ਜਾ ਸਕਦੀ ਹੈ।

***

## ਕੈਨੇਡਾ ਦੇ ਸਿਸਟਮ ਦੀ

ਡਾਕਟਰ ਇਮਾਨਦਾਰ ਤੇ ਸਮਰਪਿਤ ਹਨ। ਇਲਾਜ ਮੁਫ਼ਤ ਹੈ। ਵਿਜ਼ਟਰ ਵੀਜ਼ੇ 'ਤੇ ਆਏ ਲੋਕਾਂ ਲਈ ਬਿਨਾਂ ਬੀਮੇ ਤੋਂ ਇਲਾਜ ਮਹਿੰਗਾ ਹੈ। ਹਸਪਤਾਲਾਂ ਤੇ ਉਨ੍ਹਾਂ ਦੇ ਪਖਾਨਿਆਂ ਦੀ ਸਫ਼ਾਈ ਵੇਖਣ ਵਾਲੀ ਹੁੰਦੀ ਹੈ। ਕੈਨੇਡਾ 'ਚ ਕੋਈ ਵੀ ਵਿਅਕਤੀ ਵਿਹਲਾ ਨਹੀਂ ਰਹਿ ਸਕਦਾ। ਵਿਆਹਾਂ 'ਤੇ ਨਾ ਤਾਂ ਲੱਖਾਂ ਰੁਪਏ ਖ਼ਰਚ ਕੀਤੇ ਜਾਂਦੇ ਹਨ ਤੇ ਨਾ ਹੀ ਲੋਕਾਂ ਦੀ ਭੀੜ ਇਕੱਠੀ ਕੀਤੀ ਜਾਂਦੀ ਹੈ। ਹਰ ਘਰ ਅੱਗੇ ਮਹਿੰਗੀ ਗੱਡੀ ਖੜ੍ਹੀ ਮਿਲਦੀ ਹੈ। ਸਾਡੇ ਦੇਸ਼ ਦੀ ਇਨ੍ਹਾਂ ਮੁਲਕਾਂ ਵਰਗੀ ਪਛਾਣ ਕਦੋਂ ਬਣੇਗੀ ਤੇ ਲੋਕ ਵਿਦੇਸ਼ਾਂ 'ਚ ਜਾ ਕੇ ਵਸਣ ਨਾਲੋਂ ਆਪਣੇ ਦੇਸ਼ 'ਚ ਵਸਣ ਨੂੰ ਕਦੋਂ ਪਹਿਲ ਦੇਣਗੇ।

***

## ਚਿੰਤਾਜਨਕ ਹੈ ਲੋਕਤੰਤਰ

ਸ਼ਾਸਨ ਦੀਆਂ ਹੋਰ ਪ੍ਰਣਾਲੀਆਂ ਕੁਝ ਬੇਮਿਸਾਲ ਮਾਮਲਿਆਂ ਵਿੱਚ ਚੰਗੀਆਂ ਸਾਬਤ ਹੋਈਆਂ ਹੋਣਗੀਆਂ ਅਤੇ ਉਹ ਵੀ ਥੋੜ੍ਹੇ ਸਮੇਂ ਲਈ, ਪਰ ਜੇਕਰ ਵਿਆਪਕ ਤੌਰ 'ਤੇ ਅਤੇ ਸੰਪੂਰਨ ਤੌਰ 'ਤੇ ਦੇਖਿਆ ਜਾਵੇ ਤਾਂ ਹੋਰ ਕਿਸਮ ਦੀਆਂ ਪ੍ਰਣਾਲੀਆਂ ਨੇ ਲੋਕਾਂ ਦਾ ਸ਼ੋਸ਼ਣ ਅਤੇ ਜ਼ੁਲਮ ਹੀ ਕੀਤਾ ਹੈ। ਸਰਕਾਰ ਚਲਾਉਣ ਦੇ ਇਹ ਤਰੀਕੇ ਕੁਝ ਕੁ ਲੋਕਾਂ ਲਈ ਹੀ ਫਾਇਦੇਮੰਦ ਹਨ। ਇਨ੍ਹਾਂ ਨਾਲ ਸਮੂਹਿਕ ਵਿਕਾਸ ਬਿਲਕੁਲ ਵੀ ਸੰਭਵ ਨਹੀਂ ਹੈ। ਇਹੀ ਕਾਰਨ ਹੈ ਕਿ ਸਾਰੇ ਸੰਸਾਰ ਨੇ ਹੋਰ ਢੰਗਾਂ ਨੂੰ ਛੱਡ ਕੇ ਇਸ ਨੂੰ ਅਪਣਾ ਲਿਆ ਹੈ।

ਇਹ ਸਰਵੇਖਣ ਭਾਰਤ ਦੇ ਸੰਦਰਭ ਵਿੱਚ ਵੀ ਪ੍ਰਸੰਗਿਕ ਹੈ ਜਿੱਥੇ ਇੱਕ ਖਾਸ ਮਕਸਦ ਲਈ ਲੋਕਤੰਤਰ ਦੇ ਖ਼ਿਲਾਫ਼ ਆਵਾਜ਼ ਉਠਾਈ ਜਾ ਰਹੀ ਹੈ। ਲੋਕਾਂ ਵਿੱਚ ਇੱਕ ਨਵੀਂ ਦਿਲਚਸਪੀ ਝਲਕ ਰਹੀ ਹੈ ਜਿਸ ਵਿੱਚ ਲੋਕਤੰਤਰ ਨੂੰ ਨਕਾਰਿਆ ਜਾਂਦਾ ਹੈ ਅਤੇ ਤਾਨਾਸ਼ਾਹੀ ਦੀ ਗੱਲ ਕੀਤੀ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਕੁਝ ਲੋਕਾਂ ਨੂੰ ਖ਼ੁਸ਼ ਕਰਨ ਲਈ ਦੇਸ਼ ਵਿੱਚ ਲੋਕਤੰਤਰ ਲਾਗੂ ਕੀਤਾ ਗਿਆ ਹੈ। ਇਸ ਦੇ ਨਾਲ ਹੀ ਲੋਕਤੰਤਰ ਨੂੰ ਸਮੂਹਿਕ ਸੰਪਤੀ ਸਮਝਣ ਦੀ ਬਜਾਏ ਇਸ 'ਤੇ ਬਹੁਗਿਣਤੀ ਵਰਗ ਅਤੇ ਭਾਈਚਾਰੇ ਦੀ ਅਜਾਰੇਦਾਰੀ ਨੂੰ ਜਾਇਜ਼ ਦੱਸਿਆ ਜਾ ਰਿਹਾ ਹੈ। ਇਹ ਇੱਕ ਬਹੁਤ ਹੀ ਖ਼ਤਰਨਾਕ ਰੁਝਾਨ ਹੈ ਜਿਸ ਵਿਰੁੱਧ ਕੰਮ ਕਰਨ ਦੀ ਲੋੜ ਹੈ। ਲੋਕਤੰਤਰ ਨੂੰ ਜ਼ਿੰਦਾ ਰੱਖਣਾ ਲੋਕ ਹਿੱਤ ਵਿੱਚ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com